## ਅਧਿਆਇ 20

# ਦੂਸਰੀ ਮੌਤ

ਪਰਕਾਸ਼ ਦੀ ਪੋਥੀ 20 ਅਧਿਆਇ ਦੇ ਸੰਬੰਧ ਵਿਚ, ਜੀ. ਬੀ. ਕੇਅਰਡ ਨੇ ਲਿਖਿਆ, "ਹੁਣ ਅਸੀਂ ਇੱਕ ਅਜਿਹੇ ਹਵਾਲੇ ਵਿਚ ਪਹੁੰਚੇ ਹਾਂ ਜੋ . . . ਵਹਿਮੀ ਅਤੇ ਅਜੀਬ ਵਿਅਕਤੀਆਂ ਦਾ ਸਵਰਗ ਰਿਹਾ ਹੈ . . . ।"[1] ਜੌਨ ਰਿਸੇ ਨੇ ਇਸ ਨੂੰ "ਸਨਕੀਆਂ ਦੇ ਲਈ ਇੱਕ ਖੇਡ ਦਾ ਮੈਦਾਨ" ਕਿਹਾ।[2] ਇਸ "ਖੇਡ ਦੇ ਮੈਦਾਨ" ਦੀ ਮੁੱਖ ਵਿਸ਼ੇਸ਼ਤਾ ਅਧਿਆਇ ਵਿਚ "ਹਜ਼ਾਰ ਸਾਲ" ਦਾ ਜ਼ਿਕਰ ਹੈ। ਫਰੈਂਕ ਪੈਕ ਨੇ ਕਿਹਾ, "ਇਹ ਕੁਝ ਆਇਤਾਂ ਬਹੁਤ ਸਾਰੇ ਲੋਕਾਂ ਦੇ ਦੁਆਰਾ ਸੰਪੂਰਣ ਬਾਈਬਲ ਦੇ ਸਭ ਤੋਂ ਮਹੱਤਵਪੂਰਣ ਹਿੱਸੇ ਦੇ ਰੂਪ ਵਿਚ ਅਤੇ ਸੰਪੂਰਣ ਲਿਖਤਾਂ ਦੀ ਵਿਆਖਿਆ ਕਰਨ ਦੀ ਕੁੰਜੀ ਵਜੋਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ।"[3]

ਪਰਕਾਸ਼ ਦੀ ਪੋਥੀ 20 ਅਧਿਆਇ ਮਹੱਤਵਪੂਰਣ ਹੈ, ਪਰ ਇਸ ਲਈ ਨਹੀਂ ਕਿਉਂਕਿ ਇਹ ਹਜ਼ਾਰ ਸਾਲ ਦੇ ਪ੍ਰਤੀਕ ਦਾ ਇਸਤੇਮਾਲ ਕਰਦਾ ਹੈ। "ਮਿਲੀਨੀਅਮ" (ਹਜ਼ਾਰ ਸਾਲ ਦਾ ਰਾਜ) ਨੂੰ ਦਿੱਤੇ ਗਏ ਧਿਆਨ ਨੂੰ ਬਾਈਬਲ ਵਿਚ ਦਿੱਤੇ ਗਏ ਜ਼ੋਰ ਦੇਣ ਦੇ ਅਨੁਪਾਤ ਤੋਂ ਕਾਫੀ ਬਾਹਰ ਕੀਤਾ ਗਿਆ ਹੈ। ਡਗਲਸ ਏਜ਼ਲ ਦੇ ਅਨੁਸਾਰ, ਇੱਕ ਬੁਰਸ਼ ਦੇ ਨਿਸ਼ਾਨ ਦੇ ਆਕਰਸ਼ਣ ਨੇ ਬਹੁਤ ਸਾਰੇ ਲੋਕਾਂ ਦੇ ਧਿਆਨ ਨੂੰ ਚਿੱਤਰ ਦੇ ਪ੍ਰੇਰਣਾ ਦੇਣ ਵਾਲੇ ਪੱਖ ਤੋਂ ਹਟਾ ਦਿੱਤਾ ਹੈ। ਉਸ ਨੇ ਕਿਹਾ, "ਇਹ ਕੁੱਤੇ ਦੁਆਰਾ ਪੂਛ ਹਿਲਾਉਣ ਦੀ ਸਥਿਤੀ ਹੈ।"[4]

ਪਰਕਾਸ਼ ਦੀ ਪੋਥੀ 20 ਅਧਿਆਇ ਦੇ ਆਸ-ਪਾਸ ਵਿਵਾਦ ਦੇ ਕਾਰਨ, ਜ਼ਿਆਦਾ ਸਥਾਨ "ਮਿਲੀਨਿਅਮ ਦੇ ਸਵਾਲ" ਨੂੰ ਸਮਰਪਿਤ ਹੋ ਸਕਦਾ ਹੈ ਜੋ ਕਿ ਵਧੇਰੇ ਲੋੜੀਂਦਾ ਹੈ। ਉਮੀਦ ਹੈ ਕਿ, ਇਹ ਵਿਸਥਾਰਪੂਰਵਕ ਵਿਹਾਰ ਅਧਿਆਇ ਦੇ ਜੇਤੂ ਸੰਦੇਸ਼ ਨੂੰ ਪ੍ਰਭਾਵਿਤ ਨਹੀਂ ਕਰੇਗਾ। ਡਬਲਿਯੂ. ਬੀ. ਵੈਸਟ, ਜੂਨੀਅਰ, ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਤੁਸੀਂ ਪਹਿਲੀ ਸਦੀ ਦਾ ਚਸ਼ਮਾ ਲਗਾ ਕੇ ਇਸ ਦਾ ਅਧਿਐਨ ਕਰੋ ਤਾਂ ਪਰਕਾਸ਼ ਦੀ ਪੋਥੀ 20 ਅਧਿਆਇ "ਸਮਝਣ ਵਿਚ ਸਭ ਤੋਂ ਅਸਾਨ ਅਧਿਆਵਾਂ ਵਿਚੋਂ ਇੱਕ ਹੈ।"[5] ਹੋ ਸਕਦਾ ਹੈ ਕਿ ਉਸ ਨੇ ਇਸ ਮਾਮਲੇ ਨੂੰ ਵਧਾ-ਚੜ੍ਹਾ ਕੇ ਦੱਸਿਆ ਹੋਵੇ; ਪਰ, ਜਦੋਂ ਤਕ ਅਸੀਂ ਹੇਠਾਂ ਦਿੱਤੇ ਸਿਧਾਂਤਾਂ ਦੀ ਪਾਲਣਾ ਕਰਦੇ ਹਾਂ, ਉਦੋਂ ਤਕ ਇਹ ਉਨ੍ਹਾਂ ਮੁਸ਼ਕਲ ਨਹੀਂ ਹੋਵੇਗਾ ਜਿਨ੍ਹਾਂ ਕੁਝ ਲੋਕ ਦਿਖਾਉਂਦੇ ਹਨ। ਸਭ ਤੋਂ ਪਹਿਲਾਂ, ਯਾਦ ਰੱਖੋ ਕਿ ਪਰਕਾਸ਼ ਦੀ ਪੋਥੀ ਇੱਕ ਰਹੱਸਮਈ ਪੁਸਤਕ ਹੈ, ਜੋ ਆਪਣੇ ਸੰਦੇਸ਼ ਨੂੰ ਪ੍ਰਤੀਕਾਂ ਦੇ ਦੁਆਰਾ ਦੱਸਦੀ ਹੈ।

ਜਿਵੇਂ ਜਿਮ ਮੈਕ ਗਿਊਗਨ ਨੇ ਦੱਸਿਆ ਹੈ, ਕਿ ਸਾਨੂੰ ਜ਼ਰੂਰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ "ਅਸੀਂ ਚਿੱਤਰਾਂ ਨੂੰ ਵੇਖ ਰਹੇ ਹਾਂ" – ਅਤੇ ਹਰ ਵਾਰ ਜਦੋਂ ਅਸੀਂ ਚਿੱਤਰਾਂ ਵਿਚੋਂ ਇੱਕ ਨੂੰ ਵੇਖਦੇ ਹਾਂ, "ਤਾਂ ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਇਹ ਇੱਕ ਚਿੱਤਰ ਹੈ, ਪਰ ਇਸ ਦੇ ਦੁਆਰਾ ਸਿਖਾਈ ਗਈ ਸੱਚਾਈ ਕੀ ਹੈ?"[6] ਇਸ ਸੰਬੰਧ ਵਿਚ, ਅਧਿਆਇ 20 ਪਰਕਾਸ਼ ਦੀ ਪੋਥੀ ਦੇ ਹੋਰ ਕਿਸੇ ਵੀ ਅਧਿਆਇ ਤੋਂ ਅਲੱਗ ਨਹੀਂ ਹੈ।

ਦੂਸਰਾ, ਇਸ ਗੱਲ ਨੂੰ ਯਾਦ ਰੱਖੋ ਕਿ ਪਰਕਾਸ਼ ਦੀ ਪੋਥੀ ਇੱਕ ਸਖਤ ਕਾਲਕ੍ਰਮ ਨੂੰ

ਉਸਾਰਣ ਦੇ ਵਿਚ ਕੋਈ ਕੋਸ਼ਿਸ਼ ਨਹੀਂ ਕਰਦੀ ਹੈ। ਪੁਸਤਕ ਸ਼ੁਰੂ ਤੋਂ ਲੈ ਕੇ ਅੰਤ ਤਕ ਕਾਲਕ੍ਰਮ ਅਨੁਸਾਰ *ਨਹੀਂ* ਹੈ। ਉਦਾਹਰਣ ਦੇ ਤੌਰ ਤੇ, ਅਧਿਆਇ 12 ਕਾਲਕ੍ਰਮ ਦੇ ਅਨੁਸਾਰ ਹਰ ਤਰ੍ਹਾਂ ਦੇ ਨਾਲ ਯਿਸੂ ਦੇ ਜਨਮ ਦਾ ਸਮਰਥਨ ਕਰਦਾ ਹੈ, ਭਾਵੇਂ ਇਹ ਪਰਕਾਸ਼ ਦੀ ਪੋਥੀ ਦਾ ਅੱਧ ਵਿਚ ਆਉਂਦਾ ਹੈ। ਅਸਲ ਵਿਚ, ਪੁਸਤਕ ਵਿਚ ਸਮੇਂ ਵਿਸ਼ੇਸ਼ ਮਿਆਦ ਨੂੰ, ਥੋੜੇ ਥੋੜੇ ਵੱਖਰੇ ਵਿਚਾਰਾਂ ਦੇ ਦੁਆਰਾ ਬਾਰ ਬਾਰ ਕਵਰ ਕੀਤਾ ਗਿਆ ਹੈ। ਪਰਕਾਸ਼ ਦੀ ਪੋਥੀ ਦੀ ਸਧਾਰਣ ਰੂਪ-ਰੇਖਾ ਵਿਚ (ਵੇਖੋ *ਜਾਣ-ਪਛਾਣ, ਸੰਦੇਸ਼, ਸੰਦੇਸ਼ ਦਾ ਵਿਕਸਤ ਹੋਣਾ* ), ਅਧਿਆਇ 17 ਤੋਂ 19 ਨੂੰ ਇੱਕ ਭਾਗ ਦੇ ਰੂਪ ਵਿਚ ਸੂਚੀਬੱਧ ਕੀਤਾ ਗਿਆ ਸੀ ("ਕਲੀਸੀਆ ਦੇ ਜ਼ਿਆਦਾਤਰ ਦੁਸ਼ਮਣਾਂ ਦਾ ਨਾਸ"), ਜਦਕਿ ਅਧਿਆਇ 20 ਤੋਂ 22 ਨਵੇਂ ਭਾਗ ਦਾ ਗਠਨ ਕਰਦੇ ਹਨ ("ਨਵੇਂ ਅਕਾਸ਼ ਅਤੇ ਨਵੀਂ ਧਰਤੀ ਤੋਂ ਬਾਅਦ ਅਜਗਰ ਦਾ ਵਿਨਾਸ")। ਦੂਜੇ ਸ਼ਬਦਾਂ ਵਿਚ, ਮੂਲ ਲਿਖਤ ਅਧਿਆਇ 20 ਤੋਂ ਕਾਲਕ੍ਰਮ ਦੇ ਅਨੁਸਾਰ ਸ਼ੁਰੂ ਹੋ ਜਾਂਦਾ ਹੈ।

ਇਹ ਮਹੱਤਵਪੂਰਣ ਕਿਉਂ ਹੈ? ਕਿਉਂਕਿ ਝੂਠੀਆਂ ਸਿਥਿਤੀਆਂ ਮੰਨ ਸਕਦੀਆਂ ਹਨ ਕਿ ਕਾਲਕ੍ਰਮ ਦੇ ਅਨੁਸਾਰ ਅਧਿਆਇ 20 ਅਧਿਆਇ 19 ਦੀ ਪਾਲਣਾ ਕਰਦਾ ਹੈ, ਅਤੇ ਇਹ ਕਿ ਅਧਿਆਇ 20 ਵਿਚਲੇ ਤੱਤ ਕਾਲਕ੍ਰਮ ਦੇ ਅਨੁਸਾਰ ਹਨ। ਉਦਾਹਰਣ ਦੇ ਲਈ, ਕੁਝ ਲੋਕਾਂ ਦਾ ਕਹਿਣਾ ਹੈ ਕਿ ਅਧਿਆਇ 19 ਦੂਸਰੀ ਆਮਦ ਦਾ ਵਰਣਨ ਕਰਦਾ ਹੈ, ਜਿਸ ਦੀ ਬਾਅਦ ਵਿਚ ਅਧਿਆਇ 20 ਵਿਚ ਕਾਲਕ੍ਰਮ ਦੇ ਅਨੁਸਾਰ ਸ਼ਤਾਨ ਨੂੰ ਬੰਨ੍ਹਣ ਦੇ ਦੁਆਰਾ ਪਾਲਣਾ ਕੀਤੀ ਜਾਂਦੀ ਹੈ। ਉਹ ਕਹਿੰਦੇ ਹਨ ਕਿ, ਇਸ ਦੇ ਬਦਲੇ, ਇਹ ਹਜ਼ਾਰ ਸਾਲ ਦੇ ਰਾਜ ਤੋਂ ਬਾਅਦ, "ਥੋੜੇ ਚਿਰ" ਦਾ ਸਮਾਂ (20:3; KJV), ਅਤੇ ਨਿਆਂ ਹੋਵੇਗਾ। ਪਰ, ਮੂਲਲਿਖਤ ਕਾਲਕ੍ਰਮ ਦ੍ਰਿਸ਼ਟੀਕੋਣ ਦੇ ਅਨੁਸਾਰ ਨਹੀਂ ਹੈ। ਜਿਵੇਂ ਵੇਖਿਆ ਜਾਵੇਗਾ, ਅਧਿਆਇ 20 ਵਿਚ ਸ਼ਤਾਨ ਦਾ ਬੰਨ੍ਹਣਾ ਯਿਸੂ ਦੀ ਧਰਤੀ ਉੱਤੇ ਸੇਵਕਾਈ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਫਿਰ ਅਧਿਆਇ ਉਸ "ਯੁੱਧ" ਦੇ ਨਾਲ ਖਤਮ ਹੁੰਦਾ ਹੈ ਜਿਸ ਦੇ ਨਾਲ ਅਧਿਆਇ 19 ਖਤਮ ਹੁੰਦਾ ਹੈ।

ਇੱਥੇ ਵਿਚਾਰ ਕਰਨ ਦੇ ਲਈ ਇੱਕ ਬਿੰਦੂ ਹੈ ਕਿ ਅਧਿਆਇ 19 ਕਾਲਕ੍ਰਮ ਦੇ ਅਨੁਸਾਰ ਅਧਿਆਇ 20 ਦੇ ਬਾਅਦ ਆਉਂਦਾ ਹੈ ਜਾਂ ਨਹੀਂ: ਅਧਿਆਇ 19 ਦੇ ਵਿੱਚ ਪੰਛੀਆਂ ਨੂੰ ਦਾਅਵਤ ਦੇ ਲਈ ਬੁਲਾਇਆ ਗਿਆ ਕਿ ". . . ਕੀ ਛੋਟਿਆਂ ਕੀ ਵੱਡਿਆਂ, *ਸਭਨਾਂ* ਦਾ ਮਾਸ ਛਕੋ" (19:18; ਜ਼ੋਰ ਦਿੱਤਾ ਗਿਆ ਹੈ), ਜੋ ਉਨ੍ਹਾਂ ਨੇ ਕੀਤਾ (19:21)। ਜੇਕਰ "ਸਭਨਾਂ" ਦਾ ਨਾਸ ਕੀਤਾ ਗਿਆ ਅਤੇ ਅਧਿਆਇ 20 ਕਾਲਕ੍ਰਮ ਅਨੁਸਾਰ ਅਧਿਆਇ 19 ਤੋਂ ਬਾਅਦ ਆਉਂਦਾ ਸੀ, ਤਾਂ "ਕੌਮਾਂ" ਕੌਣ ਸਨ ਕਿ ਸ਼ਤਾਨ ਉਨ੍ਹਾਂ ਨੂੰ ਉਸ ਸਮੇਂ ਧੋਖਾ ਦੇ ਰਿਹਾ ਸੀ ਜਦੋਂ ਉਹ ਬੰਨ੍ਹਿਆ ਹੋਇਆ ਸੀ (20:3)? ਕੁਝ ਪ੍ਰੀਮਿਲਿਅਨਿਸਟ (ਹਜ਼ਾਰ ਸਾਲਾ ਰਾਜ ਨੂੰ ਮੰਨਣ ਵਾਲੇ) ਇਸ ਗੱਲ ਨੂੰ ਸਮਝਦੇ ਹਨ ਕਿ ਇਹ ਪ੍ਰਸ਼ਨ ਇੱਕ ਸਮੱਸਿਆ ਹੈ ਅਤੇ ਅਧਿਆਇ 19 ਵਿਚ ਨਾਸ ਨਹੀਂ ਕੀਤੇ ਗਏ ਰੋਮੀ ਸਾਮਰਾਜ ਦੇ "ਬੰਨ੍ਹਿਆਂ ਦੇ" ਲੋਕਾਂ ਵਿਸ਼ੇ ਵਿਚ ਗੱਲ ਕਰਦੇ ਹਨ, ਭਾਵੇਂ ਮੂਲਲਿਖਤ ਵਿਚ ਇਸ ਵਿਆਖਿਆ ਦੇ ਬਾਰੇ ਕੋਈ ਸਬੂਤ ਨਹੀਂ ਹੈ।

ਅਧਿਆਇ 19 ਅਤੇ 20 ਦੀ ਵਿਵਸਥਾ ਕਾਲਕ੍ਰਮ ਦੇ ਅਨੁਸਾਰ ਨਹੀਂ ਹੈ, ਪਰ ਤਰਕਪੂਰਣ ਹੈ। ਇਹ ਮੂਲਲਿਖਤ ਦਾ ਚਰਮ ਸੀਮਾ ਨਿਰਮਾਣ ਕੀਤਾ ਗਿਆ ਹੈ। ਲੇਲੇ ਦੇ ਦੁਸ਼ਮਣ ਇਸ ਕ੍ਰਮ ਵਿਚ ਪੇਸ਼ ਕੀਤੇ ਗਏ ਸਨ: ਅਜਗਰ, ਦੋ ਦਰਿੰਦੇ, ਅਤੇ ਵੱਡੀ ਨਗਰੀ ਬਾਬੁਲ। ਉਲਟੇ ਕ੍ਰਮ ਵਿਚ, ਉਹ ਆਪਣੀ ਤਬਾਹੀ ਨੂੰ ਪਹੁੰਚੇ: ਵੱਡੀ ਨਗਰੀ ਬਾਬੁਲ ਅਧਿਆਇ 17 ਅਤੇ 18 ਵਿਚ, ਦੋ ਦਰਿੰਦੇ ਅਧਿਆਇ 19 ਵਿਚ। ਇਹ ਅਜਗਰ ਦੇ ਪਤਨ ਦਾ ਸਮਾਂ ਸੀ। ਇਹ *ਜ਼ਰੂਰੀ* ਸੀ ਕਿ ਉਹ ਡਿੱਗੇ। ਉਹ ਦੂਜੇ ਦੁਸ਼ਮਣਾਂ ਦੇ ਪਿੱਛੇ ਦੀ ਸ਼ਕਤੀ ਸੀ। ਸਥਾਈ ਮੂਲ ਦਾ ਕੋਈ ਵੀ ਕੰਮ ਪੂਰਾ ਨਹੀਂ ਹੋਣਾ ਸੀ ਜਦੋਂ ਤਕ ਉਸ ਨੂੰ ਰੋਕਿਆ ਨਾ ਜਾਂਦਾ। ਜੇਕਰ ਉਸ ਨੂੰ ਸਜ਼ਾ ਤੋਂ ਬਚਣ ਦੀ ਇਜਾਜ਼ਤ

ਦਿੱਤੀ ਜਾਂਦੀ ਹੈ, ਤਾਂ ਉਸ ਨੇ ਸਿਰਫ ਪਰਮੇਸ਼ੁਰ ਦੇ ਲੋਕਾਂ ਨੂੰ ਸਤਾਉਣ ਦੇ ਹਥਿਆਰ ਹੀ ਲੱਭੇਗਾ।

ਰੇ ਸਮਰਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਸ ਅਧਿਆਇ ਦੀਆਂ ਪਹਿਲੀਆਂ ਦਸ ਆਇਤਾਂ ਦਾ ਮੁੱਖ ਵਿਸ਼ਾ "*ਸ਼ਤਾਨ ਦਾ ਨਾਸ* ਹੈ, ਨਾ ਕਿ ਹਜ਼ਾਰ ਸਾਲਾ ਰਾਜ।"[7] "ਹਜ਼ਾਰ ਸਾਲ ਦਾ ਰਾਜ" ਪ੍ਰਤੀਕਵਾਦ ਇਸ ਦੇ ਲਈ ਗੈਰ-ਜ਼ਰੂਰੀ ਹੈ।

ਅਧਿਆਇ 20 ਦੇ ਮਹੱਤਵ ਅਤੇ ਜੋਸ਼-ਖਰੋਸ਼ ਨੂੰ ਸ਼ਬਦਾਂ ਵਿਚ ਬਿਆਨ ਕਰ ਸਕਣਾ ਮੁਸ਼ਕਲ ਹੈ। ਮੁਸ਼ਕਲ ਇਹ ਨਹੀਂ ਹੈ ਕਿ ਹਵਾਲਾ ਇੱਕ ਹਜ਼ਾਰ ਸਾਲ ਦੇ ਰਾਜ ਦਾ ਉਲੇਖ ਕਰਦਾ ਹੈ, ਪਰ ਇਹ ਹੈ ਕਿ ਇਹ ਸ਼ਤਾਨ ਦੇ ਨਾਸ ਦੀ ਗੱਲ ਕਰਦਾ ਹੈ: ਉਹ ਸ਼ਤਾਨ, ਜਿਸ ਨੇ ਹੱਵਾਹ ਨੂੰ ਭਰਮਾਇਆ ਸੀ ਅਤੇ ਸੰਸਾਰ ਨੂੰ ਸਰਾਪ ਵਿਚ ਪਾ ਦਿੱਤਾ ਸੀ (ਉਤਪਤ 3); ਸ਼ਤਾਨ, ਦੁਨੀਆਂ ਦੇ ਦਰਦ ਅਤੇ ਪਾਪ ਦੇ ਲਈ ਜ਼ਿੰਮੇਵਾਰ ਹੈ; ਸ਼ਤਾਨ ਜਿਸ ਨੇ ਪੀੜ੍ਹੀ ਤੋਂ ਪੀੜ੍ਹੀ, ਸਦੀ ਤੋਂ ਬਾਅਦ ਸਦੀ ਨੂੰ ਪ੍ਰਭਾਵਿਤ ਕੀਤਾ ਹੈ; ਸ਼ਤਾਨ,ਜਿਸ ਨੇ ਸਾਡੇ *ਆਪਣੇ* ਜੀਵਨਾਂ ਦੇ ਵਿਚ ਸ਼ਰਮ ਅਤੇ ਦਿਲ ਦੇ ਦਰਦ ਨੂੰ ਲਿਆਂਦਾ ਹੈ। ਇਹ ਭਿਆਨਕ, ਡਰਾਉਣਾ, ਦੁਸ਼ਟ, ਬਦ ਪ੍ਰਾਣੀ ਇੱਕ ਦਿਨ ਪ੍ਰਭੂ ਦੇ ਪਿੱਛੇ ਚੱਲਣ ਵਾਲੇ ਲੋਕਾਂ ਦੇ ਕੋਲੋਂ ਦੂਰ ਕਰ ਦਿੱਤਾ ਜਾਵੇਗਾ। ਉਹ ਸਦਾ ਸਦਾ ਦੇ ਲਈ ਚਲਾ ਜਾਵੇਗਾ। ਕਿੰਨੀ ਸ਼ਾਨਦਾਰ ਖਬਰ ਹੈ! "ਅਤੇ ਸ਼ਤਾਨ ਜਿਹ ਨੇ ਓਹਨਾਂ ਨੂੰ ਭਰਮਾਇਆ ਸੀ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਉਹ ਦਰਿੰਦਾ ਅਤੇ ਝੂਠਾ ਨਬੀ ਹੈ ਅਤੇ ਰਾਤ ਦਿਨ ਓਹ ਜੁੱਗੋ ਜੁੱਗ ਕਸ਼ਟ ਭੋਗਣਗੇ" (20:10)।

ਅਧਿਆਇ ਵਿਚ ਮੁਸ਼ਕਲ ਭਾਗ ਵੀ ਹਨ। ਇੱਕ ਸ਼ਤਾਨ ਦਾ ਛੱਡਿਆ ਜਾਣਾ ਹੈ "ਜਦ ਹਜ਼ਾਰ ਵਰ੍ਹਾ ਪੂਰਾ ਹੋ ਗਿਆ ਤਾਂ ਸ਼ਤਾਨ ਆਪਣੀ ਕੈਦ ਤੋਂ ਛੱਡਿਆ ਜਾਵੇਗਾ" (20:7)। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਅਧਿਆਇ ਦੇ ਵਿਸ਼ੇ ਵਿਚ ਕਿਹੋ ਜਿਹੀ ਸਥਿਤੀ ਲੈਂਦੇ ਹਾਂ, ਪਰ ਉੱਥੇ ਮੁਸ਼ਕਲਾਂ ਹੁੰਦੀਆਂ ਹਨ। ਪਰ ਕੀ ਇਹ, ਹਰ ਅਧਿਆਇ ਦੇ ਲਈ ਸੱਚ ਨਹੀਂ ਹੈ? ਇੱਕ ਵਾਰ ਫਿਰ, ਇਸ ਗੱਲ ਨੂੰ ਸਮਝਣਾ ਮਹੱਤਵਪੂਰਣ ਹੈ ਕਿ ਪਰਕਾਸ਼ ਦੀ ਪੋਥੀ ਦੇ ਕਿਸੇ ਵੀ ਹਿੱਸੇ ਦੇ ਮੂਲ ਸੰਦੇਸ਼ ਵਿਚ ਅਸਪੱਸ਼ਟ ਵੇਰਵੇ ਨਹੀਂ ਹਨ, ਪਰ ਮਨ ਵਿਚ ਛੱਡੇ ਸੰਪੂਰਣ ਪ੍ਰਭਾਵ ਵਿਚ ਹੈ।

ਅਧਿਆਇ 20 ਦਾ ਸੰਦੇਸ਼ ਜ਼ਰੂਰ ਇਹ ਹੈ: ਉਹ ਲੋਕ ਜੋ ਲੇਲੇ ਦੇ ਪਿੱਛੇ ਚੱਲਦੇ ਹਨ ਜਿੱਤਦੇ ਹਨ, ਜਦਕਿ ਉਹ ਲੋਕ ਜੋ ਸ਼ਤਾਨ ਦੇ ਪਿੱਛੇ ਚੱਲਦੇ ਹਨ ਉਨ੍ਹਾਂ ਦਾ ਨੁਕਸਾਨ ਹੋਵੇਗਾ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਅਧਿਆਇ 20 ਤੋਂ *ਇਹੀ* ਸਿੱਖੀਏ। ਇਹ ਪਹਿਲੀ ਸਦੀ ਦਾ ਇੱਕ ਮਹੱਤਵਪੂਰਣ ਸੰਦੇਸ਼ ਹੈ। ਇਹ ਅੱਜ ਵੀ ਉੱਨਾ ਹੀ ਮਹੱਤਵਪੂਰਣ ਹੈ।

## ਸ਼ਤਾਨ ਬੰਨ੍ਹਿਆ ਹੋਇਆ ਹੈ (20:1-3)

**1ਮੈਂ ਇੱਕ ਦੂਤ ਨੂੰ ਅਥਾਹ ਕੁੰਡ ਦੀ ਕੁੰਜੀ ਅਤੇ ਇੱਕ ਵੱਡਾ ਸੰਗਲ ਆਪਣੇ ਹੱਥ ਵਿੱਚ ਲਈ ਅਕਾਸ਼ੋਂ ਉਤਰਦੇ ਵੇਖਿਆ। 2ਅਤੇ ਉਹ ਨੇ ਅਜਗਰ ਨੂੰ ਅਰਥਾਤ ਓਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ਤਾਨ ਹੈ ਫੜਿਆ ਅਤੇ ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ। 3ਅਤੇ ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਇਹ ਨੂੰ ਮੁੂੰਦ ਕੇ ਉਹ ਦੇ ਉੱਤੇ ਮੋਹਰ ਲਾਈ ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ ਜਿੰਨਾ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ। ਇਹ ਦੇ ਮਗਰੋਂ ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ ਛੱਡਿਆ ਜਾਵੇ।**

**ਆਇਤ 1.** ਅਧਿਆਇ 20 ਇਸ ਵਾਕ ਨਾਲ ਸ਼ੁਰੂ ਹੁੰਦਾ ਹੈ, **ਮੈਂ ਇੱਕ ਦੂਤ ਨੂੰ . . . ਵੇਖਿਆ**। ਸ਼ਬਦ **ਮੈਂ ਵੇਖਿਆ** ਇੱਕ ਇਤਿਹਾਸਕ ਕਲਪਨਾ ਹਨ ਜਿਨ੍ਹਾਂ ਨੂੰ ਸੰਪੂਰਣ ਪਰਕਾਸ਼ ਦੀ

ਪੋਥੀ ਵਿਚ ਅਤੇ ਖਾਸ ਤੌਰ ਤੇ ਇਸ ਭਾਗ ਵਿਚ, ਇੱਕ ਨਵੇਂ ਵਿਚਾਰ ਨੂੰ ਪੇਸ਼ ਕਰਨ ਦੇ ਲਈ ਵਰਤਿਆ ਗਿਆ ਸੀ (ਵੇਖੋ 20:4, 11, 12; 21:1, 2)। ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ **ਦੂਤ** ਮਸੀਹ ਹੈ, ਪਰ ਮੂਲ ਲਿਖਤ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਇਸ ਗੱਲ ਨੂੰ ਦਰਸਾਉਂਦਾ ਹੋਵੇ ਕਿ ਇਹ ਸਵਰਗਦੂਤ ਉਨ੍ਹਾਂ ਅਨੇਕਾਂ ਸਵਰਗੀ ਸੰਦੇਸ਼ਵਾਹਕਾਂ ਵਿਚੋਂ ਇੱਕ ਨਹੀਂ ਹੈ ਜਿਨ੍ਹਾਂ ਨੂੰ ਪ੍ਰਭੂ ਦੇ ਦੁਆਰਾ ਇਸਤੇਮਾਲ ਕੀਤਾ ਜਾਂਦਾ ਹੈ ਕਿ ਉਸ ਦੇ ਵਚਨ ਨੂੰ ਪੂਰਾ ਕਰਨ। ਦੂਤ **ਅਥਾਹ ਕੁੰਡ ਦੀ ਕੁੰਜੀ ਅਤੇ ਇੱਕ ਵੱਡਾ ਸੰਗਲ ਆਪਣੇ ਹੱਥ ਵਿੱਚ ਲਈ ਅਕਾਸ਼ੋਂ ਉਤਰਦੇ ਵੇਖਿਆ। ਅਥਾਹ ਕੁੰਡ,** ਨੂੰ ਕਈ ਵਾਰ "ਅਥਾਹ ਕੁੰਡ" ਕਿਹਾ ਜਾਂਦਾ ਹੈ, ਇਹ ਇਸ ਪ੍ਰਸਤੁਤਿ ਵਿਚ ਦੁਸ਼ਟ ਲੋਕਾਂ ਦਾ ਪ੍ਰਤੀਕਾਤਮਕ ਨਿਵਾਸ ਸਥਾਨ (9:1 ਤੇ ਟਿੱਪਣੀਆਂ ਵੇਖੋ)। ਅਥਾਹ ਕੁੰਡ ਨਰਕ ਨਹੀਂ ਹੈ। ਸ਼ਤਾਨ ਨੂੰ ਇਸ ਅਧਿਆਇ ਦੀ ਦਸਵੀਂ ਆਇਤ ਤਕ ਅੱਗ ਦੀ ਝੀਲ ਵਿਚ ਨਹੀਂ ਸੁੱਟਿਆ ਜਾਵੇਗਾ।

ਅਥਾਹ ਕੁੰਡ ਦਾ ਪਹਿਲਾ ਜ਼ਿਕਰ ਅਧਿਆਇ 9 ਵਿੱਚ ਕੀਤਾ ਗਿਆ ਸੀ, ਜਦੋ ਇੱਕ ਤਾਰਾ ਧਰਤੀ ਉੱਤੇ ਡਿੱਗਾ ਸੀ ਅਤੇ "ਅਥਾਹ ਕੁੰਡ ਦੇ ਖੂਹ ਦੀ ਕੁੰਜੀ ਉਹ ਨੂੰ ਦਿੱਤੀ ਗਈ" (9:1)। ਜਦ ਇਸ "ਤਾਰੇ" ਨੇ, ਜੋ ਇੱਕ ਸੁਰਗ ਦੂਤ ਹੋ ਸਕਦਾ ਹੈ, ਅਥਾਹ ਕੁੰਡ ਨੂੰ ਖੋਲ੍ਹਿਆ ਤਾਂ ਕਸ਼ਟ ਦੇਣ ਵਾਲੇ ਸਲਾ ਦੇ ਟਿੱਡੇ ਨਿੱਕਲ ਪਏ। ਅਧਿਆਇ 20 ਵਿਚਲਾ ਦੂਤ ਅਧਿਆਇ 9 ਵਿਚਲਾ "ਤਾਰਾ" ਹੋ ਵੀ ਸਕਦਾ ਹੈ ਅਤੇ ਨਹੀਂ ਵੀ। ਉਹ ਜੋ ਵੀ ਸੀ ਉਹ ਪਰਮੇਸ਼ੁਰ ਦਾ ਸੰਦੇਸ਼ਵਾਹਕ ਸੀ ਅਤੇ ਪਰਮੇਸ਼ੁਰ ਦੇ ਕੰਮ ਨੂੰ ਪੂਰਾ ਕਰਨ ਦੇ ਜੋਗ ਸੀ।

ਦੂਤ ਦੇ ਕੋਲ ਅਥਾਹ ਕੁੰਡ ਦੀ **ਕੁੰਜੀ** ਸੀ, ਜੋ ਇਸ ਗੱਲ ਦਾ ਸੰਕੇਤ ਹੈ ਕਿ ਉਸ ਨੂੰ ਇਸ ਉੱਤੇ ਇਖਤਿਆਰ ਦਿੱਤਾ ਗਿਆ ਸੀ: ਇਸ ਨੂੰ ਖੋਲ੍ਹਣ ਦਾ ਜਾਂ ਬੰਦ ਕਰਨ ਦਾ ਇਖਤਿਆਰ। ਇਹ ਸ਼ਬਦ ਯਿਸੂ ਦੇ ਕੋਲ "ਮੌਤ ਅਤੇ ਪਤਾਲ ਦੀਆਂ ਕੁੰਜੀਆਂ" ਹੋਣ ਦੇ ਨਾਲ ਮੇਲ ਖਾਂਦੇ ਹਨ (1:18 ਦੀਆਂ ਟਿੱਪਣੀਆਂ ਵੇਖੋ)। ਇਸ ਤੋਂ ਇਲਾਵਾ, ਦੂਤ ਦੇ ਕੋਲ **ਇੱਕ ਵੱਡਾ ਸੰਗਲ** ਸੀ ਜਿਸ ਦੇ ਨਾਲ ਸ਼ਤਾਨ ਨੂੰ ਬੰਨ੍ਹਿਆ ਜਾਣਾ ਸੀ। ਇਸ ਸੰਗਲ ਉਨ੍ਹਾਂ ਸੰਗਲਾਂ ਵਰਗਾ ਸੀ ਜਿਸ ਦੇ ਨਾਲ ਰੋਮੀ ਸੈਨਿਕ ਕੈਦੀਆਂ ਨੂੰ ਬੰਨ੍ਹਦੇ ਹੁੰਦੇ ਸਨ। ਸੰਗਲ ਲਈ ਇੱਥੇ ਇਸਤੇਮਾਲ ਹੋਇਆ ਸ਼ਬਦ, ἅλυσιν (*ਹਾਲੁਸਿਨ*), ਰਸੂਲਾਂ ਦੇ ਕਰਤੱਬ 12:7 ਅਤੇ 28:20 ਵਿੱਚ ਵੀ ਇਸਤੇਮਾਲ ਕੀਤਾ ਗਿਆ ਹੈ।

ਇੱਥੇ ਇਹ ਸਵਾਲ ਪੁੱਛਿਆ ਜਾ ਸਕਦਾ ਹੈ, "ਕੀ ਇਹ ਕੁੰਜੀ ਅਤੇ ਸੰਗਲ ਸ਼ਾਬਦਿਕ ਤੌਰ 'ਤੇ ਅਸਲ ਹਨ?" ਵੈਸਟ ਨੇ ਇਹ ਪ੍ਰਸ਼ਨ ਚੁੱਕੇ: "ਜੇਕਰ ਇਹ ਸ਼ਾਬਦਿਕ ਸਨ, ਤਾਂ ਇਹ ਕੁੰਜੀ ਅਤੇ ਸੰਗਲ ਕਿਹੋ ਜਿਹੇ ਸਨ? ਕੀ ਇਹ ਲੋਹੇ ਦੇ ਸਨ? ਕੀ ਇਹ ਚਾਂਦੀ ਦੇ ਸਨ? ਕੀ ਇਹ ਸੋਨੇ ਦੇ ਸਨ? ਕੀ ਇਹ ਲੱਕੜ ਦੇ ਸਨ? ਜਾਂ ਫਿਰ ਇਹ ਕਿਸ ਪਰਕਾਰ ਦੇ ਸਨ?"[8] ਪਹਿਲੀਆਂ ਤਿੰਨ ਆਇਤਾਂ ਲਈ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਗਿਣਤੀ ਬਹੁਤ ਹੋ ਸਕਦੀ ਹੈ: ਕੀ ਇਹ ਅਥਾਹ ਕੁੰਡ ਧਰਤੀ ਵਿੱਚ ਇੱਕ ਡੂੰਘਾ, ਬਹੁਤ ਡੂੰਘਾ ਟੋਆ ਸੀ? ਕੀ ਅਜਗਰ ਮਾਸ ਅਤੇ ਹੱਡੀਆਂ ਵਾਲਾ ਕੋਈ ਜੰਤੂ ਸੀ? ਇੱਕ ਵਾਰ ਫਿਰ ਸਾਨੂੰ ਚੇਤੇ ਕਰਾਇਆ ਗਿਆ ਹੈ ਕਿ ਸਾਡੇ ਸਾਹਮਣੇ ਅੰਤ ਦੇ ਦਿਨਾਂ ਲਈ ਇਸਤੇਮਾਲ ਕੀਤੀ ਜਾਣ ਵਾਲੀ ਭਾਸ਼ਾ ਹੈ, ਜੋ ਚਿੰਨ੍ਹਾਂ ਨਾਲ ਭਰੀ ਹੋਈ ਹੈ।

ਇਨ੍ਹਾਂ ਨੂੰ ਸ਼ਾਬਦਿਕ ਤੌਰ 'ਤੇ ਲੈਣ ਵਾਲੇ ਲੋਕ, ਖਾਸ ਕਰਕੇ ਪ੍ਰੀਮਿਲੇਨਿਅਲਿਸਟ, ਉਨ੍ਹਾਂ ਲੋਕਾਂ ਲਈ ਨਿਰਾਦਰ ਭਰੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਜਿਹੜੇ ਪਰਕਾਸ਼ ਦੀ ਪੋਥੀ ਵਿਚਲੇ ਸ਼ਬਦਾਂ ਨੂੰ "ਆਤਮਕ" ਰੂਪ ਦਿੰਦੇ ਹਨ। ਉਹ ਬੜੇ ਮਾਣ ਨਾਲ ਆਖਦੇ ਹਨ ਕਿ ਉਹ ਅਤੇ ਕੇਵਲ ਉਹ ਹੀ "ਪਵਿੱਤਰ ਸ਼ਾਸਤਰ ਨੂੰ ਸ਼ਾਬਦਿਕ ਤੌਰ 'ਤੇ ਲੈਂਦੇ ਹਨ।" ਪਰ ਅਸਲ ਗੱਲ ਤਾਂ ਇਹ ਹੈ ਕਿ ਪਰਕਾਸ਼ ਦੀ ਪੋਥੀ ਵਿੱਚੋਂ ਜਿਹੜੀਆਂ ਗੱਲਾਂ ਉਨ੍ਹਾਂ ਦੇ ਵਿਲੱਖਣ ਦ੍ਰਿਸ਼ਾਂ ਵਿੱਚ ਢੁਕਵੀਆਂ ਨਹੀਂ ਬੈਠਦੀਆਂ, ਉਨ੍ਹਾਂ ਨੂੰ ਉਹ "ਆਤਮਕ" ਰੂਪ ਦੇਣ ਵਿੱਚ ਜ਼ਰਾ ਵੀ ਦੇਰ ਨਹੀਂ ਕਰਦੇ। ਉਹ ਬੜੀ

ਰਜ਼ਾਮੰਦੀ ਨਾਲ ਇਹ ਮੰਨ ਲੈਂਦੇ ਹਨ ਕਿ ਇਹ ਕੁੰਜੀ ਕਿਸੇ ਅਸਲ ਤਾਲੇ ਦੀ ਨਹੀਂ ਹੈ, ਕਿ ਸੰਗਲ ਲੋਹੇ ਦਾ ਬਣਿਆ ਨਹੀਂ ਹੈ, ਅਤੇ ਅਥਾਹ ਕੁੰਡ ਕੋਈ ਅਸਲ ਡੂੰਘਾ ਖੂਹ ਨਹੀਂ ਹੈ।

**ਆਇਤ 2.** ਦੂਤ ਨੇ **ਅਜਗਰ ਨੂੰ ਅਰਥਾਤ ਓਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ਤਾਨ ਹੈ ਫੜਿਆ।** ਇੱਥੇ ਵੈਰੀ ਨੂੰ ਸਿਆਣਨ ਵਿੱਚ ਕੋਈ ਗਲਤੀ ਨਹੀਂ ਹੁੰਦੀ। ਇਹੋ ਸ਼ਬਦ 12:9 ਵਿੱਚ ਵੀ ਉਸ ਦੀ ਪਛਾਣ ਕਰਦੇ ਹਨ। ਪਾਠਕ ਨੂੰ ਦੱਸ ਦਿੱਤਾ ਗਿਆ ਹੈ ਕਿ, "ਇਹ ਉਹ ਅਜਗਰ ਹੈ ਜਿਸ ਨੂੰ ਸੁਰਗੀ ਜੁੱਧ ਵਿੱਚ ਮਿਕਾਏਲ ਨੇ ਹਰਾ ਦਿੱਤਾ ਹੈ (12:7, 8), ਉਹ ਸੱਪ ਜਿਸ ਨੇ ਮਸੀਹ ਦੇ ਲੋਕਾਂ ਨੂੰ ਹੜ੍ਹ ਵਿੱਚ ਰੋੜ੍ਹਣ ਦਾ ਜਤਨ ਕੀਤਾ (12:15), ਅਤੇ ਉਹ ਸ਼ਤਾਨ ਜੋ ਜਾਣਦਾ ਹੈ ਕਿ ਉਸ ਦਾ ਸਮਾਂ ਥੋੜਾ ਹੀ ਰਹਿੰਦਾ ਹੈ (12:12)।"[9]

ਦੂਤ ਵੱਲੋਂ ਸ਼ਤਾਨ ਨੂੰ ਫੜ ਲਏ ਜਾਣ ਤੋ ਬਾਅਦ ਉਸ ਨੇ **ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ।** ਦੂਤ ਦਾ ਕੰਮ ਸ਼ਤਾਨ ਨੂੰ ਜਕੜਣਾ ਸੀ – ਜੋ ਉਸ ਨੇ ਪੂਰਾ ਕੀਤਾ। ਹਾਰ ਸਨਮਾਨਜਨਕ ਵੀ ਹੁੰਦੀ ਹੈ ਅਤੇ ਸ਼ਰਮਨਾਕ ਵੀ। ਦਰਸ਼ਣ ਵਿੱਚ ਸ਼ਤਾਨ ਸਿਰਫ ਹਾਰਿਆ ਹੀ ਨਹੀਂ, ਸਗੋਂ ਉਸ ਨੂੰ ਸ਼ਰਮਿੰਦਾ ਵੀ ਹੋਣਾ ਪਿਆ। ਆਪਣੇ ਸਾਰੇ ਘੁਮੰਡ ਤੋਂ ਬਾਅਦ – ਅਕਾਸ਼ ਤੋਂ ਤਾਰਿਆਂ ਨੂੰ ਖਿੱਚ ਲੈਣ ਤੋਂ ਬਾਅਦ (12:4), ਅਤੇ ਹੋਰ ਬਥੇਰਾ ਕੁਝ ਕਰਨ ਤੋਂ ਬਾਅਦ – ਉਸ ਨੂੰ ਸਿਰਫ ਇੱਕ ਬੇਨਾਮੀ ਦੂਤ ਨੇ ਜਕੜ ਲਿਆ।

ਵੱਡੀ ਬਹਿਸ ਦਾ ਵਿਸ਼ਾ ਰਹੇ **ਹਜ਼ਾਰ ਵਰ੍ਹੇ** ਦਾ ਪਹਿਲਾ ਜ਼ਿਕਰ ਆਇਤ 2 ਵਿੱਚ ਕੀਤਾ ਗਿਆ ਹੈ। ਸਾਨੂੰ ਇੱਕ ਮਹੱਤਵਪੂਰਣ ਸਵਾਲ ਪੁੱਛਣ ਦੀ ਲੋੜ ਹੈ: ਕੀ ਇਹ ਸ਼ਾਬਦਿਕ ਤੌਰ 'ਤੇ ਅਸਲ ਹਜ਼ਾਰ ਵਰ੍ਹੇ ਹਨ? ਜੇਕਰ ਕੁੰਜੀ, ਸੰਗਲ, ਅਥਾਹ ਕੁੰਡ, ਅਤੇ ਅਜਗਰ ਪ੍ਰਤੀਕਾਤਮਕ ਹਨ, ਤਾਂ ਫਿਰ ਅਸੀਂ ਕਿਸ ਅਧਾਰ 'ਤੇ ਇਹ ਜ਼ੋਰ ਦਿੰਦੇ ਹਾਂ ਕਿ ਇਹ ਹਜ਼ਾਰ ਵਰ੍ਹੇ ਸ਼ਾਬਦਿਕ ਤੌਰ 'ਤੇ ਇੱਕ ਅਸਲ ਸਮਾਂ ਹੈ? ਸਾਰੀ ਪਰਕਾਸ਼ ਦੀ ਪੋਥੀ ਵਿੱਚ ਪਾਠਕ ਦੇ ਸਾਹਮਣੇ ਅਨੇਕਾਂ ਪ੍ਰਤੀਕਾਤਮਕ ਅੰਕ ਆਏ ਹਨ। ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਸੱਤ ਪਵਿੱਤਰ ਆਤਮੇ ਨਹੀਂ ਹਨ; 1:4 ਵਿੱਚ ਦਿੱਤਾ ਗਿਆ ਅੰਕ "ਸੱਤ" ਪ੍ਰਤੀਕਾਤਮਕ ਹੈ। ਇਹ ਵੀ ਆਖਿਆ ਗਿਆ ਸੀ ਕਿ ਜਿਹੜੇ ਲੋਕ ਸੁਰਗ ਜਾਣਗੇ ਉਨ੍ਹਾਂ ਦੀ ਗਿਣਤੀ ਸਿਰਫ 144,000 ਹੀ ਨਹੀਂ ਹੋਵੇਗੀ, ਅਤੇ ਇਹ ਅੰਕ, ਜਿਵੇਂ ਕਿ ਅਧਿਆਇ 7 ਅਤੇ 14 ਵਿੱਚ ਇਸਤੇਮਾਲ ਕੀਤਾ ਗਿਆ ਹੈ, *ਸਭਨਾਂ* ਬਚਾਏ ਗਏ ਲੋਕਾਂ ਦਾ ਪ੍ਰਤੀਕ ਹੈ। ਜੇਕਰ ਇਨ੍ਹਾਂ ਅੰਕਾਂ ਦੀ ਵਰਤੋਂ ਪ੍ਰਤੀਕਾਤਮਕ ਤੌਰ 'ਤੇ ਕੀਤੀ ਗਈ ਹੈ, ਤਾਂ ਫਿਰ ਕੋਈ ਇਹ ਕਿਉਂ ਸੋਚੇ ਕਿ ਅਧਿਆਇ 20 ਵਿੱਚ ਦਿੱਤਾ ਗਿਆ ਅੰਕ "ਇੱਕ ਹਜ਼ਾਰ" ਸ਼ਾਬਦਿਕ ਹੈ? "ਹਜ਼ਾਰ" ਸ਼ਬਦ ਦੀ ਵਰਤੋਂ ਪਵਿੱਤਰ ਸ਼ਾਸਤਰ ਵਿੱਚ ਅਕਸਰ ਇੱਕ ਰੂਪਕ ਵਜੋਂ ਕੀਤੀ ਜਾਂਦੀ ਹੈ (ਵੇਖੋ ਜ਼ਬੂਰ 50:10)। ਥੌਮਸ ਟੌਰੈਂਸ ਨੇ ਲਿਖਿਆ,

> ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਸਾਨੂੰ ਉਵੇਂ ਹੀ ਇਸ ਹਜ਼ਾਰ ਵਰ੍ਹੇ ਨੂੰ ਸ਼ਾਬਦਿਕ ਲੈਣ ਦਾ ਕੋਈ ਅਧਿਕਾਰ ਨਹੀਂ ਹੈ ਜਿਵੇਂ ਕਿ ਦਸ ਸਿਰ ਅਤੇ ਸੱਤ ਸਿੰਙਾਂ ਵਾਲੇ ਦਰਿੰਦੇ ਨੂੰ ਸ਼ਾਬਦਿਕ ਲੈਣ ਦਾ ਕੋਈ ਅਧਿਕਾਰ ਨਹੀਂ ਹੈ। ਇਹ ਬਿਲਕੁਲ ਵੀ ਸਹੀ ਨਹੀਂ ਹੋਵੇਗਾ ਕਿ . . . ਹਜ਼ਾਰ ਵਰ੍ਹੇ ਨੂੰ ਇਸ ਦੇ ਅੰਤ ਸਮੇਂ ਦੇ ਦਰਸ਼ਣ ਵਿਚਲੇ ਇਸ ਦੇ ਸਥਾਨ ਵਿੱਚੋਂ ਕੱਢ ਕੇ ਇਤਹਾਸ ਦੇ ਸਧਾਰਨ ਜਿਹੇ ਸਥਾਨ ਵਿੱਚ ਲਿਆਇਆ ਜਾਵੇ, ਭਈ ਇਸ ਨੂੰ ਦੁਨਿਆਵੀ ਅੰਕਗਣਿਤ ਦੇ ਨਾਲ ਸਮਝਿਆ ਜਾ ਸਕਦਾ ਹੈ ਅਤੇ ਗਿਣਤੀ ਵਿੱਚ ਲਿਆਇਆ ਜਾ ਸਕਦਾ ਹੈ . . . ਅਤੇ ਸੰਸਾਰ ਦੇ ਅੰਤ ਨਾਲ ਜੋੜਿਆ ਜਾ ਸਕਦਾ ਹੈ।[10]

ਜੇਕਰ "ਇਕ ਹਜ਼ਾਰ" ਅੰਕ ਪ੍ਰਤੀਕਾਤਮਕ ਹੈ – ਅਤੇ ਇਸ 'ਤੇ ਯਕੀਨ ਨਾ ਕਰਨ ਦਾ ਕੋਈ ਕਾਰਨ ਨਹੀਂ ਹੈ – ਤਾਂ ਇਹ ਕਿਸ ਦਾ ਪ੍ਰਤੀਕ ਹੈ? "ਦਸ" ਅੰਕ ਸੰਪੂਰਣਤਾ ਦਾ ਪ੍ਰਤੀਕ ਹੈ, ਜੋ

ਕਿ ਸ਼ਾਇਦ ਇਸ ਤੱਥ ਵਿੱਚੋਂ ਨਿਕਲਦਾ ਹੈ ਕਿ ਇਕ ਵਿਅਕਤੀ ਦੀਆਂ ਦਸ ਉਂਗਲਾਂ ਹੁੰਦੀਆਂ ਹਨ। ਦਸ ਨੂੰ ਇਸ ਦੇ ਆਪਣੇ ਨਾਲ ਹੀ ਗੁਣਾ ਕਰਦਿਆਂ (ਇੱਕ ਸੌ ਜਾਂ ਇੱਕ ਹਜ਼ਾਰ) ਇਸ ਧਾਰਣਾ ਨੂੰ ਵਧਾਉਂਦਾ ਜਾਂਦਾ ਹੈ। "ਇੱਕ ਹਜ਼ਾਰ" (ਦਸ ਗੁਣਾ ਦਸ ਗੁਣਾ ਦਸ) ਆਖਣ ਦਾ ਅਰਥ ਹੈ "ਸੰਪੂਰਣਤਾ ਦੀ ਸੰਪੂਰਣਤਾ ਦੀ ਸੰਪੂਰਣਤਾ।" ਪੁਰਾਣੇ ਨੇਮ ਨੂੰ ਜਾਣਨ ਵਾਲੇ ਪਾਠਕਾਂ ਦੇ ਮਨ ਵਿੱਚ ਤੰਬੂ ਦਾ ਅੱਤ ਪਵਿੱਤਰ ਅਸਥਾਨ ਆਇਆ ਹੋਵੇਗਾ ਜਿਸ ਦਾ ਵੇਰਵਾ ਕੂਚ 26 ਵਿੱਚ ਦਿੱਤਾ ਗਿਆ ਹੈ, ਜਿਸ ਦੇ ਆਕਾਰ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਦਸ ਹੱਥ ਗੁਣਾ ਦਸ ਹੱਥ ਗੁਣਾ ਦਸ ਹੱਥ ਸੀ: ਇੱਕ ਸੰਪੂਰਣ ਘਣ। ਹੈਕਲ ਵਿਚਲਾ ਅੱਤ ਪਵਿੱਤਰ ਅਸਥਾਨ ਵੀ ਇੱਕ ਘਣ ਸੀ: ਵੀਹ ਹੱਥ ਗੁਣਾ ਵੀਹ ਹੱਥ ਗੁਣਾ ਵੀ ਹੱਥ (1 ਰਾਜਿਆਂ 6:20)। ਇਸ ਕਰਕੇ ਸ਼ਤਾਨ ਨੂੰ "ਇੱਕ ਹਜ਼ਾਰ ਵਰ੍ਹੇ ਲਈ" ਜਕੜਣਾ ਪ੍ਰਤੀਕਾਤਮਕ ਰੂਪ ਵਿੱਚ ਇਹ ਆਖਣਾ ਹੈ ਕਿ ਉਸ ਨੂੰ *ਪੂਰੀ ਤਰ੍ਹਾਂ* ਬੰਨ੍ਹਿਆ ਗਿਆ ਸੀ।

ਪਿਛਲੇ ਵਾਕ ਤੋਂ ਕਿਸੇ ਵੀ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਸਾਨੂੰ ਇਹ ਵੀ ਵੇਖਣਾ ਪਵੇਗਾ ਕਿ "ਜਕੜਣਾ" ਕਿਸ ਦਾ ਪ੍ਰਤੀਕ ਹੈ, ਅਤੇ ਕੀ ਇਹ ਕੰਮ ਹੋ ਚੁੱਕਾ ਹੈ ਜਾਂ ਮਸੀਹ ਦੀ ਵਾਪਸੀ ਵੇਲੇ ਕੀਤਾ ਜਾਵੇਗਾ। ਸ਼ਤਾਨ ਦੇ ਬੰਨ੍ਹੇ ਜਾਣ ਦਾ ਜ਼ਿਕਰ ਸਿਰਫ ਇੱਕ ਹੋਰ ਥਾਂ 'ਤੇ ਕੀਤਾ ਗਿਆ ਹੈ, ਜਿਸ ਨੂੰ ਇੰਜੀਲ ਦੇ ਤਿੰਨ ਲਿਖਾਰੀਆਂ ਨੇ ਦਰਜ ਕੀਤਾ ਹੈ (ਮੱਤੀ 12:25-30; ਮਰਕੁਸ 3:20-27; ਲੂਕਾ 11:14-23)। ਉਸ ਵੇਲੇ ਯਿਸੂ 'ਤੇ ਇਹ ਦੋਸ਼ ਲਗਾਇਆ ਜਾ ਰਿਹਾ ਸੀ ਕਿ ਉਹ ਦੁਸ਼ਟ ਆਤਮਿਆਂ ਨੂੰ ਸ਼ਤਾਨ ਦੀ ਸ਼ਕਤੀ ਨਾਲ ਕੱਢਦਾ ਹੈ। ਆਪਣੇ ਜਵਾਬ ਵਿੱਚ ਯਿਸੂ ਨੇ ਆਖਿਆ, "ਅਥਵਾ ਕੋਈ ਕਿਸੇ ਜੋਰਾਵਰ ਦੇ ਘਰ ਵਿੱਚ ਵੜ ਕੇ ਉਹ ਦਾ ਮਾਲ ਕਿੱਕੁਰ ਲੁੱਟ ਸੱਕਦਾ ਹੈ ਜੇ ਪਹਿਲਾਂ ਉਸ ਜੋਰਾਵਰ ਨੂੰ ਬੰਨ੍ਹ ਨਾ ਲਵੇ? ਤਾਂ ਉਹ ਦਾ ਘਰ ਲੁੱਟੇਗਾ" (ਮੱਤੀ 12:29)। ਯਿਸੂ ਦੇ ਇਸ ਉੱਤਰ ਵਿੱਚ ਉਹ "ਜੋਰਾਵਰ" ਦੀ ਤੁਲਨਾ ਸ਼ਤਾਨ ਨਾਲ ਅਤੇ "ਮਾਲ ਲੁੱਟਣ" ਦੀ ਤੁਲਨਾ ਦੁਸ਼ਟ ਆਤਮਿਆਂ ਨੂੰ ਕੱਢਣ ਨਾਲ ਕਰ ਰਿਹਾ ਸੀ। ਇਸ ਹਵਾਲੇ ਤੋਂ ਅਸੀਂ ਇਸ ਸਿੱਟੇ 'ਤੇ ਪੁੱਜ ਸਕਦੇ ਹਾਂ ਕਿ ਯਿਸੂ ਦੁਸ਼ਟ ਆਤਮਿਆਂ ਨੂੰ ਇਸ ਕਰਕੇ ਕੱਢ ਸਕਿਆ ਕਿਉਂਕਿ ਉਹ ਜੋਰਾਵਰ ਅਰਥਾਤ ਸ਼ਤਾਨ ਨੂੰ "ਬੰਨ੍ਹ ਅਥਵਾ ਜਕੜ" *ਚੁੱਕਾ ਸੀ*।

ਪਵਿੱਤਰ ਸ਼ਾਸਤਰ ਸਿਖਾਉਂਦਾ ਹੈ ਕਿ ਸ਼ਤਾਨ ਦੇ ਬੰਨ੍ਹੇ ਜਾਣ ਦਾ ਅਰੰਭ ਯਿਸੂ ਦੇ ਜਨਮ ਨਾਲ ਹੋਇਆ ਅਤੇ ਯਿਸੂ ਦੀ ਮੌਤ, ਦਫਨਾਏ ਜਾਣ ਅਤੇ ਜੀ ਉੱਠਣ ਦੇ ਨਾਲ ਸੰਪੂਰਣ ਹੋਇਆ। ਜਿਸ ਨੂੰ ਕੁਝ ਲੋਕ "ਸਭਨਾਂ ਪ੍ਰਤਿੱਗਿਆਵਾਂ ਦੀ ਮਾਤਾ" (ਉਤਪਤ 3:15) ਆਖਦੇ ਹਨ, ਉਸ ਵਿੱਚ ਇਹ ਨਬੂਵਤ ਕੀਤੀ ਗਈ ਸੀ ਕਿ ਤੀਵੀਂ ਦੀ ਸੰਤਾਨ (ਯਿਸੂ) ਸੱਪ (ਸ਼ਤਾਨ) ਦੇ ਸਿਰ ਨੂੰ ਫੇਵੇਗਾ ਅਤੇ ਉਸ ਦੀ ਅੱਡੀ ਨੂੰ ਡੰਗ ਮਾਰਿਆ ਜਾਵੇਗਾ। ਜ਼ਿਆਦਾਤਰ ਵਿਦਵਾਨ ਸਹਿਮਤ ਹੁੰਦੇ ਹਨ ਕਿ ਇਹ ਯਿਸੂ ਦੁਆਰਾ ਆਪਣੀ ਸਲੀਬੀ ਮੌਤ ਅਤੇ ਫਿਰ ਜੀ ਉੱਠਣ ਨਾਲ ਸ਼ਤਾਨ ਦੀ ਸ਼ਕਤੀ ਅਤੇ ਇਖਤਿਆਰ ਉੱਤੇ ਕੀਤਾ ਗਿਆ "ਇੱਕ ਘਾਤਕ ਹਮਲਾ" ਹੈ। ਇਸ ਪ੍ਰਤਿੱਗਿਆ ਦੀ ਪੂਰਤੀ ਮੱਤੀ 12 ਵਿੱਚ ਅਤੇ ਹੇਠਾਂ ਦਿੱਤੀਆਂ ਗਈਆਂ ਕੁਝ ਹੋਰ ਆਇਤਾਂ ਵਿੱਚੋਂ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੀ ਹੈ:

ਯਿਸੂ ਦੁਆਰਾ ਸੱਤਰ ਚੇਲੇ ਘੱਲੇ ਜਾਣ ਤੋਂ ਬਾਅਦ ਉਹ ਅਨੰਦ ਕਰਦੇ ਹੋਏ ਵਾਪਸ ਆਏ ਅਤੇ ਆਖਣ ਲੱਗੇ, "ਪ੍ਰਭੂ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ" (ਲੂਕਾ 10:17)। ਯਿਸੂ ਨੇ ਉੱਤਰ ਦਿੱਤਾ, "ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਡਿੱਗਾ ਹੋਇਆ ਡਿੱਠਾ" (ਲੂਕਾ 10:18)। ਇਹ "ਡਿੱਗਣਾ" ਸ਼ਤਾਨ ਦੇ ਅਰੰਭ ਦਾ ਹਵਾਲਾ ਨਹੀਂ ਦਿੰਦਾ, ਸਗੋਂ ਮਨੁੱਖਜਾਤੀ ਉੱਤੇ ਉਸ ਦੀ ਪਕੜ ਢਿੱਲੀ ਪੈ ਜਾਣ ਦਾ ਹਵਾਲਾ ਦਿੰਦਾ ਹੈ ਜਿਵੇਂ ਕਿ ਯਿਸੂ ਦੇ ਚੇਲਿਆਂ ਦੁਆਰਾ ਦੁਸ਼ਟ ਆਤਮਿਆਂ ਨੂੰ ਕੱਢੇ ਜਾਣ ਦੀ ਯੋਗਤਾ ਵਿੱਚ ਵੇਖਿਆ ਜਾ ਸਕਦਾ ਹੈ (12:9-12 ਦੀਆਂ

ਟਿੱਪਣੀਆਂ ਵੇਖੋ)।

ਯੂਹੰਨਾ 12 ਵਿੱਚ ਯਿਸੂ ਨੇ ਇਸ਼ਾਰਾ ਕੀਤਾ ਕਿ "ਉਹ ਨੇ ਆਪ ਕਿਹੜੀ ਮੌਤ ਨਾਲ ਮਰਨਾ ਸੀ" (ਯੂਹੰਨਾ 12:32, 33), ਉਸ ਨੇ ਆਖਿਆ, "ਹੁਣ ਇਸ ਜਗਤ ਦਾ ਸਰਦਾਰ ਬਾਹਰ ਕੱਢਿਆ ਜਾਵੇਗਾ" (ਯੂਹੰਨਾ 12:31)। ਯੂਹੰਨਾ 16 ਵਿੱਚ ਉਸ ਨੇ ਆਪਣੇ ਰਸੂਲਾਂ ਨੂੰ ਆਖਿਆ ਕਿ "ਇਸ ਜਗਤ ਦੇ ਸਰਦਾਰ ਦਾ ਨਿਆਉਂ ਕੀਤਾ ਗਿਆ ਹੈ" (ਯੂਹੰਨਾ 16:11)।

ਪੌਲੁਸ ਨੇ ਯਿਸੂ ਦੀ ਮੌਤ ਬਾਰੇ ਲਿਖਿਆ (ਕੁਲੁੱਸੀਆਂ 2:14), ਅਤੇ ਗੌਰ ਕੀਤਾ ਕਿ ਉਸ ਦੀ ਮੌਤ ਨੇ "ਹਕੂਮਤਾਂ ਅਤੇ ਇਖ਼ਤਿਆਰਾਂ ਨੂੰ . . . ਫਤਹ" ਕਰ ਲਿਆ (ਕੁਲੁੱਸੀਆਂ 2:15)। ਯੂਹੰਨਾ ਨੇ ਆਖਿਆ, "ਪਰਮੇਸ਼ੁਰ ਦਾ ਪੁੱਤਰ ਇਸੇ ਲਈ ਪਰਗਟ ਹੋਇਆ ਭਈ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰੇ" (1 ਯੂਹੰਨਾ 3:8)। ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਸਮਝਾਇਆ ਕਿ ਯਿਸੂ ਦੀ ਮੌਤ ਇਸ ਕਰਕੇ ਹੋਈ "ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ" (ਇਬਰਾਨੀਆਂ 2:14)।

ਅਖੀਰ ਵਿੱਚ ਪਰਕਾਸ਼ ਦੀ ਪੋਥੀ 12 ਦਾ ਹਵਾਲਾ ਆਉਂਦਾ ਹੈ। ਸ਼ਤਾਨ ਬਾਰੇ ਲਿਖਿਆ ਹੈ ਕਿ ਉਹ "ਸੁੱਟਿਆ ਗਿਆ" ਅਤੇ ਲਿਖਿਆ ਹੈ ਕਿ ਇਹ ਜਿੱਤ "ਲੇਲੇ ਦੇ ਲਹੂ ਦੇ ਕਾਰਨ" ਆਈ (ਆਇਤਾਂ 10, 11; ਆਇਤਾਂ 9-12 ਦੀਆਂ ਟਿੱਪਣੀਆਂ ਵੇਖੋ)। ਸ਼ਤਾਨ ਉੱਤੇ ਜਿੱਤ ਯਿਸੂ ਦੀ ਪਹਿਲੀ ਆਮਦ ਦੇ ਨਾਲ ਹੋਈ ਹੈ, ਉਸ ਦੀ ਦੂਜੀ ਆਮਦ ਦੇ ਨਾਲ ਨਹੀਂ: ਇਸ ਅਧਿਆਇ ਦਾ ਅਰੰਭ ਯਿਸੂ ਦੇ ਜਨਮ ਨਾਲ ਹੁੰਦਾ ਹੈ (ਆਇਤਾਂ 2, 5) ਅਤੇ ਇਸ ਦਾ ਅੰਤ ਯਿਸੂ ਦੀ ਮੌਤ, ਜੀ ਉੱਠਣ ਅਤੇ ਸੁਰਗ ਵਿੱਚ ਉਠਾ ਲਏ ਜਾਣ ਦੇ ਨਾਲ ਹੁੰਦਾ ਹੈ (ਆਇਤਾਂ 5, 11)।

ਸ਼ਤਾਨ ਦੇ "ਹਜ਼ਾਰ ਵਰ੍ਹੇ ਤੀਕ . . . ਜਕੜ" ਲਏ ਜਾਣ ਦਾ ਅਰਥ *ਭਾਵੇਂ ਕੁਝ ਵੀ ਹੋਵੇ,* ਪਰ ਇਸ ਦਾ ਸੰਬੰਧ ਉਸ ਸਮੇਂ ਦੇ ਨਾਲ ਹੈ ਜਿਸ ਦਾ ਅਰੰਭ ਯਿਸੂ ਦੇ ਦੇਹਧਾਰਨ ਤੋਂ ਹੋਇਆ। ਇਹ ਉਸ ਕਾਲਪਨਿਕ ਜੁੱਗ ਦੀ ਗੱਲ ਨਹੀਂ ਹੈ ਜਿਸ ਦਾ ਅਰੰਭ ਯਿਸੂ ਦੀ ਦੂਜੀ ਆਮਦ ਨਾਲ ਹੋਵੇਗਾ।

ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਸ਼ਤਾਨ ਨੂੰ ਕਿਸ ਭਾਵ ਵਿੱਚ ਬੰਨ੍ਹਿਆ ਗਿਆ ਹੈ। ਕਿਉਂ ਜੋ ਅਨੇਕ ਲੋਕ ਮੰਨਦੇ ਹਨ ਕਿ "ਜਕੜ ਰੱਖਿਆ" ਸ਼ਬਦਾਂ ਦਾ ਅਰਥ "ਸ਼ਕਤੀਹੀਣ" ਕਰ ਦੇਣਾ ਹੈ, ਇਸ ਕਰਕੇ ਉਹ ਇਸ ਵਿਚਾਰ ਦਾ ਮਖੌਲ ਉਡਾਉਂਦੇ ਹਨ ਕਿ ਸ਼ਤਾਨ ਇਸ ਵੇਲੇ ਬੰਨ੍ਹਿਆ ਹੋਇਆ ਹੈ। ਉਹ ਬਾਈਬਲ ਵਿੱਚੋਂ ਉਨ੍ਹਾਂ ਆਇਤਾਂ ਦਾ ਹਵਾਲਾ ਦਿੰਦੇ ਹਨ ਜਿਹੜੀਆਂ ਸੰਸਾਰ ਵਿੱਚ ਸ਼ਤਾਨ ਦੇ ਜਾਰੀ ਕੰਮ ਬਾਰੇ ਆਖਦੀਆਂ ਹਨ (ਰਸੂਲਾਂ ਦੇ ਕਰਤੱਬ 5:3; 2 ਕੁਰਿੰਥੀਆਂ 2:11; 11:14; ਅਫ਼ਸੀਆਂ 2:2; 6:11; 1 ਥੱਸਲੁਨੀਕੀਆਂ 2:18; 2 ਤਿਮੋਥਿਉਸ 2:26; 1 ਪਤਰਸ 5:8; ਪਰਕਾਸ਼ 2:13; 3:9) ਅਤੇ ਪੁੱਛਦੇ ਹਨ, "ਤੁਸੀਂ ਕਿਵੇਂ ਆਖ ਸਕਦੇ ਹੋ ਕਿ ਸ਼ਤਾਨ ਇਸ ਵੇਲੇ ਬੰਨ੍ਹਿਆ ਹੋਇਆ ਹੈ ਜਦਕਿ ਸੰਸਾਰ ਵਿੱਚ ਐਨੀਆਂ ਮੁਸੀਬਤਾਂ ਮੌਜੂਦ ਹਨ?" ਇੱਕ ਲਿਖਾਰੀ ਨੇ ਮਿਹਣਾ ਮਾਰਦਿਆਂ ਆਖਿਆ, "ਜੇਕਰ ਅੱਜ ਸ਼ਤਾਨ ਬੰਨ੍ਹਿਆ ਹੋਇਆ ਹੈ, ਤਾਂ ਫਿਰ ਉਸ ਦਾ ਸੰਗਲ ਕੁਝ ਜ਼ਿਆਦਾ ਹੀ ਲੰਮਾ ਜਾਪਦਾ ਹੈ!" ਇੱਕ ਹੋਰ ਲੇਖਕ ਨੇ ਬੜੇ ਹੀ ਬੇਇਤਬਾਰੇ ਢੰਗ ਨਾਲ ਆਖਿਆ ਅਤੇ ਸ਼ਾਇਦ ਉਸ ਨੂੰ ਇਸ ਦਾ ਅਹਿਸਾਸ ਵੀ ਨਹੀਂ ਹੋਇਆ, "*ਇਸ ਵੇਲੇ* ਸ਼ਤਾਨ ਬੰਨ੍ਹਿਆ ਹੋਇਆ ਹੈ ਅਤੇ ਮਸੀਹ ਰਾਜ ਕਰ ਰਿਹਾ ਹੈ?" ਇਸ ਵੇਲੇ ਸ਼ਤਾਨ ਦੇ ਜਕੜੇ ਹੋਣ 'ਤੇ ਹੋਣ ਵਾਲੇ ਇਤਰਾਜ਼ ਉਹੀ ਇਤਰਾਜ਼ ਹਨ ਜਿਹੜੇ ਲੋਕ ਇਸ ਵੇਲੇ ਮਸੀਹ ਦੇ ਰਾਜ ਕਰਨ ਬਾਰੇ ਕਰਦੇ ਹਨ (11:15, 17 ਦੀਆਂ ਟਿੱਪਣੀਆਂ ਵੇਖੋ)।

ਜਿਸ ਯੂਨਾਨੀ ਸ਼ਬਦ ਨੂੰ δέω (*ਡੇਓ*) ਤੋਂ ਲਿਆ ਗਿਆ ਹੈ ਅਤੇ ਜਿਸ ਦਾ ਅਨੁਵਾਦ "ਜਕੜ ਰੱਖਿਆ" ਕੀਤਾ ਗਿਆ ਹੈ ਉਸ ਦਾ ਅਰਥ "ਸ਼ਕਤੀਹੀਣ ਕਰਨਾ" ਜਾਂ "ਨਿਕੰਮਾ ਕਰ ਦੇਣਾ" ਨਹੀਂ ਹੈ। ਹਾਲਾਂਕਿ ਪੌਲੁਸ ਨੂੰ ਕਈ ਵਾਰੀ ਕੈਦਖਾਨੇ ਵਿੱਚ ਸੰਗਲਾਂ ਨਾਲ ਬੰਨ੍ਹਿਆ ਗਿਆ

ਸੀ, ਪਰ ਫਿਰ ਵੀ ਉਸ ਦਾ ਕਿਰਿਆਸ਼ੀਲ ਜੀਵਨ ਜਾਰੀ ਰਿਹਾ ਸੀ – ਹਾਲਾਂਕਿ ਉਸ ਦਾ ਜੀਵਨ ਥੋੜ੍ਹਾ ਸੀਮਿਤ ਹੋ ਗਿਆ ਸੀ। ਇਹ ਤੱਥ ਰਸੂਲਾਂ ਦੇ ਕਰਤੱਬ 27 ਅਤੇ 28 ਵਿੱਚ ਅਤੇ ਪੌਲੁਸ ਦੁਆਰਾ ਰੋਮੀ ਕੈਦਖਾਨੇ ਵਿੱਚੋਂ ਲਿਖੀਆਂ ਗਈਆਂ ਪੱਤਰੀਆਂ ਵਿੱਚ ਪਰਤੱਖ ਦਿਸਦਾ ਹੈ: ਅਫ਼ਸੀਆਂ, ਫ਼ਿਲਿੱਪੀਆਂ, ਕੁਲੁੱਸੀਆਂ, ਅਤੇ ਫ਼ਿਲੇਮੋਨ। *ਡੇਓ* ਸ਼ਬਦ ਦੀ ਵਰਤੋਂ ਰੂਪਕ ਵਜੋਂ ਰੋਮੀਆਂ 7:2 ਵਿੱਚ ਕੀਤੀ ਗਈ ਹੈ, ਜੋ ਪਤਨੀ ਬਾਰੇ ਆਖਦੀ ਹੈ ਕਿ ਉਹ "ਜਦ ਤੀਕ ਉਹ ਦਾ ਭਰਤਾ ਜੀਉਂਦਾ ਹੈ . . . ਉਹ ਦੇ ਬੰਧਨ ਵਿੱਚ ਰਹਿੰਦੀ ਹੈ।" "ਬੰਧਨ ਵਿੱਚ" ਪਈ ਇਸਤਰੀ ਹਰੇਕ ਪੱਖੋਂ ਸੀਮਿਤ ਨਹੀਂ ਸੀ, ਪਰ ਇੱਕ ਖਾਸ ਤਰੀਕੇ ਨਾਲ ਸੀਮਿਤ ਸੀ: ਸ਼ਰਾ ਉਸ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ ਸੀ ਕਿ ਆਪਣੇ ਪਤੀ ਦੇ ਜੀਉਂਦੇ ਜੀ ਉਹ ਦੂਜਾ ਵਿਆਹ ਕਰੇ (ਰੋਮੀਆਂ 7:3)।

ਮੂਲਪਾਠ ਸ਼ਤਾਨ ਦੇ "ਬੰਨ੍ਹੇ ਜਾਣ" ਦੀ ਵਿਆਖਿਆ ਕਰਦਾ ਹੈ ਅਤੇ ਉਸ ਨੂੰ ਸੀਮਿਤ ਵੀ ਕਰਦਾ ਹੈ: ਪਰਕਾਸ਼ 20:3 ਆਖਦਾ ਹੈ ਕਿ ਉਸ ਨੂੰ ਇਸ ਕਰਕੇ ਬੰਨ੍ਹਿਆ ਗਿਆ ਸੀ ਭਈ ਉਹ "ਕੌਮਾਂ ਨੂੰ ਫੇਰ ਨਾ ਭਰਮਾਵੇ।" ਹੋਮੇਰ ਹੇਲੀ ਸ਼ਤਾਨ ਦੇ ਬੰਨ੍ਹੇ ਜਾਣ ਬਾਰੇ ਲਿਖਦੇ ਹਨ ਕਿ ਇਹ ਉਸ ਦੀ "ਸਜ਼ਾ" ਨਹੀਂ ਹੈ ਸਗੋਂ ਅਜਿਹਾ ਕਰਕੇ ਉਸ ਨੂੰ "ਰੋਕਿਆ" ਗਿਆ ਹੈ।[11] ਆਇਤ 8 ਆਖਦੀ ਹੈ ਕਿ ਛੱਡੇ ਜਾਣ ਤੋਂ ਬਾਅਦ ਉਹ ਇੱਕ ਵਾਰ ਫਿਰ "ਕੌਮਾਂ ਨੂੰ ਭਰਮਾਉਣ" ਦੇ ਯੋਗ ਹੋ ਜਾਵੇਗਾ। ਇਸ ਤਰ੍ਹਾਂ ਸ਼ਤਾਨ ਨੂੰ ਹਰ ਪੱਖੋਂ ਬੰਨ੍ਹਿਆ ਨਹੀਂ ਗਿਆ ਹੈ। ਸਗੋਂ ਉਸ ਨੂੰ ਕੌਮਾਂ ਨੂੰ ਭਰਮਾਉਣ ਦੇ ਖੇਤਰ ਵਿੱਚ ਬੰਨ੍ਹਿਆ ਗਿਆ ਸੀ। ਇਸ ਨੂੰ ਪਿਛਲੇ ਹਵਾਲੇ ਦੇ ਨਾਲ ਅਤੇ ਮਸੀਹ ਵਿੱਚ ਪਰਮੇਸ਼ੁਰ ਦੇ ਸਦੀਪਕ ਉਦੇਸ਼ ਦੀ ਪੂਰਤੀ ਨੂੰ ਦੱਸਣ ਵਾਲੇ ਹਵਾਲਿਆਂ ਦੇ ਨਾਲ ਜੋੜਣਾ ਮਹੱਤਵਪੂਰਣ ਹੈ।

ਸ਼ਤਾਨ ਦੇ ਕਾਰਨ ਮੌਤ ਅਤੇ ਪਾਪ ਸੰਸਾਰ ਵਿੱਚ ਆਏ ਸਨ। ਇਨ੍ਹਾਂ ਦੇ ਜ਼ਰੀਏ ਸ਼ਤਾਨ ਨੇ ਮਨੁੱਖਜਾਤੀ ਨੂੰ ਬੰਨ੍ਹਿਆ ਸੀ ਅਤੇ ਉਸ ਜਕੜ ਨੂੰ ਕਾਇਮ ਰੱਖਿਆ ਸੀ। ਪਰ ਪਰਮੇਸ਼ੁਰ ਨੇ ਵਾਇਦਾ ਕੀਤਾ ਸੀ ਕਿ ਜੋ "ਤੀਵੀਂ ਦੀ ਸੰਤਾਨ" ਹੋਵੇਗਾ ਉਹ ਆਵੇਗਾ ਅਤੇ ਸ਼ਤਾਨ ਦੀ ਸ਼ਕਤੀ ਉੱਤੇ ਘਾਤਕ ਹਮਲਾ ਕਰੇਗਾ। ਉਸ ਨੇ ਇਹ ਵਾਇਦਾ ਵੀ ਕੀਤਾ ਸੀ ਕਿ ਇਹ "ਸੰਤਾਨ" ਮਨੁੱਖਜਾਤੀ ਨੂੰ ਅਸੀਸ ਵੀ ਦੇਵੇਗਾ (ਉਤਪਤ 22:18) – ਅਰਥਾਤ ਉਨ੍ਹਾਂ ਸਭਨਾਂ ਨੂੰ ਜਿਹੜੇ ਸ਼ਤਾਨ ਦੇ ਸਤਾਏ ਹੋਏ ਹਨ।

ਇਨ੍ਹਾਂ ਪ੍ਰਤਿੱਗਿਆਵਾਂ ਨੂੰ ਪੂਰਾ ਕਰਨ ਲਈ ਪਰਮੇਸ਼ੁਰ ਨੇ ਇੱਕ ਕੌਮ ਨੂੰ ਵੱਖਰਾ ਕੀਤਾ, ਇਸਰਾਏਲ ਕੌਮ ਨੂੰ (ਯਹੂਦੀਆਂ ਨੂੰ)। ਪੁਰਾਣੇ ਨੇਮ ਦੇ ਸਮਿਆਂ ਵਿੱਚ ਬਾਕੀ ਦੇ ਸੰਸਾਰ ਉੱਤੇ ਪ੍ਰਭਾਵ ਪਾਉਣ ਲਈ ਕੁਝ ਵਿਰਲੇ ਜਤਨ ਕੀਤੇ ਗਏ ਸਨ; ਪਰ ਵੱਡੇ ਤੌਰ 'ਤੇ ਅਗਿਆਨਤਾ ਕਾਇਮ ਰਹੀ ਅਤੇ ਸ਼ਤਾਨ ਲੋਕਾਂ ਉੱਤੇ ਆਪਣੀ ਮਨਮਰਜੀ ਕਰਦਾ ਰਿਹਾ।

ਆਖਿਰਕਾਰ, ਯਿਸੂ ਸੰਸਾਰ ਵਿੱਚ ਆਇਆ। ਉਸ ਦੇ ਆਉਣ ਦਾ ਪਰਤੱਖ ਉਦੇਸ਼ ਸ਼ਤਾਨ ਦੀ ਸ਼ਕਤੀ ਨੂੰ ਨਾਸ ਕਰਨਾ ਸੀ। ਇਸ ਨੂੰ ਸਿਆਣਦਿਆਂ ਹੋਇਆਂ ਸ਼ਤਾਨ ਨੇ ਯਿਸੂ ਦੇ ਉਦੇਸ਼ ਨੂੰ ਵਿਗਾੜਣ ਅਤੇ ਉਸ ਨੂੰ ਨਾਸ ਕਰਨ ਦੇ ਸਾਰੇ ਜਤਨ ਕੀਤੇ। ਜਦ ਵੀ ਸ਼ਤਾਨ ਨੇ ਅਜਿਹਾ ਕੀਤਾ ਉਸ ਨੂੰ ਹਰ ਵਾਰ ਹਾਰ ਦਾ ਹੀ ਸਾਹਮਣਾ ਕਰਨਾ ਪਿਆ: ਜਦ ਉਸ ਨੇ ਯਿਸੂ ਤੋਂ ਸਿੱਧੇ ਤੌਰ 'ਤੇ ਪਾਪ ਕਰਾਉਣਾ ਚਾਹਿਆ, ਉਹ ਵਿਫਲ ਰਿਹਾ (ਮੱਤੀ 4)। ਜਦ ਉਸ ਨੇ ਯਿਸੂ ਤੋਂ ਅਸਿੱਧੇ ਤੌਰ 'ਤੇ ਪਾਪ ਕਰਾਉਣਾ ਚਾਹਿਆ, ਤਦ ਵੀ ਉਹ ਵਿਫਲ ਰਿਹਾ (ਮੱਤੀ 16:23)। ਉਹ ਤਾਂ ਆਪਣੇ ਸਾਥੀ ਦੁਸ਼ਟ ਆਤਮਿਆਂ ਨੂੰ ਯਿਸੂ ਅਤੇ ਉਸ ਦੇ ਚੇਲਿਆਂ ਦੁਆਰਾ ਕੱਢੇ ਜਾਣ ਤੋਂ ਵੀ ਨਹੀਂ ਰੋਕ ਸਕਿਆ। ਜਦ ਸ਼ਤਾਨ ਨੇ ਵੇਖਿਆ ਕਿ ਹੁਣ ਨਿਯੰਤ੍ਰਣ ਉਸ ਦੇ ਹੱਥ ਵਿੱਚੋਂ ਨਿਕਲ ਰਿਹਾ ਹੈ ਤਾਂ ਉਸ ਨੇ ਯਹੂਦਾ ਅਤੇ ਯਹੂਦੀ ਆਗੂਆਂ ਨੂੰ ਭਰਮਾਇਆ ਕਿ ਉਹ ਯਿਸੂ ਨੂੰ ਰੋਮੀ ਸਲੀਬ ਉੱਤੇ

ਕਿੱਲਾਂ ਨਾਲ ਜੜ ਦੇਣ।

ਜੋ ਗੱਲ ਸ਼ਤਾਨ ਦੇ ਸਮਝ ਨਹੀਂ ਆਈ ਉਹ ਇਹ ਸੀ ਕਿ ਯਿਸੂ ਦੀ ਮੌਤ ਅਤੇ ਉਸ ਤੋਂ ਬਾਅਦ ਉਸ ਦਾ ਜੀ ਉੱਠਣਾ ਉਸ ਦੀ ਆਪਣੀ ਹਾਰ ਦਾ ਮੁੱਢਲਾ ਕਾਰਨ ਬਣਨਗੇ (12:11 ਦੀਆਂ ਟਿੱਪਣੀਆਂ ਵੇਖੋ)। ਯਿਸੂ ਦੀ ਮੌਤ ਨੇ ਪਾਪ ਦੀ ਸ਼ਕਤੀ ਨੂੰ ਨਾਸ ਕਰ ਦਿੱਤਾ; ਯਿਸੂ ਦੇ ਜੀ ਉੱਠਣ ਨੇ ਮੌਤ ਦੀ ਸ਼ਕਤੀ ਨੂੰ ਨਾਸ ਕਰ ਦਿੱਤਾ। "ਹੇ ਮੌਤ, ਤੇਰੀ ਫਤਹ ਕਿੱਥੇ ਹੈ? ਹੇ ਮੌਤ, ਤੇਰਾ ਡੰਗ ਕਿੱਥੇ ਹੈ? ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦਾ ਬਲ ਸ਼ਰਾ ਹੈ। ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ" (1 ਕੁਰਿੰਥੀਆਂ 15:55-57)।

ਯਿਸੂ ਦੀ ਕੁਰਬਾਨੀ ਦੇ ਲਾਭ ਯਹੂਦੀਆਂ ਤੱਕ ਹੀ ਸੀਮਿਤ ਨਹੀਂ ਸਨ, ਸਗੋਂ ਇਹ ਤਾਂ ਸਾਰੀ ਮਨੁੱਖਜਾਤੀ ਲਈ ਸਨ। ਉਸ ਦੇ ਰਾਹੀਂ ਹਰੇਕ ਆਗਿਆਕਾਰੀ ਵਿਸ਼ਵਾਸੀ ਸ਼ਤਾਨ ਦੀ ਬੇੜੀਆਂ ਨੂੰ ਲਾਹ ਕੇ ਸੁੱਟ ਸਕਦਾ ਹੈ। ਇਸ ਕਰਕੇ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ਕਿ ਉਹ ਇਸ ਮੁਕਤੀ ਦੇ ਸੰਦੇਸ਼ ਨੂੰ ਸਭਨਾਂ ਕੌਮਾਂ ਤੱਕ ਲੈ ਕੇ ਜਾਣ (ਮੱਤੀ 28:18-20)। ਜਦ ਪਤਰਸ ਨੇ ਪਹਿਲੀ ਵਾਰੀ ਖੁਸ਼ਖਬਰੀ ਦਾ ਪ੍ਰਚਾਰ ਕੀਤਾ, ਉਸ ਨੇ ਜ਼ੋਰ ਦਿੱਤਾ ਕਿ ਮੁਕਤੀ ਸਿਰਫ ਯਹੂਦੀਆਂ ਲਈ ਹੀ ਨਹੀਂ ਸੀ, ਸਗੋਂ ਉਨ੍ਹਾਂ ਸਭਨਾਂ ਲਈ ਵੀ ਸੀ ਜਿਹੜੇ "ਦੂਰ ਹਨ" (ਰਸੂਲਾਂ ਦੇ ਕਰਤੱਬ 2:39)।

ਸ਼ਤਾਨ ਨੇ ਅਰੰਭਕ ਮਸੀਹੀਆਂ ਨੂੰ ਸਤਾਉਣ ਦੁਆਰਾ ਖੁਸ਼ਖਬਰੀ ਦੇ ਪ੍ਰਚਾਰ ਨੂੰ ਰੋਕਣ ਦਾ ਜਤਨ ਕੀਤਾ, ਪਰ ਉਸ ਦੇ ਜਤਨ ਪੁੱਠੇ ਪੈ ਗਏ। ਖੁਸ਼ਖਬਰੀ ਦੇ ਯਰੂਸ਼ਲਮ ਵਿੱਚ ਹੀ ਸੀਮਿਤ ਰਹਿਣ ਦੀ ਬਜਾਇ ਸਤਾਉ ਦੇ ਕਾਰਨ ਇਹ ਹੋਰ ਵੀ ਫੈਲ ਗਈ (ਰਸੂਲਾਂ ਦੇ ਕਰਤੱਬ 8:1-4)। ਪ੍ਰਭੂ ਨੇ ਉਸ ਵੇਲੇ ਸ਼ਤਾਨ ਦੇ ਇੱਕ ਪ੍ਰਮੁੱਖ ਪਾਤਰ ਦਾ ਮਨ ਵੀ ਬਦਲ ਦਿੱਤਾ ਜਿਸ ਨੂੰ ਤਰਸੁਸ ਦੇ ਸੌਲੁਸ ਨਾਮ ਨਾਲ ਜਾਣਿਆ ਜਾਂਦਾ ਹੈ। ਯਿਸੂ ਨੇ ਸੌਲੁਸ ਨੂੰ, ਜਿਸ ਨੂੰ ਬਾਅਦ ਵਿੱਚ ਪੌਲੁਸ ਨਾਮ ਦਿੱਤਾ ਗਿਆ, ਗੈਰਕੌਮਾਂ (ਗੈਰਯਹੂਦੀਆਂ) ਵਿੱਚ ਜਾਣ ਲਈ ਘੱਲਿਆ:

> . . . ਮੈਂ ਤੈਨੂੰ ਇਸ ਲਈ ਦਰਸ਼ਣ ਦਿੱਤਾ ਹੈ ਭਈ . . . ਤੈਨੂੰ ਸੇਵਕ ਅਤੇ ਸਾਖੀ ਠਹਿਰਾਵਾਂ . . . ਤਾਂ ਜੋ ਤੂੰ ਉਨ੍ਹਾਂ ਦੀਆਂ ਅੱਖਾਂ ਨੂੰ ਖੋਲ੍ਹ ਦੇਵੇਂ ਭਈ ਓਹ ਅਨ੍ਹੇਰੇ ਤੋਂ ਚਾਨਣ ਦੀ ਵੱਲ ਅਤੇ *ਸ਼ਤਾਨ ਦੇ ਵੱਸ ਤੋਂ ਪਰਮੇਸ਼ੁਰ ਦੀ ਵੱਲ ਮੁੜਨ* ਕਿ ਓਹ ਪਾਪਾਂ ਦੀ ਮਾਫ਼ੀ ਅਤੇ ਉਨ੍ਹਾਂ ਵਿੱਚ ਜੋ ਮੇਰੇ ਉੱਤੇ ਨਿਹਚਾ ਕਰਕੇ ਪਵਿੱਤਰ ਹੋਏ ਹਨ ਵਿਰਸਾ ਪਾਉਣ (ਰਸੂਲਾਂ ਦੇ ਕਰਤੱਬ 26:16-18; ਜ਼ੋਰ ਦਿੱਤਾ ਗਿਆ ਹੈ)।

ਜਿੱਥੇ ਕਿਤੇ ਖੁਸ਼ਖਬਰੀ ਗਈ ਉੱਥੇ ਇਸ ਨੂੰ ਸਵੀਕਾਰ ਕਰਨ ਵਾਲਿਆਂ ਦੇ ਦਿਲਾਂ ਵਿੱਚੋਂ ਹਨੇਰਾ ਭੱਜ ਗਿਆ ਅਤੇ ਚਾਨਣ ਪ੍ਰਬਲ ਹੋਇਆ (ਕੁਲੁੱਸੀਆਂ 1:13; 1 ਥੱਸਲੁਨੀਕੀਆਂ 5:4; 1 ਪਤਰਸ 2:9)। ਸੈਕੜਿਆਂ – ਇੱਥੋਂ ਤੱਕ ਕਿ ਹਜ਼ਾਰਾਂ – ਨੂੰ ਸ਼ਤਾਨ ਉੱਤੇ ਜਿੱਤ ਮਿਲੀ ਜੋ "ਲੇਲੇ ਦੇ ਲਹੂ ਦੇ ਕਾਰਨ" ਹੋਇਆ (ਪਰਕਾਸ਼ 12:11)। ਪਹਿਲੀ ਸਦੀ ਦੇ ਅੰਤ ਤੋਂ ਪਹਿਲਾਂ, ਪੌਲੁਸ ਨੇ ਆਖਿਆ ਕਿ ਖੁਸ਼ਖਬਰੀ "ਦਾ ਪਰਚਾਰ ਅਕਾਸ਼ ਹੇਠਲੀ ਸਾਰੀ ਸ਼ਰਿਸ਼ਟ ਵਿੱਚ ਕੀਤਾ ਗਿਆ" (ਕੁਲੁੱਸੀਆਂ 1:23)। ਸ਼ਤਾਨ ਉੱਤੇ ਅਜਿਹਾ ਹਮਲਾ ਹੋਇਆ ਸੀ ਜਿਸ ਤੋਂ ਉਹ ਕਦੇ ਸੰਭਲ ਨਹੀਂ ਸਕਿਆ। ਅਧਿਆਇ 12 ਆਖਦਾ ਹੈ ਕਿ ਮਸੀਹੀ ਲੋਕ ਹੁਣ ਇੱਕ ਜ਼ਖਮੀ ਅਤੇ ਹਾਰੇ ਹੋਏ ਵੈਰੀ ਨਾਲ ਲੜ ਰਹੇ ਹਨ। ਅਧਿਆਇ 20 ਵੀ ਮੁੱਢਲੇ ਤੌਰ 'ਤੇ ਇਹੋ ਸਿੱਖਿਆ ਦਿੰਦਾ ਹੈ, ਪਰ ਇੱਕ ਵੱਖਰੇ ਰੂਪਕ ਦੀ ਵਰਤੋਂ ਕਰਦਾ ਹੈ: ਮਸੀਹੀ ਲੋਕ ਹੁਣ ਇੱਕ *ਜਕੜੇ ਹੋਏ* ਵੈਰੀ ਨਾਲ ਲੜ ਰਹੇ ਹਨ।

ਕੀ ਇਸ ਦਾ ਅਰਥ ਹੈ ਕਿ ਸ਼ਤਾਨ ਹੁਣ ਕਿਰਿਆਸ਼ੀਲ ਨਹੀਂ ਹੈ? ਬਿਲਕੁਲ ਨਹੀਂ। ਕੀ ਇਸ ਦਾ ਅਰਥ ਹੈ ਕਿ ਸ਼ਤਾਨ ਹੁਣ ਕਲੀਸਿਆ ਜਾਂ ਮਸੀਹੀਆਂ ਨੂੰ ਨਾਸ ਕਰਨ ਦਾ ਜਤਨ ਨਹੀਂ ਕਰ ਰਿਹਾ? ਨਹੀਂ। ਸ਼ਤਾਨ ਨੇ ਬੰਨ੍ਹੇ ਜਾਣ ਤੋਂ ਬਾਅਦ ਵੀ ਮਸੀਹੀਆਂ ਨੂੰ ਮਾਰਨਾ ਜਾਰੀ ਰੱਖਿਆ। ਕੀ ਇਸ ਦਾ ਅਰਥ ਇਹ ਹੈ ਕਿ ਸ਼ਤਾਨ ਹੁਣ ਇਹ ਜਤਨ ਨਹੀਂ ਕਰ ਰਿਹਾ ਕਿ ਆਪਣੇ ਨਾਲ ਵਧ ਤੋਂ ਵਧ ਲੋਕਾਂ ਨੂੰ ਨਰਕ ਲੈ ਕੇ ਜਾਵੇ? ਨਹੀਂ। ਓਵੇਨ ਕ੍ਰਾਉਚ ਨੇ ਇਸ ਨੂੰ ਇਸ ਤਰ੍ਹਾਂ ਆਖਿਆ: ਸ਼ਤਾਨ ਇਸ ਵੇਲੇ "ਸੀਮਿਤ ਹੈ, ਖਤਮ ਨਹੀਂ ਹੋਇਆ ਹੈ।"[12]

ਸ਼ਤਾਨ ਦੇ "ਬੰਨ੍ਹੇ ਜਾਣ" ਦਾ ਅਰਥ ਇਹ ਹੈ ਕਿ ਉਸ ਦੀ ਸ਼ਕਤੀ ਘਟਾ ਦਿੱਤੀ ਗਈ ਹੈ। ਪ੍ਰਭੂ ਨੇ ਸ਼ਤਾਨ ਨੂੰ ਭਿੰਨ-ਭਿੰਨ ਤਰ੍ਹਾਂ ਨਾਲ ਸੀਮਿਤ ਕਰ ਦਿੱਤਾ ਹੈ: ਉਹ ਵਚਨ ਨੂੰ ਨਾਸ ਨਹੀਂ ਕਰ ਸਕਦਾ (ਮੱਤੀ 24:35; 1 ਪਤਰਸ 1:25)। ਉਹ ਕਲੀਸਿਆ ਨੂੰ ਨਾਸ ਨਹੀਂ ਕਰ ਸਕਦਾ (ਮੱਤੀ 16:18)। ਉਹ ਹੁਣ ਮਸੀਹੀਆਂ ਦੇ ਸਤਾਉ ਨੂੰ ਲੈ ਕੇ ਵੀ ਸੀਮਿਤ ਹੋ ਗਿਆ ਹੈ। ਹੁਣ ਉਹ ਮਨੁੱਖਾਂ ਵਿੱਚ ਵੜ ਕੇ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਉਨ੍ਹਾਂ ਨੂੰ ਨਿਯੰਤ੍ਰਿਤ ਨਹੀਂ ਕਰ ਸਕਦਾ, ਜਿਵੇਂ ਉਹ ਰਸੂਲਾਂ ਦੇ ਦਿਨਾਂ ਵਿੱਚ ਕਰ ਸਕਦਾ ਸੀ। ਉਹ ਮਸੀਹੀਆਂ ਨੂੰ ਉਨ੍ਹਾਂ ਦੇ ਸਹਿਣ ਤੋਂ ਬਾਹਰ ਪ੍ਰੀਖਿਆ ਵਿੱਚ ਨਹੀਂ ਪਾ ਸਕਦਾ (1 ਕੁਰਿੰਥੀਆਂ 10:13; 2 ਪਤਰਸ 2:9)। ਜੇਕਰ ਵਫ਼ਾਦਾਰ ਲੋਕ ਸ਼ਤਾਨ ਦਾ ਸਾਹਮਣਾ ਕਰਦੇ ਹਨ, ਤਾਂ ਉਹ ਉਨ੍ਹਾਂ ਕੋਲੋਂ ਭੱਜ ਜਾਵੇਗਾ। (ਯਾਕੂਬ 4:7; ਵੇਖੋ ਅਫ਼ਸੀਆਂ 6:16)। ਸਲੀਬ ਦੇ ਕਾਰਨ ਸ਼ਤਾਨ ਭਰਾਵਾਂ ਉੱਤੇ ਦੋਸ਼ ਲਗਾਉਣ ਦਾ ਅਧਿਕਾਰ ਗੁਆ ਬੈਠਾ ਹੈ (12:10 ਦੀਆਂ ਟਿੱਪਣੀਆਂ ਵੇਖੋ)। ਮੌਜੂਦਾ ਮੂਲਪਾਠ ਵਿੱਚ ਗੁਆਚਿਆਂ ਹੋਇਆਂ ਨੂੰ ਭਰਮਾਏ ਜਾਣ ਦੇ ਮਸਲੇ ਵਿੱਚ ਸ਼ਤਾਨ ਦੇ ਸੀਮਿਤ ਹੋ ਜਾਣ ਉੱਤੇ ਜ਼ੋਰ ਦਿੱਤਾ ਗਿਆ ਹੈ। ਖੁਸ਼ਖਬਰੀ ਦਾ ਚਾਨਣ ਹਨੇਰੇ ਵਿੱਚ ਜਗਮਗਾਉਂਦਾ ਹੈ ਅਤੇ ਸ਼ਤਾਨ ਦੀਆਂ ਸਕੀਮਾਂ ਨੂੰ ਉਨ੍ਹਾਂ ਉੱਤੇ ਪਰਗਟ ਕਰ ਦਿੰਦਾ ਹੈ (2 ਕੁਰਿੰਥੀਆਂ 2:11) ਜਿਹੜੇ ਆਪਣੀਆਂ ਅੱਖਾਂ ਖੋਲ੍ਹਦੇ ਹਨ। ਅਸੀਂ ਸ਼ਾਇਦ ਹੋਰ ਵੀ ਤਰੀਕੇ ਸੋਚ ਸਕਦੇ ਹਾਂ ਜਿਨ੍ਹਾਂ ਵਿੱਚ ਸ਼ਤਾਨ ਅੱਜ ਸੀਮਿਤ ਹੈ। ਮੌਜੂਦਾ ਸੰਦਰਭ ਦਿਖਾਉਂਦਾ ਹੈ ਕਿ ਜਿਹੜੇ ਮਸੀਹੀ ਸ਼ਤਾਨ ਦੇ ਪ੍ਰਭਾਵ ਦੇ ਕਾਰਨ ਸ਼ਹੀਦ ਕੀਤੇ ਗਏ ਸਨ ਉਹ ਹੁਣ ਮਸੀਹ ਦੇ ਨਾਲ ਰਾਜ ਕਰ ਰਹੇ ਹਨ। ਇਸ ਤਰ੍ਹਾਂ ਸ਼ਤਾਨ ਮਸੀਹੀਆਂ ਵਿਰੁੱਧ ਕੀਤੇ ਜਾਣ ਵਾਲੇ ਆਪਣੇ ਕੰਮਾਂ ਵਿੱਚ ਵੀ ਸੀਮਿਤ ਹੈ: ਉਹ ਉਨ੍ਹਾਂ ਨੂੰ ਮਾਰ ਤਾਂ ਸਕਦਾ ਹੈ ਪਰ ਉਨ੍ਹਾਂ ਨੂੰ ਨਾਸ ਨਹੀਂ ਕਰ ਸਕਦਾ। ਉਹ ਉਨ੍ਹਾਂ ਦੇ ਜੀਵਨ ਦਾ ਅੰਤ ਤਾਂ ਕਰ ਸਕਦਾ ਹੈ ਪਰ ਉਨ੍ਹਾਂ ਦੀ ਜਿੱਤ ਨੂੰ ਨਹੀਂ ਖੋਹ ਸਕਦਾ।

**ਆਇਤ 3.** ਦੂਤ ਵੱਲੋਂ ਅਜਗਰ ਨੂੰ ਜਕੜ ਲਏ ਜਾਣ ਮਗਰੋਂ ਉਸ ਨੇ ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਇਹ ਨੂੰ ਮੁੰਦ ਕੇ ਉਹ ਦੇ ਉੱਤੇ ਮੋਹਰ ਲਾਈ ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ। ਦਰਸ਼ਣ ਵਿੱਚ ਅਥਾਹ ਕੁੰਡ ਉੱਤੇ ਮੋਹਰ ਲਾਈ ਗਈ, ਉਵੇਂ ਹੀ ਜਿਵੇਂ ਮਸੀਹ ਦੀ ਕਬਰ ਉੱਤੇ ਮੋਹਰ ਲਗਾਈ ਗਈ ਸੀ (ਮੱਤੀ 27:66)। ਮੋਹਰ ਇਸ ਗੱਲ ਨੂੰ ਨਿਸ਼ਚਿਤ ਕਰਦੀ ਸੀ ਕਿ ਕੋਈ ਵੀ ਵਿਅਕਤੀ ਮੋਹਰਬੰਦ ਥਾਂ ਵਿੱਚ ਜਾਣਕਾਰੀ ਦੇ ਬਿਨਾ ਨਾ ਤਾਂ ਪ੍ਰਵੇਸ਼ ਕਰ ਸਕਦਾ ਹੈ ਅਤੇ ਨਾ ਹੀ ਨਿਕਲ ਸਕਦਾ ਹੈ। ਮੁੰਦੇ ਅਤੇ ਮੋਹਰਬੰਦ ਅਥਾਹ ਕੁੰਡ ਨੂੰ ਅੱਗੇ ਚੱਲ ਕੇ ਸ਼ਤਾਨ ਦੀ "ਕੈਦ" ਆਖਿਆ ਗਿਆ ਹੈ (20:7)। ਸੁੱਟਣਾ, ਮੁੰਦਣਾ ਅਤੇ ਮੋਹਰ ਲਗਾਉਣਾ ਸਿਰਫ ਇਸ ਵਿਚਾਰ ਨੂੰ ਬਿਹਤਰ ਰੂਪ ਦੇਣ ਦਾ ਇੱਕ ਜ਼ਰੀਆ ਹੈ ਕਿ ਸ਼ਤਾਨ ਦੀਆਂ ਗਤੀਵਿਧੀਆਂ ਨੂੰ ਸੀਮਿਤ ਕਰ ਦਿੱਤਾ ਗਿਆ ਹੈ, ਜਿਸ ਵਿੱਚ ਇਸ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਉਹ ਪਰਮੇਸ਼ੁਰ ਵੱਲੋਂ ਉਸ ਉੱਤੇ ਪਾਏ ਗਏ ਬੰਧਨਾਂ ਨੂੰ ਖੋਲ੍ਹ ਕੇ ਨਿਕਲ ਸਕੇ।

ਇਹ ਆਇਤ ਇਨ੍ਹਾਂ ਉਲਝਣ ਭਰੇ ਸ਼ਬਦਾਂ ਦੇ ਨਾਲ ਸਮਾਪਤ ਹੁੰਦੀ ਹੈ: **ਜਿੰਨਾ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ। ਇਹ ਦੇ ਮਗਰੋਂ ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ**

**ਛੱਡਿਆ ਜਾਵੇ। ਜ਼ਰੂਰ** ਸ਼ਬਦ ਯੂਨਾਨੀ ਦੇ δεῖ (*ਡੇਈ*) ਸ਼ਬਦ ਤੋਂ ਹੈ, ਜੋ "ਨੈਤਿਕ ਲੋੜ" ਵੱਲ ਸੰਕੇਤ ਕਰਦਾ ਹੈ। ਸ਼ਤਾਨ ਨੂੰ **ਥੋੜ੍ਹੇ ਚਿਰ ਲਈ** ("ਥੋਰੇ ਸਮੇਂ ਲਈ"; KJV) ਛੱਡੇ ਜਾਣ ਦਾ ਅਰਥ ਭਾਵੇਂ ਜੋ ਵੀ ਹੋਵੇ, ਇਹ ਪਰਮੇਸ਼ੁਰ ਦੀ ਯੋਜਨਾ ਅਤੇ ਉਦੇਸ਼ ਦਾ ਹਿੱਸਾ ਸੀ। ਸ਼ਾਇਦ "ਥੋੜ੍ਹੇ ਚਿਰ ਲਈ" ਸ਼ਬਦਾਂ ਦਾ ਮਕਸਦ "ਹਜ਼ਾਰ ਵਰ੍ਹੇ" ਦੇ ਨਾਲ ਤੁਲਨਾ ਕਰਨਾ ਹੈ: ਸ਼ਤਾਨ ਦਾ "ਛੱਡਿਆ" ਜਾਣਾ ਥੋੜ੍ਹੇ ਚਿਰ ਲਈ ਸੀ ਅਤੇ ਉਸ ਦੇ "ਬੰਨ੍ਹੇ ਜਾਣ" ਦੀ ਤੁਲਨਾ ਵਿੱਚ ਇਸ ਦਾ ਕੋਈ ਮਹੱਤਵ ਨਹੀਂ ਸੀ (ਆਇਤ 7 ਦੀਆਂ ਟਿੱਪਣੀਆਂ ਵੇਖੋ)। ਸ਼ਤਾਨ ਨੂੰ ਛੱਡੇ ਜਾਣ ਅਤੇ ਉਸ ਦੇ ਅੰਤ ਬਾਰੇ ਵਿਸਥਾਰ ਨਾਲ ਬਾਅਦ ਵਿੱਚ ਆਇਤਾਂ 7 ਤੋਂ ਲੈ ਕੇ 10 ਵਿੱਚ ਦੱਸਿਆ ਗਿਆ ਹੈ।

ਪਰਕਾਸ਼ ਦੀ ਪੋਥੀ 20 ਦਾ ਅਧਿਐਨ ਕਰਦਿਆਂ ਸਮੇਂ ਦੀ ਮਿਆਦ ਵਿੱਚ ਨਾ ਸੋਚਣਾ ਬਹੁਤ ਔਖਾ ਹੈ। ਜ਼ਿਆਦਾਤਰ ਟੀਕਾਕਾਰ – ਇੱਥੋਂ ਤੱਕ ਕਿ ਉਹ ਵੀ ਜਿਹੜੇ ਆਖਦੇ ਹਨ ਕਿ "ਹਜ਼ਾਰ ਵਰ੍ਹੇ" ਨੂੰ ਸ਼ਾਬਦਿਕ ਨਹੀਂ ਲਿਆ ਜਾਣਾ ਚਾਹੀਦਾ – ਸ਼ਤਾਨ ਦੇ "ਥੋੜ੍ਹੇ ਚਿਰ" ਨੂੰ ਸ਼ਾਬਦਿਕ ਤੌਰ 'ਤੇ ਇਸ ਜੁੱਗ ਦੇ ਅੰਤ ਵਿੱਚ ਆਉਣ ਵਾਲਾ ਅਸਲ ਸਮਾਂ ਆਖਦੇ ਹਨ।

ਅਤੀਤ ਵਿੱਚ ਪ੍ਰੀਮਿਲੇਨਿਅਲਿਜ਼ਮ ਦਾ ਵਿਰੋਧ ਕਰਨ ਵਾਲੇ ਲੋਕ ਆਖਦੇ ਹੁੰਦੇ ਸਨ ਕਿ "ਹਜ਼ਾਰ ਵਰ੍ਹੇ ਅਸਲ ਵਿੱਚ ਮਸੀਹੀ ਜੁੱਗ ਦਾ ਹਵਾਲਾ ਹੈ।" ਇਸ ਵਿੱਚ ਸੱਚਾਈ ਦਾ ਇੱਕ ਤਕੜਾ ਤੱਤ ਹੈ, ਪਰ ਇਸ ਵਿੱਚ ਇੱਕ ਸਮੱਸਿਆ ਵੀ ਹੈ: ਜ਼ਿਆਦਾਤਰ ਲੋਕ ਸਹਿਮਤ ਹੁੰਦੇ ਹਨ ਕਿ ਮਸੀਹੀ ਜੁੱਗ ਮਸੀਹ ਦੀ ਦੂਜੀ ਆਮਦ ਤੱਕ ਜਾਰੀ ਰਹੇਗਾ, ਪਰ ਜ਼ਰੂਰੀ ਹੈ ਕਿ ਸ਼ਤਾਨ ਦਾ "ਥੋੜ੍ਹਾ ਸਮਾਂ" (KJV) ਵੀ ਯਿਸੂ ਦੀ ਦੂਜੀ ਆਮਦ ਤੋਂ ਪਹਿਲਾਂ ਆਵੇ। ਜਦ ਮਸੀਹ ਵਾਪਸ ਆਵੇਗਾ, ਤਦ ਨਿਆਉਂ ਦਾ ਦਿਨ ਆਵੇਗਾ, ਅਤੇ ਦੁਸ਼ਟਾਂ ਨੂੰ ਨਰਕ ਵਿੱਚ ਸੁੱਟ ਦਿੱਤਾ ਜਾਵੇਗਾ (20:11-15)। ਸ਼ਤਾਨ ਨੂੰ ਵੀ ਉਸੇ ਵੇਲੇ ਨਰਕ ਵਿੱਚ ਪਾਇਆ ਜਾਵੇਗਾ (20:10)। ਇਸ ਕਰਕੇ, "ਥੋੜ੍ਹਾ ਸਮਾਂ" ਜੋ ਉਸ ਦੇ ਨਰਕ ਜਾਣ ਤੋਂ ਠੀਕ ਪਹਿਲਾਂ ਹੋਵੇਗਾ (20:7-9), ਯਿਸੂ ਦੀ ਦੂਜੀ ਆਮਦ ਤੋਂ ਪਹਿਲਾਂ ਆਉਣਾ ਚਾਹੀਦਾ ਹੈ। ਜੇਕਰ "ਹਜ਼ਾਰ ਵਰ੍ਹੇ" ਮਸੀਹੀ ਜੁੱਗ ਹੈ ਤਾਂ ਫਿਰ ਇਹ "ਥੋੜ੍ਹਾ ਸਮਾਂ" ਕਿੱਥੇ ਢੁਕਵਾਂ ਬੈਠਦਾ ਹੈ? ਕਦੇ-ਕਦੇ ਇਸ "ਥੋੜ੍ਹੇ ਸਮੇਂ" ਤੋਂ ਇਹ ਆਖ ਕੇ ਪਿੱਛਾ ਛੁਡਾ ਲਿਆ ਜਾਂਦਾ ਹੈ ਕਿ ਇਹ "ਮਸੀਹੀ ਜੁੱਗ ਦੇ ਅੰਤ ਵਿੱਚ ਆਉਣ ਵਾਲਾ ਥੋੜ੍ਹਾ ਸਮਾਂ ਹੋਵੇਗਾ।" ਪਰ ਮੂਲਪਾਠ ਤਾਂ ਇਹ ਆਖਦਾ ਹੈ ਕਿ ਇਹ "ਹਜ਼ਾਰ ਵਰ੍ਹੇ" ਤੋਂ *ਬਾਅਦ* ਆਇਆ। ਇਸ ਕਰਕੇ ਜੇਕਰ "ਹਜ਼ਾਰ ਵਰ੍ਹੇ" ਮਸੀਹੀ ਜੁੱਗ ਹੈ ਤਾਂ "ਥੋੜ੍ਹਾ ਚਿਰ" ਨੂੰ ਇੱਕ ਸ਼ਾਬਦਿਕ ਤੌਰ 'ਤੇ ਅਸਲ ਸਮੇਂ ਦੀ ਮਿਆਦ ਵਜੋਂ ਲਿਆ ਜਾਣਾ ਪਵੇਗਾ, "ਥੋੜ੍ਹਾ ਚਿਰ" ਉਹ ਸਮਾਂ ਹੋਵੇਗਾ ਜਿਹੜਾ ਮਸੀਹੀ ਜੁੱਗ ਤੋਂ ਬਾਅਦ ਪਰ ਦੂਜੀ ਆਮਦ ਤੋਂ ਪਹਿਲਾਂ ਆਵੇਗਾ।

ਉੱਪਰ ਦਿੱਤੇ ਗਏ ਵੇਰਵੇ ਵਿੱਚ ਇੱਕ ਸਪੱਸ਼ਟ ਸਮੱਸਿਆ ਹੈ: ਇਸ ਦਾ ਅਰਥ ਹੈ ਕਿ ਮਸੀਹੀ ਜੁੱਗ ਦੂਜੀ ਆਮਦ ਤੱਕ ਨਹੀਂ ਚੱਲੇਗਾ। ਇਸੇ ਕਰਕੇ ਅਸੀਂ ਜ਼ੋਰ ਦਿੱਤਾ ਹੈ ਕਿ "ਇੱਕ ਹਜ਼ਾਰ ਦਾ ਅਰਥ ਸੰਪੂਰਣਤਾ" ਹੈ, ਜਿਸ ਦਾ ਕਿਸੇ ਸਮੇਂ ਦੀ ਮਿਆਦ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤੋਂ ਇਲਾਵਾ, ਇਸੇ ਕਰਕੇ ਇਹ ਆਖਿਆ ਗਿਆ ਸੀ ਕਿ "'ਹਜ਼ਾਰ ਵਰ੍ਹੇ' ਉਹ ਸਮਾਂ ਹੈ ਜਿਸ ਵਿੱਚ ਸ਼ਤਾਨ ਬੰਨ੍ਹਿਆ ਹੋਇਆ ਹੈ ਅਤੇ ਮਸੀਹ ਵਿੱਚ ਮਰੇ ਹੋਏ ਲੋਕ ਜੀਉਂਦੇ ਹਨ ਅਤੇ ਰਾਜ ਕਰ ਰਹੇ ਹਨ – ਜੋ ਕਿ ਇਸ ਵੇਲੇ ਹੋ ਰਿਹਾ ਹੈ।" "ਇਸ ਵੇਲੇ" ਮਸੀਹੀ ਜੁੱਗ *ਹੈ*; ਪਰ ਫਿਰ ਵੀ ਇਸ ਵਿੱਚ ਅਤੇ ਇਹ ਆਖਣ ਵਿੱਚ ਕਿ "ਹਜ਼ਾਰ ਵਰ੍ਹੇ ਦਾ ਅਰਥ ਮਸੀਹੀ ਜੁੱਗ ਹੈ" ਇੱਕ ਬਰੀਕ ਪਰ ਇੱਕ ਮਹੱਤਵਪੂਰਣ ਅੰਤਰ ਹੈ। "ਹਜ਼ਾਰ ਵਰ੍ਹੇ" *ਅਤੇ* "ਥੋੜ੍ਹੇ ਚਿਰ" ਬਾਰੇ ਗੱਲ ਕਰਦਿਆਂ ਚੰਗਾ ਹੋਵੇਗਾ ਕਿ ਸ਼ਾਬਦਿਕ ਵਿਆਖਿਆ ਤੋਂ ਬਚਿਆ ਜਾਵੇ ਅਤੇ ਪ੍ਰਤੀਕਾਤਮਕ ਮਹੱਤਵ ਉੱਤੇ ਜ਼ੋਰ ਦਿੱਤਾ ਜਾਵੇ।

# ਪਹਿਲੀ ਕਿਆਮਤ (20:4-6)

**[4]ਮੈਂ ਗੱਦੀਆਂ ਵੇਖੀਆਂ ਅਤੇ ਓਹ ਉਨ੍ਹਾਂ ਉੱਤੇ ਬੈਠੇ ਹੋਏ ਸਨ ਅਤੇ ਨਿਆਉਂ ਕਰਨ ਦਾ ਓਹਨਾਂ ਨੂੰ ਇਖ਼ਤਿਆਰ ਦਿੱਤਾ ਗਿਆ ਅਤੇ ਮੈਂ ਓਹਨਾਂ ਦੇ ਜੀਵਾਂ ਨੂੰ ਵੇਖਿਆ ਜਿਨ੍ਹਾਂ ਦੇ ਸਿਰ ਯਿਸੂ ਦੀ ਗਵਾਹੀ ਦੇ ਕਾਰਨ ਅਤੇ ਪਰਮੇਸ਼ੁਰ ਦੇ ਬਚਨ ਦੇ ਕਾਰਨ ਵੱਢੇ ਗਏ ਸਨ ਜਿਨ੍ਹਾਂ ਓਸ ਦਰਿੰਦੇ ਦੀ ਯਾ ਉਹ ਦੀ ਮੂਰਤੀ ਦੀ ਪੂਜਾ ਨਹੀਂ ਕੀਤੀ ਸੀ ਅਤੇ ਉਹ ਦਾਗ ਆਪਣੇ ਮੱਥੇ ਅਤੇ ਆਪਣੇ ਹੱਥ ਉੱਤੇ ਨਹੀਂ ਲੁਆਇਆ ਸੀ। ਓਹ ਜੀ ਉੱਠੇ ਅਤੇ ਹਜ਼ਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ। [5]ਬਾਕੀ ਦੇ ਮੁਰਦੇ ਹਜ਼ਾਰ ਵਰ੍ਹੇ ਦੇ ਪੂਰੇ ਹੋਣ ਤੀਕ ਜੀ ਨਾ ਉੱਠੇ। ਇਹ ਪਹਿਲੀ ਕਿਆਮਤ ਹੈ। [6]ਧੰਨ ਅਤੇ ਪਵਿੱਤਰ ਉਹ ਜਿਹੜਾ ਪਹਿਲੀ ਕਿਆਮਤ ਵਿੱਚ ਸ਼ਾਮਿਲ ਹੈ! ਏਹਨਾਂ ਉੱਤੇ ਦੂਈ ਮੌਤ ਦਾ ਕੁਝ ਵੱਸ ਨਹੀਂ ਸਗੋਂ ਓਹ ਪਰਮੇਸ਼ੁਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ ਉਹ ਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ।**

ਅਸੀਂ ਬਾਈਬਲ ਦੀ ਸਭ ਤੋਂ ਵਧ ਵਿਵਾਦਪੂਰਣ ਪੁਸਤਕ ਦੇ ਸਭ ਤੋਂ ਵਧ ਵਿਵਾਦਪੂਰਣ ਅਧਿਆਇ ਦੇ ਸਭ ਤੋਂ ਵਧ ਵਿਵਾਦਪੂਰਣ ਹਿੱਸੇ ’ਤੇ ਪੁੱਜ ਚੁੱਕੇ ਹਾਂ: ਪਰਕਾਸ਼ ਦੀ ਪੋਥੀ ਦੇ ਅਧਿਆਇ 20 ਦੀਆਂ ਆਇਤਾਂ 4 ਤੋਂ ਲੈ ਕੇ 6 ਤੱਕ। 20:1-3 ਵਿੱਚ ਸਾਨੂੰ ਦੱਸਿਆ ਗਿਆ ਹੈ ਕਿ ਸ਼ਤਾਨ ਨੂੰ ਹਜ਼ਾਰ ਵਰ੍ਹੇ ਲਈ ਜਕੜ ਦਿੱਤਾ ਗਿਆ ਹੈ। ਹੁਣ ਅਸੀਂ ਪੜ੍ਹਦੇ ਹਾਂ ਕਿ ਸ਼ਹੀਦ ਲੋਕ ਹਜ਼ਾਰ ਵਰ੍ਹੇ ਤੱਕ ਮਸੀਹ ਨਾਲ ਰਾਜ ਕਰਨਗੇ।

ਇਸ ਥਾਂ ’ਤੇ ਪਾਠਕ ਨੂੰ ਉਹ ਸਾਰੇ ਅਨੁਮਾਨ ਭੁਲਾ ਦੇਣੇ ਚਾਹੀਦੇ ਹਨ ਜਿਹੜੇ ਉਸ ਨੇ ਆਇਤਾਂ 1 ਤੋਂ ਲੈ ਕੇ 6 ਬਾਰੇ ਸੁਣੇ ਹਨ ਅਤੇ ਪਵਿੱਤਰ ਆਤਮਾ ਵੱਲੋਂ ਪੇਸ਼ ਕੀਤੀ ਗਈ ਤੁਲਨਾ ਉੱਤੇ ਗੌਰ ਕਰਨਾ ਚਾਹੀਦਾ ਹੈ: ਹਜ਼ਾਰ ਵਰ੍ਹੇ *ਲਈ ਸ਼ਤਾਨ ਨੂੰ ਬੰਨ੍ਹਿਆ ਗਿਆ*, ਜਦਕਿ ਹਜ਼ਾਰ ਵਰ੍ਹੇ *ਲਈ ਸ਼ਹੀਦਾਂ ਨੇ ਰਾਜ ਕੀਤਾ*। ਇੱਕ ਹਜ਼ਾਰ ਵਰ੍ਹੇ “ਸੰਪੂਰਣ” ਸੰਪੂਰਣਤਾ ਦਾ ਪ੍ਰਤੀਕ ਹੈ: ਸ਼ਤਾਨ ਨੂੰ ਪੂਰੀ ਤਰ੍ਹਾਂ ਬੰਨ੍ਹਿਆ ਗਿਆ, ਜਦਕਿ ਸ਼ਹੀਦਾਂ ਨੇ ਪੂਰੀ ਤਰ੍ਹਾਂ ਰਾਜ ਕੀਤਾ (ਆਇਤ 2 ਦੀਆਂ ਟਿੱਪਣੀਆਂ ਵੇਖੋ)। ਕਹਿਣ ਦਾ ਭਾਵ ਇਹ ਹੈ ਕਿ ਇੱਕ ਪਾਸੇ ਤਾਂ *ਸੰਪੂਰਣ ਹਾਰ* ਸੀ ਜਦਕਿ ਦੂਜੇ ਪਾਸੇ *ਸੰਪੂਰਣ ਜਿੱਤ* ਸੀ।

ਅਰੰਭਕ ਮਸੀਹੀਆਂ ਨੂੰ ਇਸ ਦ੍ਰਿਸ਼ਟੀਕੋਣ ਦੀ ਲੋੜ ਸੀ। ਇੱਕ ਅਰੰਭਕ ਦ੍ਰਿਸ਼ਟੀਕੋਣ ਤੋਂ ਅਜਿਹਾ ਜਾਪ ਰਿਹਾ ਸੀ ਕਿ ਸ਼ਤਾਨ ਜਿੱਤ ਰਿਹਾ ਹੈ ਅਤੇ ਮਸੀਹਤ ਖਤਮ ਹੋ ਰਹੀ ਹੈ। ਪਰਕਾਸ਼ 20:1-6 ਨੇ ਮਸੀਹੀ ਲੋਕਾਂ ਨੂੰ ਚੀਕ-ਚੀਕ ਕੇ ਆਖਿਆ, “ਇਹ ਤਾਂ ਸਿਰਫ ਇੱਕ ਭਰਮ ਹੈ! ਅਸਲੀਅਤ ਇਹ ਹੈ: *ਤੁਸੀਂ* ਜਿੱਤ ਰਹੇ ਹੋ! ਆਪਣੀ ਜਾਨ ਚਲੀ ਜਾਣ ਬਾਰੇ ਚਿੰਤਾ ਨਾ ਕਰੋ, ਕਿਉਂਕਿ ਆਪਣੀ ਨਿਹਚਾ ਲਈ ਸ਼ਹੀਦ ਹੋਏ ਲੋਕ ਅਸਲ ਵਿੱਚ ਮੋਏ ਨਹੀਂ ਹਨ। ਉਹ *ਜੀਉਂਦੇ* ਹਨ, ਅਤੇ ਉਹ ਯਿਸੂ ਨਾਲ *ਰਾਜ ਕਰ ਰਹੇ* ਹਨ!”

ਪਰਕਾਸ਼ 20:4-6 ਨੇ ਅਜਿਹਿਆਂ ਅਨੇਕਾਂ ਅਜੀਬ ਅਤੇ ਪੇਚੀਦਾ ਸਿੱਖਿਆਵਾਂ ਨੂੰ ਜਨਮ ਦਿੱਤਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਦੀ ਜਾਂਚ ਕੀਤੇ ਬਿਨਾ ਰਿਹਾ ਨਹੀਂ ਜਾ ਸਕਦਾ। ਪਰ ਫਿਰ ਵੀ, ਸਾਨੂੰ ਇਨ੍ਹਾਂ ਆਇਤਾਂ ਦੀ ਸਧਾਰਨ ਸਿੱਖਿਆ ਨੂੰ ਅਣਦੇਖਾ ਨਹੀਂ ਕਰਨਾ ਚਾਹੀਦਾ: ਜੇਕਰ ਅਸੀਂ ਵਫਾਦਾਰ ਰਹਿੰਦੇ ਹਾਂ, ਤਾਂ *ਸ਼ਤਾਨ ਹਾਰਦਾ ਹੈ ਅਤੇ ਅਸੀਂ ਜਿੱਤਦੇ ਹਾਂ*।

“ਮਿਲੇਨਿਅਮ” ਸ਼ਬਦ *ਮਿਲੇ* ਅਤੇ *ਏਨੁਸ* ਤੋਂ ਆਉਂਦਾ ਹੈ, ਜੋ ਲਾਤੀਨੀ ਭਾਸ਼ਾ ਵਿੱਚ “ਹਜ਼ਾਰ” ਅਤੇ “ਵਰ੍ਹੇ” ਲਈ ਇਸਤੇਮਾਲ ਹੋਣ ਵਾਲੇ ਸ਼ਬਦ ਹਨ। ਅਸਲ ਵਿੱਚ “ਮਿਲੇਨਿਅਮ” “ਇੱਕ ਹਜ਼ਾਰ ਵਰ੍ਹੇ” ਕਹਿਣ ਦਾ ਇੱਕ ਹੋਰ ਤਰੀਕਾ ਹੈ। ਕਦੇ-ਕਦੇ ਇੱਕ ਹੋਰ ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ: “ਖਿਲਿਆਸਮ।” ਇਹ ਯੂਨਾਨੀ ਦੇ ਸ਼ਬਦ χίλιοι (*ਖਿਲਿਓਇ*) ਤੋਂ ਹੈ ਜਿਸ ਦਾ ਅਰਥ ਹੈ

"ਹਜ਼ਾਰ" ਅਤੇ ਪਰਕਾਸ਼ ਦੀ ਪੋਥੀ 20 ਦੀ "ਹਜ਼ਾਰ ਵਰ੍ਹੇ" ਦੀ ਖਾਸ ਸਿੱਖਿਆ ਦਾ ਹਵਾਲਾ ਦਿੰਦਾ ਹੈ। ਅਧਿਆਇ 20 ਬਾਈਬਲ ਦੇ ਉਨ੍ਹਾਂ ਥੋੜੇ ਜਿਹੇ ਥਾਂਵਾਂ ਵਿੱਚੋਂ ਹੈ ਜੋ "ਇੱਕ ਹਜ਼ਾਰ ਵਰ੍ਹੇ" ਦੀ ਗੱਲ ਕਰਦੀਆਂ ਹਨ ਅਤੇ ਸਿਰਫ ਇੱਕੋ ਥਾਂ ਜਿਹੜਾ ਇੱਕ ਹਜ਼ਾਰ ਵਰ੍ਹੇ ਦੇ *ਰਾਜ* ਬਾਰੇ ਗੱਲ ਕਰਦਾ ਹੈ। ਬਾਈਬਲ ਵਿੱਚ ਕਈ ਥਾਂਵਾਂ 'ਤੇ "ਹਜ਼ਾਰ ਵਰ੍ਹੇ" ਸ਼ਬਦਾਂ ਦੀ ਵਰਤੋਂ ਬਹੁਤ ਲੰਮੇ ਸਮੇਂ, ਅਨਿਸ਼ਚਿਤ ਸਮੇਂ ਦਾ ਹਵਾਲਾ ਦੇਣ ਲਈ ਕੀਤੀ ਗਈ ਹੈ (ਜ਼ਬੂਰ 90:4; ਉਪਦੇਸ਼ਕ 6:6; 2 ਪਤਰਸ 3:8)। ਇਨ੍ਹਾਂ ਵਿੱਚੋਂ "ਹਜ਼ਾਰ ਵਰ੍ਹੇ" ਦੇ ਇੱਕ ਵੀ ਹਵਾਲੇ ਦੀ ਵਰਤੋਂ ਸ਼ਾਬਦਿਕ ਤੌਰ 'ਤੇ ਕਲੰਡਰ ਦੇ ਇੱਕ ਹਜ਼ਾਰ ਵਰ੍ਹਿਆਂ ਦੀ ਮਿਆਦ ਲਈ ਨਹੀਂ ਕੀਤੀ ਗਈ ਹੈ।

ਇਹ ਅਜੇ ਵੀ ਅਗਿਆਤ ਹੈ ਕਿ ਪਰਕਾਸ਼ ਦੀ ਪੋਥੀ ਵਿੱਚ ਮਿਲਣ ਵਾਲੇ ਸਭਨਾਂ ਪ੍ਰਤੀਕਾਤਮਕ ਅੰਕਾਂ ਵਿੱਚੋਂ ਲੋਕਾਂ ਨੇ "ਹਜ਼ਾਰ ਵਰ੍ਹੇ" ਨੂੰ ਸ਼ਾਬਦਿਕ ਤੌਰ 'ਤੇ ਲੈਣ ਦੀ ਚੋਣ ਕਿਉਂ ਕੀਤੀ। ਇਹ ਵੀ ਅਸਪੱਸ਼ਟ ਹੈ ਕਿ ਉਨ੍ਹਾਂ ਨੇ "ਹਜ਼ਾਰ ਵਰ੍ਹੇ" ਦੇ ਆਪਣੇ ਸ਼ਾਬਦਿਕ ਦ੍ਰਿਸ਼ਟੀਕੋਣ ਦੇ ਚੁਫੇਰੇ ਇੱਕ ਪੇਚੀਦਾ ਥਿਓਲੋਜੀ ਕਿਉਂ ਤਿਆਰ ਕਰ ਲਈ ਹੈ। ਇਹ ਹੋਇਆ ਹੈ – ਅਤੇ ਸਾਨੂੰ ਇਸ ਦੇ ਨਾਲ ਨਜਿੱਠਣਾ ਹੈ।

ਜਿਹੜੇ ਲੋਕ "ਮਿਲੇਨਿਅਲ ਦ੍ਰਿਸ਼ਟੀਕੋਣਾਂ" ਬਾਰੇ ਲਿਖਦੇ ਹਨ, ਉਹ ਆਮਤੌਰ 'ਤੇ ਸਭਨਾਂ ਲੋਕਾਂ ਨੂੰ ਹੇਠ ਲਿਖਿਆਂ ਤਿੰਨ ਵਰਗਾਂ ਵਿੱਚ ਵੰਡਦੇ ਹਨ:

1. *ਪੋਸਟਮਿਲੇਨਿਅਲਿਜ਼ਮ।* ਇਹ ਮਾਨਤਾ ਕਈ ਵਰ੍ਹੇ ਪਹਿਲਾਂ ਬਹੁਤ ਪ੍ਰਚਲਿਤ ਸੀ। ਹੁਣ ਇਹ ਲਗਭਗ ਖਤਮ ਹੋ ਚੁੱਕੀ ਹੈ, ਪਰ ਪੁਰਾਣੀਆਂ ਕਮੈਂਟ੍ਰੀਆਂ ਦੇ ਪੁਨਰਪ੍ਰਕਾਸ਼ਨ ਵਿੱਚ ਇਨ੍ਹਾਂ ਦਾ ਹਵਾਲਾ ਦਿੱਤਾ ਜਾਂਦਾ ਹੈ। "ਪੋਸਟ" ਸ਼ਬਦ ਦਾ ਅਰਥ ਹੈ "ਤੋਂ ਬਾਅਦ।" "ਪੋਸਟਮਿਲੇਨਿਅਲਿਜ਼ਮ" ਦਾ ਅਰਥ ਹੈ "ਹਜ਼ਾਰ ਵਰ੍ਹੇ ਤੋਂ ਬਾਅਦ।" ਇਹ ਦੂਜੀ ਆਮਦ ਵੱਲ ਇਸ਼ਾਰਾ ਕਰਦਾ ਹੈ: ਪੋਸਟਮਿਲੇਨਿਅਲਿਸਟ ਮੰਨਦੇ ਹਨ ਕਿ ਮਸੀਹ ਦੀ ਦੂਜੀ ਆਮਦ "ਹਜ਼ਾਰ ਵਰ੍ਹੇ" ਪੂਰੇ ਹੋ ਜਾਣ *ਤੋਂ ਬਾਅਦ* ਹੋਵੇਗੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ "ਮਿਲੇਨਿਅਮ" ਨੂੰ ਸ਼ਾਬਦਿਕ ਤੌਰ 'ਤੇ ਅਸਲੀ ਹਜ਼ਾਰ ਵਰ੍ਹੇ ਨਹੀਂ ਮੰਨਦੇ ਸਨ, ਸਗੋਂ ਇੱਕ "ਸੁਨਿਹਰੀ ਜੁੱਗ" ਮੰਨਦੇ ਸਨ, ਜਿਸ ਵਿੱਚ ਖੁਸ਼ਖਬਰੀ ਸੰਸਾਰ ਵਿੱਚ ਜੇਤੂ ਹੋਵੇਗੀ ਅਤੇ ਸ਼ਾਂਤੀ ਤੇ ਖੁਸ਼ਹਾਲੀ ਸਾਰੀ ਧਰਤੀ ਉੱਤੇ ਫੈਲੇਗੀ। ਦੋ ਵਿਸ਼ਵ ਯੁੱਧਾਂ ਅਤੇ ਵੀਹਵੀਂ ਸਦੀ ਦੀਆਂ ਹੋਰ ਸਮੱਸਿਆਵਾਂ ਨੇ ਇਸ ਨਾਦਾਨ ਆਸ਼ਾਵਾਦ ਦਾ ਖਾਤਮਾ ਕਰ ਦਿੱਤਾ।

2. *ਪ੍ਰੀਮਿਲੇਨਿਅਲਿਜ਼ਮ।* "ਪ੍ਰੀ" ਦਾ ਅਰਥ ਹੈ "ਤੋਂ ਪਹਿਲਾਂ," ਇਸ ਕਰਕੇ "ਪ੍ਰੀਮਿਲੇਨਿਅਲਿਜ਼ਮ" ਦਾ ਅਰਥ ਹੈ "ਹਜ਼ਾਰ ਵਰ੍ਹੇ ਤੋਂ ਪਹਿਲਾਂ।" ਇੱਥੇ ਵੀ ਇਸ਼ਾਰਾ ਯਿਸੂ ਦੀ ਦੂਜੀ ਆਮਦ ਵੱਲ ਕੀਤਾ ਗਿਆ ਹੈ: ਪ੍ਰੀਮਿਲੇਨਿਅਲਿਸਟ ਮੰਨਦੇ ਹਨ ਕਿ ਮਸੀਹ ਦੀ ਦੂਜੀ ਆਮਦ "ਹਜ਼ਾਰ ਵਰ੍ਹੇ" ਅਰੰਭ *ਤੋਂ ਪਹਿਲਾਂ* ਹੋਵੇਗੀ – ਅਤੇ ਉਹ "ਹਜ਼ਾਰ ਵਰ੍ਹੇ" ਨੂੰ ਕਲੰਡਰ ਦੇ ਇੱਕ ਹਜ਼ਾਰ ਵਰ੍ਹੇ ਮੰਨਦੇ ਹਨ। ਉਹ ਸਿਖਾਉਂਦੇ ਹਨ ਕਿ ਮਸੀਹ ਧਰਤੀ ਉੱਤੇ ਵਾਪਸ ਆਵੇਗਾ ਅਤੇ ਇੱਕ ਹਜ਼ਾਰ ਵਰ੍ਹੇ ਲਈ ਧਰਤੀ ਉਤਲੇ ਸਿੰਘਾਸਣ ਉੱਤੇ ਵਿਰਾਜਮਾਨ ਹੋ ਕੇ ਇਸਰਾਏਲ ਦੇਸ਼ ਵਿਚਲੇ ਯਰੂਸ਼ਲਮ ਨਗਰ ਤੋਂ ਰਾਜ ਕਰੇਗਾ।

3. *ਅਮਿਲੇਨਿਅਲਿਜ਼ਮ।* "ਅ" ਇੱਕ ਅਗੇਤਰ ਹੈ ਜਿਸ ਦਾ ਅਰਥ "ਨਾ" ਜਾਂ "ਨਹੀਂ" ਹੈ। ਇਸ ਕਰਕੇ "ਅਮਿਲੇਨਿਅਲਿਜ਼ਮ" ਦਾ ਅਰਥ ਹੈ "ਹਜ਼ਾਰ ਵਰ੍ਹੇ ਨਹੀਂ।" ਇਹ ਇੱਕ ਗਲਤ ਨਾਮ ਹੈ, ਕਿਉਂਕਿ ਜਿਹੜੇ ਲੋਕ ਆਪਣੇ ਆਪ ਨੂੰ "ਅਮਿਲੇਨਿਅਲਿਸਟ" ਆਖਦੇ ਹਨ, ਅਸਲ ਵਿੱਚ ਪਰਕਾਸ਼ ਦੀ ਪੋਥੀ ਦੇ "ਹਜ਼ਾਰ ਵਰ੍ਹੇ" ਵਿੱਚ ਵਿਸ਼ਵਾਸ ਕਰਦੇ ਹਨ; ਪਰ ਉਹ ਵਿਸ਼ਵਾਸ ਕਰਦੇ ਹਨ ਕਿ "ਇੱਕ ਹਜ਼ਾਰ" ਪ੍ਰਤੀਕਾਤਮਕ ਹੈ, ਜਿਵੇਂ ਕਿ ਇਸ ਪੁਸਤਕ ਦੇ ਹੋਰ ਅੰਕ ਹਨ। ਪਰ ਫਿਰ ਵੀ, "ਅਮਿਲੇਨਿਅਲਿਜ਼ਮ" ਇਸ ਮਾਨਤਾ ਲਈ ਇਸਤੇਮਾਲ ਕੀਤਾ ਜਾਣ ਵਾਲਾ ਥਿਓਲੋਜਿਕਲ

ਸ਼ਬਦ ਹੈ ਕਿ “ਹਜ਼ਾਰ ਵਰ੍ਹੇ” ਪ੍ਰਤੀਕਾਤਮਕ ਹਨ।

ਇਨ੍ਹਾਂ ਤਿੰਨਾਂ “ਮਿਲੇਨਿਅਲ ਦ੍ਰਿਸ਼ਟੀਕੋਣਾਂ” ਵਿੱਚੋਂ ਜਿਸ ਦ੍ਰਿਸ਼ਟੀਕੋਣ ਨੇ ਸਭ ਤੋਂ ਵਧ ਬੇਲੇੜੇ ਅਤੇ ਅਜੀਬੋ-ਗਰੀਬ ਵਿਚਾਰ ਪੇਸ਼ ਕੀਤੇ ਹਨ ਉਹ ਪ੍ਰੀਮਿਲੇਨਿਅਲਿਜ਼ਮ ਹੈ। ਜਦ ਮਸੀਹੀ ਲੋਕ ਪਰਕਾਸ਼ ਦੀ ਪੋਥੀ ਨੂੰ ਸਮਝਦਾਰੀ ਅਤੇ ਸਿਆਣਪ ਨਾਲ ਸਮਝਣਾ ਚਾਹੁੰਦੇ ਹਨ, ਤਾਂ ਹਮੇਸ਼ਾ ਪ੍ਰੀਮਿਲੇਨਿਅਲਿਜ਼ਮ ਦਾ ਹੀ ਸਾਹਮਣਾ ਕੀਤਾ ਜਾਂਦਾ ਹੈ; ਇਸ ਕਰਕੇ, ਪ੍ਰੀਮਿਲੇਨਿਅਲਿਜ਼ਮ ਨੂੰ ਬੜੀ ਚੰਗੀ ਤਰ੍ਹਾਂ ਜਾਂਚਿਆ ਜਾਣਾ ਚਾਹੀਦਾ ਹੈ।

ਬੀਤੇ ਕਈ ਵਰ੍ਹਿਆਂ ਵਿੱਚ ਅਨੇਕਾਂ ਵਿਅਕਤੀਆਂ ਨੇ ਇਸ ਵਿਚਾਰ ਦਾ ਸਮਰਥਨ ਕੀਤਾ ਹੈ ਕਿ ਪਰਕਾਸ਼ ਦੀ ਪੋਥੀ ਦੇ “ਹਜ਼ਾਰ ਵਰ੍ਹੇ” ਨੂੰ ਸ਼ਾਬਦਿਕ ਲਿਆ ਜਾਣਾ ਚਾਹੀਦਾ ਹੈ ਅਤੇ ਇਹ ਸ਼ਬਦ ਕਿਸੇ ਨਾ ਕਿਸੇ ਤਰ੍ਹਾਂ ਨਾਲ ਯਿਸੂ ਦੀ ਦੂਜੀ ਆਮਦ ਨਾਲ ਸੰਬੰਧਤ ਹਨ। ਪ੍ਰੀਮਿਲੇਨਿਅਲਿਸਟ ਲੋਕਾਂ ਨੂੰ ਉਨ੍ਹਾਂ ਵਿਅਕਤੀਆਂ ਦੇ ਨਾਮ ਦੱਸਣਾ ਬੜਾ ਚੰਗਾ ਲੱਗਦਾ ਹੈ ਜਿਹੜੇ ਇਸ ਵਿਚਾਰ ਦਾ ਸਮਰਥਨ ਕਰਦੇ ਹਨ, ਖਾਸ ਕਰਕੇ ਉਨ੍ਹਾਂ ਦੇ ਨਾਮ ਜਿਨ੍ਹਾਂ ਨੂੰ “ਕਥਿਤ ਚਰਚ ਫਾਦਰਜ਼” ਆਖਿਆ ਜਾਂਦਾ ਹੈ, ਭਈ ਉਹ ਸਾਰੇ ਉਨ੍ਹਾਂ ਗੱਲਾਂ ਦਾ ਸਮਰਥਨ ਕਰਦੇ ਸਨ ਜਿਹੜੀਆਂ ਆਧੁਨਿਕ ਪ੍ਰੀਮਿਲੇਨਿਅਲਿਜ਼ਮ ਵਿੱਚ ਸਿਖਾਈਆਂ ਜਾਂਦੀਆਂ ਹਨ। ਇਹ ਸੱਚ ਹੈ ਕਿ ਕੁਝ ਅਰੰਭਕ ਮਸੀਹੀ ਲੇਖਕ ਭੌਤਿਕ ਮਸੀਹੀ ਰਾਜ ਦੀ ਪ੍ਰਚਲਿਤ ਯਹੂਦੀ ਗਲਤਫਹਿਮੀ ਤੋਂ ਪ੍ਰਭਾਵਿਤ ਹੋਏ ਸਨ। ਪਰ ਫਿਰ ਵੀ, ਇਹ ਸੱਚ *ਨਹੀਂ* ਹੈ ਕਿ ਉਹ ਇਨ੍ਹਾਂ ਸਭਨਾਂ ਉਗਰ ਦ੍ਰਿਸ਼ਟੀਕੋਣਾਂ ਦੀ ਸਿੱਖਿਆ ਦਿੰਦੇ ਸਨ ਜਿਹੜੀ ਆਧੁਨਿਕ ਡਿਸਪੈਨਸੇਸ਼ਨਲ ਪ੍ਰੀਮਿਲੇਨਿਅਲਿਜ਼ਮ ਵਿੱਚ ਸਿਖਾਈਆਂ ਜਾਂਦੀਆਂ ਹਨ।[13] “ਡਿਸਪੈਨਸੇਸ਼ਨਲ ਪ੍ਰੀਮਿਲੇਨਿਅਲਿਜ਼ਮ” ਵਿੱਚ ਇਸਤੇਮਾਲ ਕੀਤਾ ਜਾਣ ਵਾਲਾ ਸ਼ਬਦ “ਡਿਸਪੈਨਸੇਸ਼ਨਲ” ਉਸ ਸਿੱਖਿਆ ਵੱਲ ਇਸ਼ਾਰਾ ਕਰਦਾ ਹੈ ਜੋ ਆਖਦੀ ਹੈ ਕਿ ਮਸੀਹ ਦੀ ਮੌਤ ਅਤੇ ਉਸ ਦੀ ਦੂਜੀ ਆਮਦ ਵਿਚਕਾਰਲਾ ਸਮਾਂ ਵੱਖ-ਵੱਖ ਹਿੱਸਿਆਂ ਵਿੱਚ “ਵੰਡਿਆ” ਹੋਇਆ ਹੈ – ਸਮੇਂ ਦੀਆਂ ਵੱਖ-ਵੱਖ ਮਿਆਦਾਂ ਜਿਨ੍ਹਾਂ ਵਿੱਚ ਪਰਮੇਸ਼ੁਰ ਮਨੁੱਖਜਾਤੀ ਨਾਲ ਵੱਖ-ਵੱਖ ਤਰ੍ਹਾਂ ਨਾਲ ਵਿਹਾਰ ਕਰਦਾ ਹੈ। ਉਦਾਹਰਣ ਵਜੋਂ, ਜੇ. ਐਨ. ਡਾਰਬੀ ਨੇ ਸਿਖਾਇਆ ਕਿ ਰਸੂਲਾਂ ਦੇ ਕਰਤੱਬ 2–7 ਮਸੀਹਤ ਦਾ “ਯਹੂਦੀ ਜੁੱਗ” ਸੀ (ਕਰਮਕਾਂਡਵਾਦ ਦਾ ਜੁੱਗ), ਜਦਕਿ ਰਸੂਲਾਂ ਦੇ ਕਰਤੱਬ 8 ਤੋਂ ਅੱਗੇ ਦਾ ਸਮਾਂ “ਗੈਰ ਕੌਮਾਂ ਦਾ ਜੁੱਗ” (ਕਿਰਪਾ ਦਾ ਜੁੱਗ) ਹੈ। ਜ਼ਿਆਦਾਤਰ ਡਿਸਪੈਨਸੇਸ਼ਨਲ ਪ੍ਰੀਮਿਲੇਨਿਅਲਿਸਟ ਆਖਦੇ ਹਨ ਕਿ ਇਸ ਵੇਲੇ ਅਸੀਂ “ਕਲੀਸਿਆ ਦੇ ਜੁੱਗ” ਵਿੱਚ ਹਾਂ, ਜਦਕਿ ਹਜ਼ਾਰ ਵਰ੍ਹੇ ਦਾ ਸ਼ਾਸਨ “ਰਾਜ ਦਾ ਜੁੱਗ” ਹੋਵੇਗਾ। ਅਜਿਹੀਆਂ ਸਿੱਖਿਆਵਾਂ ਮੁੱਢਲੀਆਂ ਗੱਲਾਂ ਨੂੰ ਅਣਦੇਖਾ ਕਰਦੀਆਂ ਹਨ ਕਿ “ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ” (ਰਸੂਲਾਂ ਦੇ ਕਰਤੱਬ 10:34)। ਇਨ੍ਹਾਂ “ਅੰਤ ਦੇ ਦਿਨਾਂ” ਦੇ ਦੌਰਾਨ (ਰਸੂਲਾਂ ਦੇ ਕਰਤੱਬ 2:17; ਇਬਰਾਨੀਆਂ 1:2), ਪਰਮੇਸ਼ੁਰ ਨੇ ਕੁਝ ਲੋਕਾਂ ਲਈ ਇੱਕ ਪ੍ਰਬੰਧ ਅਤੇ ਕੁਝ ਲੋਕਾਂ ਲਈ ਕੁਝ ਹੋਰ ਪ੍ਰਬੰਧ ਨਹੀਂ ਕੀਤਾ ਹੈ।

ਡਿਸਪੈਨਸੇਸ਼ਨਲ ਪ੍ਰੀਮਿਲੇਨਿਅਲਿਜ਼ਮ ਜਿਵੇਂ ਕਿ ਅੱਜ ਇਹ ਮੌਜੂਦ ਹੈ, ਅਸਲ ਵਿੱਚ ਨਵਾਂ ਹੈ। ਇਸ ਦਾ ਅਰੰਭ ਪਲਾਈਮਾਉਥ ਬ੍ਰੈਦਰੈਨ ਦੇ ਜੇ. ਐਨ. ਡਾਰਬੀ ਤੋਂ ਹੋਇਆ, ਸਕੋਫੀਲਡ ਬਾਈਬਲ ਨੇ ਇਸ ਨੂੰ ਫੈਲਾਇਆ ਅਤੇ 1970 ਦੇ ਦਹਾਕੇ ਵਿੱਚ ਹਾਲ ਲਿੰਡਸੇ ਦੀਆਂ ਪੁਸਤਕਾਂ ਨੇ ਇਸ ਨੂੰ ਪ੍ਰਚਲਿਤ ਕੀਤਾ। ਪਰਕਾਸ਼ ਦੀ ਪੋਥੀ ਨੂੰ ਸਮਝਣ ਦੇ ਇਸ ਤਰੀਕੇ ਦੀਆਂ ਖਾਮੀਆਂ ਬਾਰੇ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ (ਵੇਖੋ ਦਿ *ਇੰਟ੍ਰੋਡਕਸ਼ਨ, ਅਪਰੋਚਸ ਆਫ ਇੰਟਰਪ੍ਰਟੇਸ਼ਨ, ਦਿ ਫਿਯੁਚੁਰਿਸਟ ਅਪਰੋਚ*), ਜਿਸ ਵਿੱਚ ਪਹਿਲੀ ਸਦੀ ਦੇ ਸਤਾਏ ਜਾ ਰਹੇ ਮਸੀਹੀਆਂ ਦੇ ਲਈ ਇਸ ਵਿਚਲੀ ਤਸੱਲੀ ਦੀ ਘਾਟ ਅਤੇ ਸਾਡੇ ਪ੍ਰਭੂ ਦੇ ਲਹੂ ਨਾਲ ਖਰੀਦੀ ਗਈ ਕਲੀਸਿਆ ਉੱਤੇ ਘੱਟ ਜ਼ੋਰ ਦੇਣਾ ਵੀ ਸ਼ਾਮਲ ਹੈ। ਇਹ ਅਧਿਆਇ ਪ੍ਰੀਮਿਲੇਨਿਅਲਿਸਟ

ਥਿਓਲੋਜੀ ਦਾ ਕੇਂਦਰ ਹੈ। ਪਰਕਾਸ਼ ਦੀ ਪੋਥੀ 20 ਬਾਰੇ ਇਸ ਵਿਸ਼ਵਾਸ ਦੀਆਂ ਕੁਝ ਖਾਮੀਆਂ ਹੇਠਾਂ ਦਿੱਤੀਆਂ ਗਈਆਂ ਹਨ।

1. ਪ੍ਰੀਮਿਲੇਨਿਅਲਿਜ਼ਮ ਦੀਆਂ ਪ੍ਰਮੁੱਖ ਸਿੱਖਿਆਵਾਂ ਪਰਕਾਸ਼ ਦੀ ਪੋਥੀ 20 ਦੀ ਅੰਤ ਦਿਨਾਂ ਲਈ ਇਸਤੇਮਾਲ ਕੀਤੀ ਗਈ ਭਾਸ਼ਾ ਦੀ ਡਾਵਾਂਡੋਲ ਬੁਨਿਆਦ ’ਤੇ ਤਿਆਰ ਕੀਤੀਆਂ ਗਈਆਂ ਹਨ। ਖਾਸ ਕਰਕੇ ਇਹ ਧਰਤੀ ਉੱਤੇ ਹਜ਼ਾਰ ਵਰ੍ਹੇ ਦੇ ਸ਼ਾਬਦਿਕ ਰਾਜ ਦੇ ਵਿਚਾਰ ਦੇ ਸੰਬੰਧ ਵਿੱਚ ਸੱਚ ਹੈ। ਕੇਅਰਡ ਨੇ ਲਿਖਿਆ,

> ਜਦ ਅਸੀਂ ਨਵੇਂ ਨੇਮ ਵਿੱਚ ਆਉਂਦੇ ਹਾਂ, ਤਾਂ ਸਾਨੂੰ ਯੂਹੰਨਾ ਤੋਂ ਇਲਾਵਾ ਕਿਸੇ ਹੋਰ ਲੇਖਕ ਦੀਆਂ ਲਿਖਤਾਂ ਵਿੱਚ ਮਿਲੇਨਿਅਮ ਵਿੱਚ ਵਿਸ਼ਵਾਸ ਦੇ ਕੋਈ ਚਿੰਨ੍ਹ ਨਹੀਂ ਮਿਲਦੇ। ਇਹ ਸੱਚ ਹੈ ਕਿ ਪੌਲੁਸ ਤਦ ਤੱਕ ਮਸੀਹ ਦੇ ਰਾਜ ਦੇ ਜਾਰੀ ਰਹਿਣ ਬਾਰੇ ਬੋਲਦਾ ਹੈ ਜਦ ਤੱਕ ਕਿ ਉਸ ਦੇ ਸਾਰੇ ਵੈਰੀ ਉਸ ਦੇ ਅਧੀਨ ਨਾ ਹੋ ਜਾਣ, ਪਰ ਇਸ ਰਾਜ ਦਾ ਅਰੰਭ ਉਦੋਂ ਤੋਂ ਹੋ ਚੁੱਕਾ ਹੈ ਜਦ ਤੋਂ ਉਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ [1 ਕੁਰਿੰਥੀਆਂ 15:24-28; ਵੇਖੋ ਮੱਤੀ 13:41] . . . ।[14]

ਕੁਝ ਲੋਕਾਂ ਦੁਆਰਾ ਇਸ ਅਧਿਆਇ ਨੂੰ ਸ਼ਾਬਦਿਕ ਲਏ ਜਾਣ ਬਾਰੇ ਸਮਰਸ ਨੇ ਆਖਿਆ,

> ਜੇਕਰ ਪਰਕਾਸ਼ ਦੀ ਪੋਥੀ 20 ਦੀਆਂ ਆਇਤਾਂ 4, 5, ਅਤੇ 6 ਹਟਾ ਦਿੱਤੀਆਂ ਜਾਂਦੀਆਂ ਤਾਂ ਫਿਰ ਧਰਤੀ ਉੱਤੇ ਮਸੀਹ ਦੇ ਇੱਕ ਹਜ਼ਾਰ ਵਰ੍ਹੇ ਦੇ ਸ਼ਾਬਦਿਕ ਰਾਜ – ਅਰਥਾਤ ਯਰੂਸ਼ਲਮ ਵਿੱਚ ਇੱਕ ਅਸਥਾਈ ਸਿੰਘਾਸਣ ਦੀ ਸਥਾਪਨਾ ਅਤੇ ਦੁਨਿਆਵੀ ਰਾਜੇ ਵਾਂਗ ਮਿਲੇਨਿਅਲ ਰਾਜ ਦਾ ਅਰੰਭ – ਬਾਰੇ ਕਿਸੇ ਨੂੰ ਵਿਚਾਰ ਤੱਕ ਨਹੀਂ ਆਉਣਾ ਸੀ। ਪਰ ਫਿਰ ਵੀ ਅੰਤ ਸਮੇਂ ਦੇ ਨਿਆਉਂ ਦੀ ਸਿੱਖਿਆ, ਥਿਓਲੋਜੀ ਅਤੇ ਇਤਹਾਸ ਦੀ ਫਿਲਾਸਫੀ ਦਾ ਸਮੁੱਚਾ ਸਿਸਟਮ ਇਨ੍ਹਾਂ ਉੱਚ ਪ੍ਰਤੀਕਾਤਮਕ ਆਇਤਾਂ ਦੀ ਅਸਥਿਰ ਬੁਨਿਆਦ ਉੱਤੇ ਬਣਾਇਆ ਗਿਆ ਹੈ।[15]

2. ਪ੍ਰੀਮਿਲੇਨਿਅਲਿਜ਼ਮ ਦੀਆਂ ਜ਼ਿਆਦਾਤਰ ਸਿੱਖਿਆਵਾਂ ਪਰਕਾਸ਼ ਦੀ ਪੋਥੀ 20 ਵਿੱਚ ਨਹੀਂ ਮਿਲਦੀਆਂ; ਉਹ ਸਿਰਫ ਇਸ ਅਧਿਆਇ ਵਿੱਚੋਂ ਅਨੁਮਾਨ ਲਗਾ ਕੇ ਤਿਆਰ ਕੀਤੀਆਂ ਗਈਆਂ ਹਨ। ਹਾਲਾਂਕਿ ਹਜ਼ਾਰ ਵਰ੍ਹੇ ਦੇ ਰਾਜ ਦੇ ਸਾਰੇ ਵੇਰਵੇ ਇਸ ਅਧਿਆਇ ਵਿੱਚ ਹੋਣੇ ਚਾਹੀਦੇ ਸਨ, ਪਰ ਇਸ ਰਾਜ ਨਾਲ ਸੰਬੰਧਤ ਜ਼ਿਆਦਾਤਰ ਵੇਰਵੇ, ਜਿਨ੍ਹਾਂ ਦਾ ਹਵਾਲਾ ਪ੍ਰੀਮਿਲੇਨਿਅਲਿਸਟ ਲੋਕ ਦਿੰਦੇ ਹਨ, ਇਸ ਅਧਿਆਇ ਵਿੱਚ ਸਪੱਸ਼ਟ ਤੌਰ ’ਤੇ ਗੈਰਹਾਜ਼ਰ ਹਨ।

ਉਦਾਹਰਣ ਵਜੋਂ, *ਧਰਤੀ ਉੱਤੇ* ਮਸੀਹ ਦੇ ਰਾਜ ਦਾ ਕੋਈ ਜ਼ਿਕਰ ਨਹੀਂ ਹੈ। ਜੇਕਰ ਇਸ ਹਵਾਲੇ ਨੂੰ ਸਾਵਧਾਨੀ ਨਾਲ ਪੜ੍ਹਿਆ ਜਾਵੇ ਤਾਂ ਇਹ ਸੱਚ ਦਿਖਾਈ ਦੇਵੇਗਾ। ਪਰਕਾਸ਼ ਦੀ ਪੋਥੀ 20 ਦੇ ਹਜ਼ਾਰ ਵਰ੍ਹੇ ਦੇ ਰਾਜ ਬਾਰੇ ਵਿਲਿਅਮ ਹੈਂਡ੍ਰਿਕਸਨ ਨੇ ਪੁੱਛਿਆ, “ਇਹ ਕਿੱਥੇ ਹੋਵੇਗਾ?” ਅਤੇ ਫਿਰ ਉੱਤਰ ਦਿੱਤਾ:

> (a) ਉੱਥੇ ਜਿੱਥੇ ਸਿੰਘਾਸਣ ਹਨ, ਕਿਉਂਕਿ ਅਸੀਂ ਪੜ੍ਹਦੇ ਹਾਂ: “ਮੈਂ ਗੱਦੀਆਂ ਵੇਖੀਆਂ ਅਤੇ ਓਹ ਉਨ੍ਹਾਂ ਉੱਤੇ ਬੈਠੇ ਹੋਏ ਸਨ।” ਪਰਕਾਸ਼ ਦੀ ਪੋਥੀ ਦੀ ਸਾਰੀ ਪੁਸਤਕ ਦੇ ਅਨੁਸਾਰ ਮਸੀਹ ਅਤੇ ਉਸ ਦੇ ਲੋਕਾਂ ਦਾ ਸਿੰਘਾਸਣ ਸਦਾ ਤੋਂ ਸੁਰਗ ਵਿੱਚ ਹੈ . . . ।
>
> (b) ਉੱਥੇ ਜਿੱਥੇ ਸ਼ਹੀਦਾਂ ਦੀਆਂ ਆਤਮਾਵਾਂ ਹਨ, ਕਿਉਂਕਿ ਅਸੀਂ ਪੜ੍ਹਦੇ ਹਾਂ: “ਮੈਂ ਓਹਨਾਂ ਦੇ *ਜੀਵਾਂ* ਨੂੰ ਵੇਖਿਆ ਜਿਨ੍ਹਾਂ ਦੇ ਸਿਰ ਯਿਸੂ ਦੀ ਗਵਾਹੀ ਦੇ ਕਾਰਨ ਅਤੇ ਪਰਮੇਸ਼ਰ ਦੇ ਬਚਨ ਦੇ ਕਾਰਨ ਵੱਢੇ ਗਏ ਸਨ।” ਯੂਹੰਨਾ ਨੇ *ਜੀਵਾਂ* ਅਰਥਾਤ ਆਤਮਾਵਾਂ ਨੂੰ ਵੇਖਿਆ, ਸਰੀਰਾਂ ਨੂੰ

ਨਹੀਂ। ਉਹ ਸਰੀਰ ਤੋਂ ਜੁਦਾ ਆਤਮਾਵਾਂ ਬਾਰੇ ਸੋਚ ਰਿਹਾ ਹੈ, ਕਿਉਂਕਿ ਅਸੀਂ ਪੜ੍ਹਦੇ ਹਾਂ: "ਜਿਨ੍ਹਾਂ ਦੇ ਸਿਰ . . . ਵੱਢੇ ਗਏ ਸਨ।" . . . ਆਤਮਾਵਾਂ ਅਤੇ ਸਰੀਰਾਂ ਵਿੱਚ ਫਰਕ ਉੱਤੇ ਜ਼ੋਰ ਵੀ ਦਿੱਤਾ ਗਿਆ ਹੈ: "*ਓਹਨਾਂ ਦੇ* ਜੀਵਾਂ ਨੂੰ ਜਿਨ੍ਹਾਂ ਦੇ ਸਿਰ . . . ਵੱਢੇ ਗਏ ਸਨ।" . . .

(c) ਉੱਥੇ ਜਿੱਥੇ ਯਿਸੂ ਰਹਿੰਦਾ ਹੈ, ਕਿਉਂਕਿ ਅਸੀਂ ਪੜ੍ਹਦੇ ਹਾਂ: "ਓਹ ਜੀ ਉੱਠੇ ਅਤੇ ਹਜ਼ਾਰ ਵਰ੍ਹੇ ਮਸੀਹ *ਦੇ ਨਾਲ* ਰਾਜ ਕਰਦੇ ਰਹੇ . . . ।" ਇਸ ਦੇ ਅਨੁਸਾਰ ਸਵਾਲ ਇਹ ਹੈ: ਅੰਤ ਦਿਨਾਂ ਦੇ ਦਰਸ਼ਣ ਅਨੁਸਾਰ ਉਹ ਥਾਂ ਕਿੱਥੇ ਹੈ ਜਿੱਥੋਂ ਮਹਿਮਾ ਵਿੱਚ ਵਿਰਾਜਮਾਨ ਮਧਿਅਸਥ ਸਾਰੇ ਕਾਇਨਾਤ ਉੱਤੇ ਰਾਜ ਕਰਦਾ ਹੈ? ਯਿਸੂ ਕਿੱਥੇ ਰਹਿੰਦਾ ਹੈ? ਸਪੱਸ਼ਟ ਤੌਰ 'ਤੇ, *ਸੁਰਗ ਵਿੱਚ* । ਪਰਕਾਸ਼ ਦੀ ਪੋਥੀ 5 ਵਿੱਚ, ਇਹ ਸੁਰਗ ਵਿੱਚ ਹੀ ਹੈ ਜਿੱਥੇ ਲੇਲੇ ਨੂੰ ਸਿੰਘਾਸਣ ਉੱਤੇ ਵਿਰਾਜਮਾਨ ਦੇ ਹੱਥੋਂ ਪੋਥੀ ਲੈਂਦਿਆਂ ਦਿਖਾਇਆ ਗਿਆ ਹੈ। ਪਰਕਾਸ਼ ਦੀ ਪੋਥੀ 12 ਵਿੱਚ ਸਪੱਸ਼ਟ ਤੌਰ 'ਤੇ ਆਖਿਆ ਗਿਆ ਹੈ ਕਿ ਮਸੀਹ "ਪਰਮੇਸ਼ੁਰ ਕੋਲ ਅਤੇ ਉਸ ਦੇ ਸਿੰਘਾਸਣ ਕੋਲ ਉਠਾਇਆ ਗਿਆ . . . ।"[16]

"ਸਿੰਘਾਸਣ ਜਾਂ ਗੱਦੀ" ਸ਼ਬਦ ਪਰਕਾਸ਼ ਦੀ ਪੋਥੀ ਵਿਚ ਸੰਤਾਲੀ ਵਾਰੀ ਇਸਤੇਮਾਲ ਹੋਇਆ ਹੈ; ਸ਼ਤਾਨ ਅਤੇ ਦਰਿੰਦੇ ਦੇ ਸਿੰਘਾਸਣ ਜਾਂ ਗੱਦੀ ਤੋਂ ਇਲਾਵਾ ਬਾਕੀ ਸਾਰੇ ਸਿੰਘਾਸਣ ਹਮੇਸ਼ਾ ਸੁਰਗ ਵਿੱਚ ਹਨ।

ਪਰਕਾਸ਼ ਦੀ ਪੋਥੀ 20 ਵਿੱਚੋਂ ਗੈਰਹਾਜ਼ਰ ਪ੍ਰੀਮਿਲੇਨਿਅਲ ਸਿੱਖਿਆਵਾਂ ਦੀ ਸੂਚੀ ਬਹੁਤ ਲੰਮੀ ਹੈ: ਦੂਜੀ ਆਮਦ, "ਰੈਪਚਰ," ਦਾਊਦ ਦੇ ਸਿੰਘਾਸਣ, ਯਰੂਸ਼ਲਮ ਨਗਰ, ਜਾਂ ਸਰੀਰਕ ਯਹੂਦੀਆਂ ਦਾ ਕੋਈ ਜ਼ਿਕਰ ਨਹੀਂ ਹੈ। ਜੇਮਸ ਏਫਿਰਡ ਨੇ ਆਖਿਆ, "ਮੂਲਪਾਠ ਵਿੱਚ ਇਨ੍ਹਾਂ ਵਿਚਾਰਾਂ ਦੇ ਮਿਲਣ ਦਾ ਇੱਕੋ ਤਰੀਕਾ ਇਹ ਹੈ ਕਿ ਇਨ੍ਹਾਂ ਨੂੰ ਬਾਹਰੋਂ ਲਿਆਇਆ ਜਾਵੇ – ਅਤੇ ਇਹ ਵਿਕਲਪ ਉਸ ਵਿਅਕਤੀ ਲਈ ਚੰਗਾ ਨਹੀਂ ਹੈ ਜਿਹੜਾ ਇਹ ਸਮਝਣ ਦਾ ਜਤਨ ਕਰ ਰਿਹਾ ਹੈ ਕਿ ਮੂਲਪਾਠ ਅਸਲ ਵਿੱਚ ਕੀ ਆਖਦਾ ਸੀ ਅਤੇ ਇਸ ਦਾ ਕੀ ਅਰਥ ਸੀ।"[17]

ਇਹ ਗੱਲ ਵੀ ਦਿਲਚਸਪ ਹੈ ਕਿ ਪਰਕਾਸ਼ ਦੀ ਪੋਥੀ 20 *ਮਸੀਹ ਦੇ* ਰਾਜ ਦੀ ਮਿਆਦ ਨਹੀਂ ਦੱਸਦੀ। ਭਾਵੇਂ ਜੇਕਰ "ਹਜ਼ਾਰ ਵਰ੍ਹੇ" ਨੂੰ ਸ਼ਾਬਦਿਕ ਲਿਆ ਜਾਵੇ, ਤਾਂ ਮੂਲਪਾਠ ਇਹ ਦੱਸਦਾ ਹੈ ਕਿ ਇਹ ਸ਼ਹੀਦ ਸਨ ਜਿਹੜੇ "ਹਜ਼ਾਰ ਵਰ੍ਹੇ ਮਸੀਹ *ਦੇ ਨਾਲ* ਰਾਜ ਕਰਦੇ ਰਹੇ"; ਇਹ ਇਹ ਨਹੀਂ ਦੱਸਦਾ ਕਿ ਮਸੀਹ ਨੇ ਕਿੰਨਾ ਚਿਰ ਰਾਜ ਕੀਤਾ। ਇਸੇ ਤਰ੍ਹਾਂ ਪੁਰਾਣੇ ਨੇਮ ਵਿੱਚ ਕਈ ਰਾਜਿਆਂ ਨੇ ਆਪਣੇ ਪਿਤਾਵਾਂ *ਦੇ ਨਾਲ* ਇੱਕ ਮਿਆਦ ਲਈ ਰਾਜ ਕੀਤਾ, ਪਰ ਇਹ ਵਾਕ ਇਹ ਨਹੀਂ ਦੱਸਦੇ ਕਿ ਉਨ੍ਹਾਂ ਦੇ ਪਿਤਾਵਾਂ ਨੇ ਕਿੰਨਾ ਚਿਰ ਰਾਜ ਕੀਤਾ। ਯਹੂਦਾਹ ਅਤੇ ਇਸਰਾਏਲ ਦੇ ਰਾਜਿਆਂ ਦਾ ਇਤਹਾਸ ਦਰਸਾਉਂਦਾ ਹੈ ਕਿ ਕਈ ਰਾਜਿਆਂ ਦੇ ਰਾਜ ਦੀ ਮਿਆਦ ਇੱਕ-ਦੂਜੇ ਦੇ ਸਮੇਂ ਵਿੱਚ ਆਉਂਦੀ ਹੈ। ਉਦਾਹਰਣ ਵਜੋਂ, ਅਹਾਜ਼ ਨੇ ਆਪਣੇ ਪਿਤਾ ਯੋਥਾਮ ਦੇ ਨਾਲ ਬਾਰਾਂ ਵਰ੍ਹੇ ਰਾਜ ਕੀਤਾ, ਅਤੇ ਮਨੱਸ਼ਹ ਨੇ ਹਿਜ਼ਕੀਯਾਹ ਦੇ ਨਾਲ ਅੱਠ ਜਾਂ ਨੌਂ ਵਰ੍ਹੇ ਰਾਜ ਕੀਤਾ। ਅਜਿਹੇ ਵਾਕ ਦੱਸਦੇ ਹਨ ਕਿ ਉਨ੍ਹਾਂ ਨੇ ਮਿਲ ਕੇ ਕਿੰਨਾ ਚਿਰਾ ਰਾਜ ਕੀਤਾ, ਪਰ ਇਹ ਇਹ ਨਹੀਂ ਦੱਸਦੇ ਕਿ ਉਨ੍ਹਾਂ ਨੇ ਇਕੱਲੇ-ਇਕੱਲੇ ਕਿੰਨਾ ਚਿਰ ਰਾਜ ਕੀਤਾ।[18]

3. ਪਰਕਾਸ਼ ਦੀ ਪੋਥੀ 20 ਦੀ ਪ੍ਰਤੀਕਾਤਮਕ ਭਾਸ਼ਾ ਉੱਤੇ ਅਧਾਰਿਤ ਪ੍ਰੀਮਿਲੇਨਿਅਲ ਸਿੱਖਿਆਵਾਂ ਹੋਰ ਥਾਂਵਾਂ 'ਤੇ ਪਵਿੱਤਰ ਸ਼ਾਸਤਰ ਦੀ ਸਪੱਸ਼ਟ ਸਿੱਖਿਆਵਾਂ ਦੇ ਵਿਰੋਧ ਵਿੱਚ ਹਨ। ਪੈਕ ਨੇ ਦਰਸਾਇਆ ਕਿ ਯੁਗਾਂ ਦੀ ਸਿੱਖਿਆ ਵਿੱਚ "ਛੁਟਕਾਰੇ ਦੀ ਯੋਜਨਾ ਅਤੇ ਪਰਮੇਸ਼ੁਰ ਦੇ ਮੂਲ ਉਦੇਸ਼ ਦੀ ਵਿਆਪਕ ਪੁਨਰ ਰਚਨਾ ਸ਼ਾਮਲ ਹੈ।"[19] ਪਰ ਇਸ ਵੇਲੇ ਅਸੀਂ ਸਿਰਫ ਉਨ੍ਹਾਂ ਵਿਰੋਧੀ ਗੱਲਾਂ ਨੂੰ ਵੇਖਾਂਗੇ ਜਿਹੜੀਆਂ ਪਰਕਾਸ਼ ਦੀ ਪੋਥੀ 20 ਨਾਲ ਸੰਬੰਧਤ ਹਨ।

ਪ੍ਰੀਮਿਲੇਨਿਅਲਿਸਟ ਦਾਅਵਾ ਕਰਦੇ ਹਨ ਕਿ ਪਰਕਾਸ਼ ਦੀ ਪੋਥੀ 20 ਸਿਖਾਉਂਦੀ ਹੈ ਭਈ

ਮਸੀਹ ਦਾ ਰਾਜ ਭਵਿੱਖ ਵਿੱਚ ਹੋਣ ਵਾਲੀ ਕਿਸੇ ਘਟਨਾ ਤੋਂ ਪਹਿਲਾਂ ਅਰੰਭ ਨਹੀਂ ਹੋਵੇਗਾ, ਪਰ ਬਾਈਬਲ ਦੇ ਹੋਰ ਹਵਾਲੇ ਸਿਖਾਉਂਦੇ ਹਨ ਕਿ ਮਸੀਹ ਦੇ ਰਾਜ ਦਾ ਅਰੰਭ ਉਸ ਵੇਲੇ ਹੋ ਗਿਆ ਸੀ ਜਦ ਉਹ ਜਾ ਕੇ ਪਿਤਾ ਜੇ ਸੱਜੇ ਹੱਥ ਵਿਰਾਜਮਾਨ ਹੋ ਗਿਆ ਸੀ। ਕਈ ਆਇਤਾਂ ਦਾਊਦ ਦੇ ਸਿੰਘਾਸਣ ਉੱਤੇ ਮਸੀਹ ਦੇ ਵਿਰਾਜਮਾਨ ਹੋਣ ਬਾਰੇ ਗੱਲ ਕਰਦੀਆਂ ਹਨ। ਇਨ੍ਹਾਂ ਵਿੱਚੋਂ ਇੱਕ ਹੈ ਰਸੂਲਾਂ ਦੇ ਕਰਤੱਬ 2 ਵਿੱਚ ਪਤਰਸ ਦਾ ਪ੍ਰਚਾਰ। ਰਸੂਲ ਨੇ ਰਾਜਾ ਦਾਊਦ ਬਾਰੇ ਆਖਿਆ,

> ਇਸ ਕਰਕੇ ਜੋ ਉਹ ਨਬੀ ਸੀ ਅਤੇ ਜਾਣਦਾ ਸੀ ਜੋ ਪਰਮੇਸ਼ੁਰ ਨੇ ਮੇਰੇ ਨਾਲ ਸੌਂਹ ਖਾਧੀ ਹੈ ਕਿ ਤੇਰੇ ਵੰਸ ਵਿੱਚੋਂ ਇੱਕ ਨੂੰ ਮੈਂ ਤੇਰੀ ਗੱਦੀ ਉੱਤੇ ਬਹਾਲਾਂਗਾ। ਉਹ ਨੇ ਇਹ ਅੱਗਿਓਂ ਵੇਖ ਕੇ ਮਸੀਹ ਦੇ ਜੀ ਉੱਠਣ ਦੀ ਗੱਲ ਕੀਤੀ ਕਿ ਨਾ ਉਹ ਪਤਾਲ ਵਿੱਚ ਛੱਡਿਆ ਗਿਆ ਅਤੇ ਨਾ ਉਸ ਦਾ ਸਰੀਰ ਗਲਿਆ। ਉਸੇ ਯਿਸੂ ਨੂੰ ਪਰਮੇਸ਼ੁਰ ਨੇ ਜੀਉਂਦਾ ਉਠਾਇਆ ਜਿਹ ਦੇ ਅਸੀਂ ਸੱਭੇ ਗਵਾਹ ਹਾਂ। ਸੋ ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ ਅਰ ਪਿਤਾ ਤੋਂ ਪਵਿੱਤਰ ਆਤਮਾ ਦਾ ਕਰਾਰ ਪਾ ਕੇ ਉਸ ਨੇ ਇਹ ਜੋ ਤੁਸੀਂ ਵੇਖਦੇ ਅਤੇ ਸੁਣਦੇ ਹੋ ਵਹਾ ਦਿੱਤਾ। ਕਿਉਂ ਜੋ ਦਾਊਦ ਅਕਾਸ਼ ਉੱਤੇ ਨਾ ਗਿਆ ਪਰ ਉਹ ਆਪੇ ਕਹਿੰਦਾ ਹੈ, -ਪ੍ਰਭੂ ਨੇ ਮੇਰੇ ਪ੍ਰਭੂ ਨੂੰ ਆਖਿਆ, ਤੂੰ ਮੇਰੇ ਸੱਜੇ ਪਾਸੇ ਬੈਠ, ਜਦ ਤੀਕਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਕੀ ਨਾ ਕਰ ਦਿਆਂ। ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਭਈ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਓਸ ਨੂੰ ਪ੍ਰਭੂ ਭੀ ਅਤੇ ਮਸੀਹ ਭੀ ਕੀਤਾ (ਰਸੂਲਾਂ ਦੇ ਕਰਤੱਬ 2:30-36)।

ਸਾਨੂੰ ਗੌਰ ਕਰਨ ਦੀ ਲੋੜ ਹੈ ਕਿ ਯਿਸੂ ਦੇ ਜੀ ਉੱਠਣ ਅਤੇ ਸੁਰਗ ਵਿੱਚ ਚਲੇ ਜਾਣ ਨਾਲ ਪਰਮੇਸ਼ੁਰ ਦੀ ਉਹ ਪ੍ਰਤਿੱਗਿਆ ਪੂਰੀ ਹੋਈ ਜਿਸ ਵਿੱਚ ਪਰਮੇਸ਼ੁਰ ਨੇ ਆਖਿਆ ਸੀ ਕਿ ਮੈਂ, "ਤੇਰੇ [ਦਾਊਦ ਦੇ] ਵੰਸ ਵਿੱਚੋਂ ਇੱਕ ਨੂੰ ਮੈਂ ਤੇਰੀ [ਦਾਊਦ ਦੀ] ਗੱਦੀ ਉੱਤੇ ਬਹਾਲਾਂਗਾ।" ਯਿਸੂ "ਪਰਮੇਸ਼ੁਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ" ਚੁੱਕਾ ਹੈ ਅਤੇ ਸੁਰਗ ਵਿੱਚੋਂ ਰਾਜ ਕਰ ਰਿਹਾ ਹੈ ਜਦ ਤੱਕ ਕਿ ਉਸ ਦੇ ਵੈਰੀ ਉਸ ਦੇ ਪੈਰ ਰੱਖਣ ਦੀ ਚੌਕੀ ਨਾ ਬਣ ਜਾਣ।

ਪੌਲੁਸ ਨੇ ਮਸੀਹ ਦੇ ਰਾਜ ਦੇ ਇਸ ਦ੍ਰਿਸ਼ਟੀਕੋਣ ਨੂੰ 1 ਕੁਰਿੰਥੀਆਂ 15 ਵਿੱਚ ਬਿਆਨ ਕੀਤਾ:

> ਜਿਸ ਤਰਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ। ਪਰ ਹਰੇਕ ਆਪੋ ਆਪਣੀ ਵਾਰੀ ਸਿਰ। ਪਹਿਲਾ ਫਲ ਮਸੀਹ, ਫੇਰ ਜਿਹੜੇ ਮਸੀਹ ਦੇ ਹਨ ਉਹ ਦੇ ਆਉਣ ਦੇ ਵੇਲੇ। ਉਹ ਦੇ ਮਗਰੋਂ ਅੰਤ ਹੈ। ਤਦ ਉਹ ਰਾਜ ਨੂੰ ਪਰਮੇਸ਼ੁਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ ਜਦ ਉਹ ਨੇ ਹਰੇਕ ਹਕੂਮਤ ਅਤੇ ਹਰੇਕ ਇਖ਼ਤਿਆਰ ਅਤੇ ਕੁਦਰਤ ਨੂੰ ਨਾਸ ਕਰ ਦਿੱਤਾ ਹੋਵੇਗਾ। ਕਿਉਂਕਿ ਜਿਨ੍ਹਾਂ ਚਿਰ ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ ਉੱਨਾ ਚਿਰ ਉਸ ਨੇ ਰਾਜ ਕਰਨਾ ਹੈ। ਛੇਕੜਲਾ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ ਮੌਤ ਹੈ। ਉਸ ਨੇ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ। ਪਰ ਜਾਂ ਉਹ ਕਹਿੰਦਾ ਹੈ ਜੋ ਸੱਭੋ ਕੁਝ ਹੇਠ ਕੀਤਾ ਗਿਆ ਹੈ ਤਾਂ ਪਰਗਟ ਹੈ ਕਿ ਜਿਹ ਨੇ ਸੱਭੋ ਕੁਝ ਉਹ ਦੇ ਹੇਠ ਕਰ ਦਿੱਤਾ ਉਹ ਆਪ ਹੇਠ ਹੋਣ ਤੋਂ ਰਹਿਤ ਹੈ। ਅਤੇ ਜਾਂ ਸੱਭੋ ਕੁਝ ਉਹ ਦੇ ਅਧੀਨ ਕੀਤਾ ਗਿਆ ਹੋਵੇਗਾ ਤਾਂ ਪੁੱਤਰ ਆਪ ਵੀ ਉਸ ਦੇ ਅਧੀਨ ਹੋਵੇਗਾ ਜਿਹ ਨੇ ਸੱਭੋ ਕੁਝ ਉਹ ਦੇ ਅਧੀਨ ਕਰ ਦਿੱਤਾ ਭਈ ਪਰਮੇਸ਼ੁਰ ਸਭਨਾਂ ਵਿੱਚ ਸਭ ਕੁਝ ਹੋਵੇ (1 ਕੁਰਿੰਥੀਆਂ 15:22-28)।

ਪਰਮੇਸ਼ੁਰ ਨੇ "ਸੱਭੋ ਕੁਝ ਮਸੀਹ ਦੇ ਅਧੀਨ ਕਰ ਦਿੱਤਾ" ਹੈ; ਮੌਜੂਦਾ ਸਮੇਂ ਵਿੱਚ ਮਸੀਹ ਸੁਰਗ ਵਿੱਚੋਂ ਰਾਜ ਕਰ ਰਿਹਾ ਹੈ। ਜਿਸ ਯੂਨਾਨੀ ਸ਼ਬਦ βασιλεύειν (*ਬਾਸੇਲੁਓਨ,*

βασιλεύω, *ਬਾਸੇਲੁਓ* ਤੋਂ) ਦਾ ਅਨੁਵਾਦ 1 ਕੁਰਿੰਥੀਆਂ 15:25 ਵਿੱਚ “ਰਾਜ” ਕੀਤਾ ਗਿਆ ਹੈ, ਉਹ ਵਰਤਮਾਨ ਕਿਰਿਆ ਦਾ ਸਧਾਰਨ ਰੂਪ ਹੈ। ਵਰਤਮਾਨ ਕਾਲ ਜਾਰੀ ਕਿਰਿਆ ਨੂੰ ਦਰਸਾਉਂਦਾ ਹੈ। ਇਸ ਆਇਤ ਦਾ ਅਨੁਵਾਦ ਇਸ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ, “ਜਿੰਨਾ ਚਿਰ ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ ਉੱਨਾ ਚਿਰ ਉਸ ਨੇ ਰਾਜ ਕਰਨਾ *ਜਾਰੀ ਰੱਖਣਾ* ਹੈ” (ਜ਼ੋਰ ਦਿੱਤਾ ਗਿਆ ਹੈ)। ਆਇਤ 26 ਆਖਦੀ ਹੈ ਕਿ ਆਖਰੀ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ ਮੌਤ ਹੈ।

ਇੱਥੋਂ ਤੱਕ ਕਿ ਪਰਕਾਸ਼ ਦੀ ਪੋਥੀ ਵੀ ਸਪੱਸ਼ਟ ਕਰਦੀ ਹੈ ਕਿ ਮਸੀਹ ਇਸ ਵੇਲੇ ਰਾਜ ਕਰ ਰਿਹਾ ਹੈ। ਉਹ *ਇਸ ਵੇਲੇ ਵੀ* ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ (17:14; 19:16)। ਹੋਰ ਆਇਤਾਂ ਦਾ ਹਵਾਲਾ ਵੀ ਦਿੱਤਾ ਜਾ ਸਕਦਾ ਹੈ ਜਿਹੜੀਆਂ ਸਿਖਾਉਂਦੀਆਂ ਹਨ ਕਿ ਯਿਸੂ, ਦੁਖ ਭੋਗਣ ਤੋਂ ਬਾਅਦ ਆਪਣੇ ਪਿਤਾ ਦੇ ਨਾਲ ਸਿੰਘਾਸਣ ਉੱਤੇ ਵਿਰਾਜਮਾਨ ਹੋ ਗਿਆ ਹੈ (ਵੇਖੋ ਇਬਰਾਨੀਆਂ 12:2)।

ਮਸੀਹ ਦੇ ਸ਼ਾਸਨ ਦੇ ਵਿਸ਼ੇ ਦੇ ਨਾਲ ਅਟੁੱਟ ਤੌਰ ’ਤੇ ਉਸ ਦੇ ਰਾਜ ਦਾ ਵਿਸ਼ਾ ਵੀ ਜੁੜਿਆ ਹੋਇਆ ਹੈ। ਅਕਸਰ ਪ੍ਰੀਮਿਲੇਨਿਅਲਿਸਟ ਸਿਖਾਉਂਦੇ ਹਨ ਕਿ ਯਿਸੂ ਆਪਣੇ *ਰਾਜ* ਵਿੱਚ ਸ਼ਾਸਨ ਕਰਨਾ ਭਵਿੱਖ ਵਿੱਚ ਕਿਸੇ ਸਮੇਂ ਅਰੰਭ ਕਰੇਗਾ। ਪਰ ਬਾਈਬਲ ਦੀਆਂ ਸਪੱਸ਼ਟ ਆਇਤਾਂ ਸਿਖਾਉਂਦੀਆਂ ਹਨ ਕਿ ਮਸੀਹ ਇਸ ਵੇਲੇ ਆਪਣੇ ਰਾਜ ਉੱਤੇ ਸ਼ਾਸਨ ਕਰ ਰਿਹਾ ਹੈ, ਜਿਸ ਦਾ ਅਰੰਭ ਯਿਸੂ ਦੀ ਮੌਤ, ਦਫਨਾਏ ਜਾਣ, ਜੀ ਉੱਠਣ ਅਤੇ ਸੁਰਗ ਚਲੇ ਜਾਣ ਤੋਂ ਬਾਅਦ ਪਹਿਲੇ ਪੰਤੇਕੁਸਤ ਤੋਂ ਹੋਇਆ ਸੀ। ਕੁਝ ਪ੍ਰੀਮਿਲੇਨਿਅਲਿਸਟ ਪਵਿੱਤਰ ਸ਼ਾਸਤਰ ਦੀ ਯਿਸੂ ਦੇ ਮੌਜੂਦਾ ਸ਼ਾਸਨ ਦੀ ਸਿੱਖਿਆ ਬਾਰੇ ਜਾਣਦੇ ਹਨ ਅਤੇ ਇਸ ਤੱਥ ਨੂੰ ਸਿਆਣਦੇ ਹਨ ਕਿ ਉਸ ਦਾ ਰਾਜ ਇਸ ਵੇਲੇ ਵਜੂਦ ਵਿੱਚ ਹੈ। ਇਸ ਕਰਕੇ ਉਹ ਆਖਦੇ ਹਨ ਕਿ “*ਇੱਕ ਭਾਵ ਨਾਲ*, ਯਿਸੂ ਇਸ ਵੇਲੇ ਰਾਜ ਕਰ ਰਿਹਾ ਹੈ।” ਉਹ ਮੌਜੂਦਾ “ਰਾਜ” (ਅੰਗ੍ਰੇਜ਼ੀ ਦੇ kingdom ਲਈ ਛੋਟੇ k) ਨੂੰ ਹਜ਼ਾਰ ਸਾਲਾ ਰਾਜ (ਅੰਗ੍ਰੇਜ਼ੀ ਦੇ kingdom ਲਈ ਵੱਡੇ K) ਨਾਲੋਂ ਅੱਡ ਕਰਦੇ ਹਨ। ਅਜਿਹੇ ਅੰਤਰ ਮਨੁੱਖਾਂ ਦੇ ਬਣਾਏ ਹੋਏ ਹਨ ਅਤੇ ਪਵਿੱਤਰ ਸ਼ਾਸਤਰ ਵਿੱਚ ਇਨ੍ਹਾਂ ਦਾ ਕੋਈ ਪ੍ਰਮਾਣ ਨਹੀਂ ਹੈ।

ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਅਤੇ ਯਿਸੂ ਨੇ ਪ੍ਰਚਾਰ ਕੀਤਾ ਕਿ ਰਾਜ “ਨੇੜੇ” ਆਇਆ ਹੈ (ਮੱਤੀ 3:2; 4:17)। ਯਿਸੂ ਨੇ ਆਪਣੀ ਧਰਤੀ ਉਤਲੀ ਸੇਵਾ ਦੇ ਦੌਰਾਨ ਆਪਣੇ ਚੇਲਿਆ ਨੂੰ ਦੱਸਿਆ ਕਿ ਉਹ *ਆਪਣੇ ਜੀਵਨਕਾਲ ਵਿੱਚ* “ਪਰਮੇਸ਼ੁਰ ਦੇ ਰਾਜ ਨੂੰ ਕੁਦਰਤ ਨਾਲ ਆਇਆ ਹੋਇਆ” ਵੇਖਣਗੇ (ਮਰਕੁਸ 9:1)। ਆਪਣੇ ਸੁਰਗ ਚਲੇ ਜਾਣ ਤੋਂ ਠੀਕ ਪਹਿਲਾਂ ਮਸੀਹ ਨੇ ਉਨ੍ਹਾਂ ਨੂੰ ਆਖਿਆ ਕਿ ਪਵਿੱਤਰ ਆਤਮਾ ਉਨ੍ਹਾਂ ਉੱਤੇ ਆਵੇਗਾ ਅਤੇ ਉਹ ਸ਼ਕਤੀ ਪ੍ਰਾਪਤ ਕਰਨਗੇ (ਰਸੂਲਾਂ ਦੇ ਕਰਤੱਬ 1:6-8)। ਪਵਿੱਤਰ ਆਤਮਾ ਪੰਤੇਕੁਸਤ ਦੇ ਦਿਨ ਆਇਆ (ਰਸੂਲਾਂ ਦੇ ਕਰਤੱਬ 2:1-4), ਅਤੇ ਇਸ ਤਰ੍ਹਾਂ ਰਾਜ “ਕੁਦਰਤ ਅਰਥਾਤ ਸ਼ਕਤੀ” ਨਾਲ ਆ ਗਿਆ। ਤਦ ਪਤਰਸ ਇਹ ਪ੍ਰਚਾਰ ਕਰ ਸਕਿਆ ਕਿ ਯਿਸੂ ਨੇ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਸ਼ਾਸਨ ਕਰਨਾ ਅਰੰਭ ਕਰ ਦਿੱਤਾ ਹੈ। ਕਈ ਲੇਖਕ ਆਦਰਸ਼ ਪ੍ਰਾਰਥਨਾ ਦੇ ਸ਼ਬਦਾਂ ਦਾ ਹਵਾਲਾ ਦਿੰਦੇ ਹਨ, “ਤੇਰਾ ਰਾਜ ਆਵੇ” (ਮੱਤੀ 6:10), ਭਈ ਇਹ ਉਹ ਸ਼ਬਦ ਹਨ ਜਿਨ੍ਹਾਂ ਨੂੰ ਲੈ ਕੇ ਅਸੀਂ ਅਜੇ ਵੀ ਪ੍ਰਾਰਥਨਾ ਕਰਨੀ ਹੈ – ਪਰ ਇਹ ਭਾਵ ਤਾਂ ਰਸੂਲਾਂ ਦੇ ਕਰਤੱਬ 2 ਵਿੱਚ ਰਾਜ ਦੀ ਸਥਾਪਨਾ ਹੋ ਜਾਣ *ਤੋਂ ਪਹਿਲਾਂ* ਦਿੱਤੇ ਗਏ ਸਨ। ਯਿਸੂ ਇਹ ਪ੍ਰਚਾਰ ਕਰ ਰਿਹਾ ਸੀ ਕਿ ਰਾਚ “ਨੇੜੇ” ਆਇਆ ਹੈ ਅਤੇ ਉਸ ਨੇ ਸੁਝਾਉ ਦਿੱਤਾ ਕਿ ਉਸ ਦੇ ਚੇਲੇ ਇਸ ਪ੍ਰਤਿੱਗਿਆ ਦੀ ਪੂਰਤੀ ਲਈ ਪ੍ਰਾਰਥਨਾ ਕਰਨ। ਇਹ ਪ੍ਰਤਿੱਗਿਆ ਪੰਤੇਕੁਸਤ ਦੇ ਦਿਨ ਪੂਰੀ *ਹੋਈ ਸੀ*, ਜਿੱਥੇ ਪਤਰਸ

ਦੁਆਰਾ ਖੁਸ਼ਖਬਰੀ ਦਾ ਪਹਿਲਾ ਪ੍ਰਚਾਰ ਕੀਤੇ ਜਾਣ ਤੋਂ ਬਾਅਦ ਤਿੰਨ ਹਜ਼ਾਰ ਲੋਕਾਂ ਨੇ ਬਪਤਿਸਮਾ ਲਿਆ।

ਪੌਲੁਸ ਨੇ ਕੁਲੁੱਸੇ ਦੇ ਵਿਸ਼ਵਾਸੀਆਂ ਨੂੰ ਆਖਿਆ ਕਿ ਪਰਮੇਸ਼ਰ ਨੇ "ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ" ਹੈ (ਕੁਲੁੱਸੀਆਂ 1:13)। ਇਬਰਾਨੀਆਂ ਦੇ ਲੇਖਕ ਨੇ ਆਪਣੇ ਪਾਠਕਾਂ ਨੂੰ ਆਖਿਆ, "ਸੋ ਜਦੋਂ ਸਾਨੂੰ ਇੱਕ ਰਾਜ ਮਿਲਿਆ ਜਿਹੜਾ ਹਿਲਾਇਆ ਨਹੀਂ ਜਾਂਦਾ ਤਾਂ ਆਓ, ਅਸੀਂ ਧੰਨਵਾਦ ਕਰੀਏ" (ਇਬਰਾਨੀਆਂ 12:28)। ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਮਿਲਿਆ" ਕੀਤਾ ਗਿਆ ਹੈ ਉਹ ਵਰਤਮਾਨ ਕ੍ਰਿਦੰਤਕ ਹੈ, ਜਿਸ ਦਾ ਅਰਥ ਹੈ ਕਿ ਇਸ ਦਾ ਅਨੁਵਾਦ "ਮਿਲ ਰਿਹਾ ਹੈ" ਕੀਤਾ ਜਾ ਸਕਦਾ ਹੈ (ਵੇਖੋ KJV)। ਵਰਤਮਾਨ ਕ੍ਰਿਦੰਤਕ ਮੁੱਖ ਕਿਰਿਆ ਦੇ ਨਾਲ-ਨਾਲ ਹੋਣ ਵਾਲੀ ਇੱਕ ਹੋਰ ਕਿਰਿਆ ਨੂੰ ਦਰਸਾਉਂਦਾ ਹੈ – ਜਿਵੇਂ ਕਿ ਇਸ ਆਇਤ ਵਿੱਚ ਕਿਰਿਆ ਦਾ ਅਨੁਵਾਦ "ਆਓ . . . ਕਰੀਏ" ਕੀਤਾ ਗਿਆ ਹੈ। ਸਾਨੂੰ ਧੰਨਵਾਦ ਕਰਨਾ ਹੈ ਕਿਉਂਕਿ ਸਾਨੂੰ ਇੱਕ ਰਾਜ ਮਿਲ ਰਿਹਾ ਹੈ।

ਪਰਕਾਸ਼ ਦੀ ਪੋਥੀ ਵਿੱਚ ਵੀ ਅਜਿਹੀਆਂ ਸਿੱਖਿਆਵਾਂ ਮੌਜੂਦ ਹਨ ਜਿਹੜੀਆਂ ਦਰਸਾਉਂਦੀਆਂ ਹਨ ਕਿ ਰਾਜ ਵਜੂਦ ਵਿੱਚ ਆ ਚੁੱਕਾ ਹੈ। ਪਹਿਲੇ ਅਧਿਆਇ ਵਿੱਚ ਯੂਹੰਨਾ ਨੇ ਲਿਖਿਆ ਕਿ ਯਿਸੂ "ਸਾਨੂੰ ਇੱਕ ਪਾਤਸ਼ਾਹੀ ਬਣਾਇਆ" ਹੈ (1:6)। ਇਸੇ ਅਧਿਆਇ ਵਿੱਚ ਯੂਹੰਨਾ ਨੇ ਆਖਿਆ ਕਿ ਉਹ ਆਪਣੇ ਪਾਠਕਾਂ ਦੇ ਨਾਲ "ਰਲ ਕੇ ਓਸ ਬਿਪਤਾ *ਅਤੇ ਰਾਜ* ਅਤੇ ਸਬਰ ਵਿੱਚ ਜੋ ਯਿਸੂ ਵਿੱਚ ਹੈ ਸਾਂਝੀ" ਹੈ (1:9; ਜ਼ੋਰ ਦਿੱਤਾ ਗਿਆ ਹੈ)। ਨਾ ਤਾਂ ਬਿਪਤਾ ਅਤੇ ਸਬਰ, ਅਤੇ ਨਾ ਹੀ ਰਾਜ ਭਵਿੱਖ ਵਿੱਚ ਹਜ਼ਾਰਾਂ ਵਰ੍ਹੇ ਬਾਅਦ ਆਏ ਸਨ। ਜਦ ਅਸੀਂ ਮੌਜੂਦਾ ਰਾਜ ਦੀ ਗੱਲ ਕਰਦੇ ਹਾਂ, ਅਸੀਂ ਕਲੀਸਿਆ ਦੀ ਗੱਲ ਕਰ ਰਹੇ ਹਾਂ। "ਰਾਜ" ਅਤੇ "ਕਲੀਸਿਆ" ਸ਼ਬਦਾਂ ਨੂੰ ਮੱਤੀ 16:18, 19 ਵਿੱਚ ਅਤੇ ਹੋਰ ਆਇਤਾਂ ਵਿੱਚ ਵੀ ਇੱਕ ਦੂਜੇ ਦੀ ਥਾਂ 'ਤੇ ਇਸਤੇਮਾਲ ਕੀਤਾ ਗਿਆ ਹੈ। "ਰਾਜ" ਸ਼ਬਦ ਉਸ ਖੇਤਰ ਦਾ ਹਵਾਲਾ ਦਿੰਦਾ ਹੈ ਜਿਸ ਵਿੱਚ ਪ੍ਰਭੂ ਸ਼ਾਸਨ ਕਰਦਾ ਹੈ। ਇਸ ਖੇਤਰ ਦਾ ਧਰਤੀ ਉੱਤੇ ਵਿਸ਼ੇਸ਼ ਪ੍ਰਗਟੀਕਰਨ ਕਲੀਸਿਆ ਹੈ; ਇਸ ਦਾ ਸੁਰਗੀ ਪ੍ਰਗਟੀਕਰਨ ਆਪ ਸੁਰਗ ਹੈ। ਇੱਕ ਭਾਵ ਨਾਲ ਅਸੀਂ ਭਵਿੱਖ ਵਿੱਚ ਇੱਕ ਰਾਜ ਪ੍ਰਾਪਤ ਕਰਾਂਗੇ – ਜਦ ਅਸੀਂ ਆਖਿਰਕਾਰ ਸੁਰਗ ਜਾਵਾਂਗੇ – ਪਰ ਨਵਾਂ ਨੇਮ ਸਪੱਸ਼ਟ ਤੌਰ 'ਤੇ ਦੱਸਦਾ ਹੈ ਕਿ ਮਸੀਹ *ਵਰਤਮਾਨ ਵਿੱਚ* ਆਪਣੇ ਰਾਜ, ਕਲੀਸਿਆ, ਉੱਤੇ ਸ਼ਾਸਨ ਕਰ ਰਿਹਾ ਹੈ।

ਪਰਕਾਸ਼ ਦੀ ਪੋਥੀ 20 ਉੱਤੇ ਅਧਾਰਿਤ ਇੱਕ ਹੋਰ ਪ੍ਰੀਮਿਲੇਨਿਅਲ ਸਿੱਖਿਆ ਇਹ ਸਿਖਾਉਂਦੀ ਹੈ ਕਿ ਮੁਰਦਿਆਂ ਦਾ ਜੀ ਉੱਠਣਾ ਕਈ ਵਾਰੀ ਹੋਵੇਗਾ: ਵਿਚਾਰ ਇਹ ਹੈ ਕਿ ਧਰਮੀਆਂ ਦਾ ਸਰੀਰਕ ਜੀ ਉੱਠਣਾ "ਹਜ਼ਾਰ ਵਰ੍ਹੇ" ਦੇ ਅਰੰਭ ਵਿੱਚ ਹੋਵੇਗਾ ਅਤੇ ਦੁਸ਼ਟਾਂ ਦਾ ਸਰੀਰਕ ਜੀ ਉੱਠਣਾ "ਹਜ਼ਾਰ ਵਰ੍ਹੇ" ਦੇ ਅੰਤ ਵਿੱਚ ਹੋਵੇਗਾ। ਅਨੇਕਾਂ ਪ੍ਰੀਮਿਲੇਨਿਅਲਿਸਟ ਸਿਖਾਉਂਦੇ ਹਨ ਕਿ ਇਹ ਸਰੀਰਕ ਜੀ ਉੱਠਣਾ ਦੋ ਤੋਂ *ਵਧੇਰੇ* ਵਾਰ ਹੋਵੇਗਾ: (1) "ਰੈਪਚਰ" ਵੇਲੇ, ਵਿਸ਼ਵਾਸੀਆਂ ਦਾ ਜੀ ਉੱਠਣਾ; (2) "ਕਲੇਸ਼ਕਾਲ" ਦੇ ਸੱਤ ਵਰ੍ਹਿਆਂ ਦੀ ਮਿਆਦ ਦੇ ਅੰਤ ਵਿੱਚ, ਉਨ੍ਹਾਂ ਦਾ ਜੀ ਉੱਠਣਾ ਜਿਹੜੇ ਉਸ ਮਿਆਦ ਵਿੱਚ ਵਿਸ਼ਵਾਸੀ ਬਣੇ ਸਨ ਅਤੇ ਮਰ ਗਏ ਸਨ – ਜਿਸ ਨੂੰ ਕਦੇ-ਕਦੇ "ਇਕੱਠਾ ਕਰਨ ਵਾਲਾ" ਜੀ ਉੱਠਣਾ ਵੀ ਆਖਿਆ ਜਾਂਦਾ ਹੈ; (3) ਹਜ਼ਾਰ ਵਰ੍ਹੇ ਦੇ ਰਾਜ ਦੇ ਅੰਤ ਵਿੱਚ ਉਨ੍ਹਾਂ ਦਾ ਜੀ ਉੱਠਣਾ ਜਿਨ੍ਹਾਂ ਨੇ ਮਿਲੇਨਿਅਮ ਦੇ ਦੌਰਾਨ ਪ੍ਰਭੂ 'ਤੇ ਵਿਸ਼ਵਾਸ ਕੀਤਾ ਅਤੇ ਮਰੇ; (4) ਸ਼ਤਾਨ ਦੇ ਅੱਗ ਦੀ ਝੀਲ ਵਿੱਚ ਸੁੱਟੇ ਜਾਣ ਤੋਂ ਬਾਅਦ, ਦੁਸ਼ਟਾਂ ਦਾ ਜੀ ਉੱਠਣਾ। ਕੁਝ ਲੋਕ ਇਸ ਸੂਚੀ ਵਿੱਚ ਇਹ ਵੀ ਜੋੜਦੇ ਹਨ; ਕੁਝ ਲੋਕ ਇਹ ਵੀ ਸਿਖਾਉਂਦੇ ਹਨ ਕਿ *ਸੱਤ* ਜੀ ਉੱਠਣਾ ਹੋਣਗੇ। ਕਈ ਵਾਰੀ ਜੀ ਉੱਠਣ ਦਾ ਵਿਸ਼ਾ ਕਈ ਕਿਆਮਤਾਂ ਦੇ ਨਾਲ ਜੁੜਿਆ ਹੋਇਆ ਹੈ।

"ਪਹਿਲੀ ਕਿਆਮਤ" (20:5, 6) ਸ਼ਬਦਾਂ ਬਾਰੇ ਬਾਅਦ ਵਿੱਚ ਚਰਚਾ ਕੀਤੀ ਜਾਵੇਗੀ, ਪਰ ਇਹ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ ਪਵਿੱਤਰ ਸ਼ਾਸਤਰ ਦੀਆਂ ਸਪੱਸ਼ਟ ਆਇਤਾਂ ਇੱਕੋ ਸਰੀਰਕ ਜੀ ਉੱਠਣ ਵਾਰੇ ਸਿਖਾਉਂਦੀਆਂ ਹਨ। ਯਿਸੂ ਨੇ ਆਖਿਆ ਕਿ "ਉਹ ਘੜੀ ਆਉਂਦੀ ਹੈ ਜਿਹ ਦੇ ਵਿੱਚ ਓਹ *ਸਭ* ਜਿਹੜੇ ਕਬਰਾਂ ਵਿੱਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਦੀ ਕਿਆਮਤ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਨਿਆਉਂ ਦੀ ਕਿਆਮਤ ਲਈ" (ਯੂਹੰਨਾ 5:28, 29; ਜ਼ੋਰ ਦਿੱਤਾ ਗਿਆ ਹੈ)। ਪੌਲੁਸ ਨੇ ਆਖਿਆ ਕਿ "ਭਾਵੇਂ ਧਰਮੀ, ਭਾਵੇਂ ਕੁਧਰਮੀ ਦੋਹਾਂ ਦਾ ਜੀ ਉੱਠਣਾ ਹੋਵੇਗਾ" (ਰਸੂਲਾਂ ਦੇ ਕਰਤੱਬ 24:15)।

ਯਿਸੂ ਅਤੇ ਪੌਲੁਸ ਦੇ ਇਹ ਸ਼ਬਦ ਸਿਖਾਉਂਦੇ ਹਨ ਕਿ ਧਰਮੀਆਂ ਅਤੇ ਦੁਸ਼ਟਾਂ ਦਾ ਇੱਕੋ ਸਰੀਰਕ ਜੀ ਉੱਠਣਾ ਹੋਵੇਗਾ। ਉਹ ਦੁਸ਼ਟਾਂ ਦੇ ਜੀ ਉੱਠਣ ਨੂੰ ਧਰਮੀਆਂ ਦੇ ਜੀ ਉੱਠਣ ਤੋਂ ਇੱਕ ਹਜ਼ਾਰ ਵਰ੍ਹੇ ਬਾਅਦ ਹੋਣਾ ਨਹੀਂ ਸਿਖਾਉਂਦੇ। ਸਾਨੂੰ ਕਣਕ ਵਿਚਾਲੇ ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਵਿੱਚ "ਯਿਸੂ ਦੇ ਅਸਲਵਾਦ ਨੂੰ ਗੰਭੀਰਤਾ' ਨਾਲ ਲੈਣ ਦੀ ਲੋੜ ਹੈ (ਮੱਤੀ 13:24-30, 36-43), ਖਾਸ ਕਰਕੇ ਇਹ ਕਿ ਧਰਮੀ ਅਤੇ ਦੁਸ਼ਟ ਵਾਢੀ ਤੱਕ ਨਾਲ-ਨਾਲ ਵਧਣਗੇ, ਜੋ ਕਿ ਜਗਤ ਦੇ ਅੰਤ ਵਿੱਚ ਆਵੇਗੀ।"[20] ਹੋਰ ਆਇਤਾਂ ਵੀ ਇੱਕੋ ਜੀ ਉੱਠਣ ਬਾਰੇ ਸਿਖਾਉਂਦੀਆਂ ਹਨ (ਵੇਖੋ ਦਾਨੀਏਲ 12:2)। ਅਸੀਂ ਉਨ੍ਹਾਂ ਆਇਤਾਂ ਬਾਰੇ ਵੀ ਸੋਚ ਸਕਦੇ ਹਾਂ ਜਿਹੜੀਆਂ ਸਿਰਫ "ਮੁਰਦਿਆਂ ਦੇ ਜੀ ਉੱਠਣ" ਦੀ ਹੀ ਗੱਲ ਕਰਦੀਆਂ ਹਨ (ਵੇਖੋ ਮੱਤੀ 22:31; ਰਸੂਲਾਂ ਦੇ ਕਰਤੱਬ 24:21; ਇਬਰਾਨੀਆਂ 6:2)।

ਜਦ ਪ੍ਰਤੀਕਾਤਮਕ ਭਾਸ਼ਾ ਉੱਤੇ ਤਿਆਰ ਕੀਤੀਆਂ ਗਈਆਂ *ਸਿੱਖਿਆਵਾਂ* ਪਵਿੱਤਰ ਸ਼ਾਸਤਰ ਦੀਆਂ ਸਪੱਸ਼ਟ ਆਇਤਾਂ ਦੀਆਂ *ਸਿੱਖਿਆਵਾਂ* ਦੇ ਵਿਰੁੱਧ ਹੁੰਦੀਆਂ ਹਨ ਤਾਂ ਸਾਨੂੰ ਕਿਸ ਨੂੰ ਸੱਚ ਮੰਨ ਕੇ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ? ਡੈਨੀਅਲ ਰੱਸਲ ਨੇ ਇਸ ਪ੍ਰਸ਼ਨ ਨੂੰ ਇਸ ਤਰ੍ਹਾਂ ਲਿਖਿਆ:

> ਤੁਸੀਂ ਆਪਣੇ ਇਖਤਿਆਰ ਵਜੋਂ ਕਿਸ ਨੂੰ ਸਵੀਕਾਰ ਕਰੋਗੇ, ਇੰਜੀਲ ਦੇ ਵਿਰਤਾਂਤਾਂ ਅਤੇ ਪੱਤਰੀਆਂ ਦੀ ਸਿੱਧੀ ਅਤੇ ਸਰਲ ਭਾਸ਼ਾ ਨੂੰ ਜਾਂ ਪਰਕਾਸ਼ ਦੀ ਪੋਥੀ ਦੀ ਬੇਹੱਦ ਪ੍ਰਤੀਕਾਤਮਕ ਭਾਸ਼ਾ ਨੂੰ? ਮੰਨ ਲਓ ਕਿ ਤੁਹਾਡੇ ਕੋਲ [ਜੌਨ ਬਾਸ਼] ਮੈਕਮਾਸਟਰ ਜਾਂ [ਜੇਮਸ ਫੋਰਡ] ਰੋਡੇਸ ਵਰਗੇ ਭਰੋਸੇਮੰਦ ਇਤਹਾਸਕਾਰ ਗ੍ਰਹਿ ਯੁੱਧ ਦੀਆਂ ਸੱਚਾਈਆਂ ਪੇਸ਼ ਕਰ ਰਹੇ ਹਨ। ਫਿਰ ਮੰਨ ਲਓ ਕਿ ਤੁਹਾਡੇ ਕੋਲ ਸਟੀਫਨ ਵਿਨਸੇਂਟ ਬੇਨੇਟ ਵਰਗਾ ਕੋਈ ਕਵੀ ਹੈ ਜੋ ਯੁੱਧ ਦਾ ਇਤਹਾਸ ਲਿਖ ਰਿਹਾ ਹੈ ਜਿਵੇਂ ਕਿ ਬੇਨੇਟ ਨੇ, *ਜੌਨ ਬ੍ਰਾਉਨਜ਼ ਬੌਡੀ* ਦੇ ਸਿਰਲੇਖ ਹੇਠ ਲਿਖਿਆ ਸੀ। ਤੁਸੀਂ ਆਪਣੇ ਇਖਤਿਆਰ ਦੇ ਪੱਧਰ ਵਜੋਂ ਕਿਸ ਨੂੰ ਲਓਗੇ? ਕੀ ਤੁਸੀਂ ਮੈਕਮਾਸਟਰ ਅਤੇ ਰੋਡੇਸ ਦੀਆਂ ਗੱਲਾਂ ਵਿੱਚ ਫੇਰ-ਬਦਲ ਕਰਕੇ ਉਨ੍ਹਾਂ ਨੂੰ ਬੇਨੇਟ ਦੀਆਂ ਲਿਖਤਾਂ ਦੇ ਨਾਲ ਮਿਲਾਓਗੇ? ਜੇਕਰ ਤੁਸੀਂ ਜਾਂਚ ਕਰਨ ਦੀ ਆਪਣੀ ਸਾਰੀ ਕਾਬਲੀਅਤ ਨਹੀਂ ਗੁਆਈ ਹੈ ਤਾਂ ਤੁਸੀਂ ਅਜਿਹਾ ਨਹੀਂ ਕਰੋਗੇ। ਜੇਕਰ ਕਿਸੇ ਦੀਆਂ ਲਿਖਤਾਂ ਵਿੱਚ ਫੇਰ-ਬਦਲ ਕਰਨੀ ਹੈ ਤਾਂ ਤੁਸੀਂ ਬੇਨੇਟ ਦੀਆਂ ਲਿਖਤਾਂ ਵਿੱਚ ਕਰੋਗੇ।[21]

ਕਹਿਣ ਦਾ ਭਾਵ ਹੈ ਇਹ ਹੈ ਕਿ ਸਪੱਸ਼ਟ ਆਇਤਾਂ ਵਿੱਚ ਫੇਰ-ਬਦਲ ਕਰਕੇ ਉਨ੍ਹਾਂ ਨੂੰ ਪ੍ਰਤੀਕਾਤਮਕ ਆਇਤਾਂ ਦੀ ਮਨੁੱਖੀ ਵਿਆਖਿਆ ਦੇ ਨਾਲ ਮਿਲਾਉਣ ਦੀ ਬਜਾਇ ਪ੍ਰਤੀਕਾਤਮਕ ਆਇਤਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਸਪੱਸ਼ਟ ਆਇਤਾਂ ਦੀ ਸਿੱਖਿਆ ਦੇ ਨਾਲ ਮੇਲ ਖਾਏ।

ਯਹੂਦੀ ਲੋਕ ਇਕ ਭੌਤਿਕ ਰਾਜਾ ਦੀ ਉਡੀਕ ਕਰ ਰਹੇ ਸਨ ਜੋ ਇੱਕ ਭੌਤਿਕ ਸਿੰਘਾਸਣ ਉੱਤੇ ਵਿਰਾਜੇਗਾ ਅਤੇ ਉਨ੍ਹਾਂ ਲਈ ਇੱਕ ਭੌਤਿਕ ਯੁੱਧ ਲੜੇਗਾ। ਕਿਉਂਜੋ ਯਿਸੂ "ਸਿਰਫ" ਇੱਕ ਆਤਮਕ ਰਾਜਾ ਸੀ (ਯੂਹੰਨਾ 18:36), ਇਸ ਕਰਕੇ ਉਨ੍ਹਾਂ ਨੇ ਉਸ ਨੂੰ ਰੱਦ ਦਿੱਤਾ। ਯਿਸੂ ਦੇ ਦਿਨਾਂ ਦੇ ਯਹੂਦੀਆਂ ਵਾਂਗ, ਕੁਝ ਪ੍ਰੀਮਿਲੇਨਿਅਲਿਸਟ ਆਤਮਕ ਅਸੀਸਾਂ ਨੂੰ ਘੱਟ ਸੰਤੋਖਜਨਕ ਮੰਨਦੇ ਹਨ। ਪਰਤਾਪਵਾਨ ਸੁਰਗ ਦੀ ਆਸ ਕਾਫੀ ਨਹੀਂ ਹੈ; ਉਹ ਮੁੜ ਨਵੀਂ ਕੀਤੀ ਗਈ ਧਰਤੀ ਦੀ ਆਸ ਕਰਦੇ ਹਨ। ਯਿਸੂ ਦੀ ਸਲੀਬ ਉਨ੍ਹਾਂ ਦੇ ਲਈ ਓਨੀ ਉਤਸ਼ਾਹਜਨਕ ਨਹੀਂ ਹੈ ਜਿੰਨਾ ਯਿਸੂ ਦਾ ਮੁਕਟ; ਹਿਰਦੇ ਵਿੱਚ ਸ਼ਾਂਤੀ ਨਾਲੋਂ ਧਰਤੀ ਉੱਤੇ ਸ਼ਾਂਤੀ ਵਧੇਰੇ ਮਹੱਤਵਪੂਰਣ ਜਾਪਦੀ ਹੈ; ਅਤੇ ਪਾਪਾਂ ਨੂੰ ਮਿਟਾਏ ਜਾਣ ਦੀ ਪ੍ਰਤਿੱਗਿਆ ਰੋਗਾਂ ਨੂੰ ਮਿਟਾਏ ਜਾਣ ਦੀ ਉਮੀਦ ਅੱਗੇ ਫਿੱਕੀ ਪੈ ਜਾਂਦੀ ਹੈ। ਬਰਟਨ ਕੌਫਮੈਨ ਨੇ ਲਿਖਿਆ,

> . . . ਅਸੀਂ ਉਨ੍ਹਾਂ ਲੋਕਾਂ ਦੇ ਨਾਲ ਪੂਰੀ ਹਮਦਰਦੀ ਰੱਖਦੇ ਹਾਂ ਜਿਹੜੇ ਧਰਤੀ ਉੱਤੇ ਇੱਕ ਕਾਲਪਨਿਕ ਆਦਰਸ਼ ਲੋਕ ਦੇ ਸੁਫਨੇ ਵਿੱਚ "ਫਸੇ ਹੋਏ" ਹਨ, ਜਿੱਥੇ ਇੱਕ ਸੁੰਦਰ ਸੁਨਿਹਰੀ ਜੁੱਗ ਵਿੱਚ ਸ਼ਾਂਤੀ ਅਤੇ ਚਾਨਣ ਹੋਵੇਗਾ; ਪਰ ਜੇਕਰ ਇਸ ਭਰਮ ਵਿੱਚ ਪਏ ਲੋਕ ਸੁਣਨ ਦੀ ਹਿੰਮਤ ਰੱਖਦੇ ਹਨ ਤਾਂ ਸੁਣ ਲੈਣ ਕੇ ਨਵੇਂ ਨੇਮ ਵਿੱਚ ਅਜਿਹੀ ਕੋਈ ਪ੍ਰਤਿੱਗਿਆ ਨਹੀਂ ਹੈ। ਅਸੀਂ "ਬਹੁਤ ਬਿਪਤਾ" ਸਹਿ ਕੇ ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਹੈ (ਰਸੂਲਾਂ ਦੇ ਕਰਤੱਬ 14:22); ਜ਼ਰੂਰੀ ਹੈ ਕਿ ਅਸੀਂ "ਉਹ ਦੇ ਨਾਲ ਦੁੱਖ ਝੱਲੀਏ" (ਰੋਮੀਆਂ 8:17); ਜਿਹੜੇ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਉਹ "ਸਤਾਏ ਜਾਣਗੇ" (2 ਤਿਮੋਥਿਉਸ 3:12); ਜਿੰਨੇ ਲੋਕ ਮਸੀਹ ਦੇ ਪੈਰੋਕਾਰ ਹੋਣਾ ਚਾਹੁੰਦੇ ਹਨ ਉਹ "ਰੋਜ਼ ਆਪਣੀ ਸਲੀਬ ਚੁੱਕਣ" (ਲੂਕਾ 9:23)। . . .[22]

ਨਵਾਂ ਨੇਮ ਸਮੱਸਿਆਵਾਂ ਤੋਂ ਰਹਿਤ ਸੰਸਾਰ ਦੀ ਪ੍ਰਤਿੱਗਿਆ ਨਹੀਂ ਕਰਦਾ। ਸਗੋਂ ਇਹ ਤਾਂ ਸਿਖਾਉਂਦਾ ਹੈ ਕਿ ਪਰਮੇਸ਼ੁਰ ਨੇ "ਮਸੀਹ ਵਿੱਚ *ਸੁਰਗੀ* ਥਾਵਾਂ ਵਿੱਚ ਸਭ ਪਰਕਾਰ ਦੀਆਂ *ਆਤਮਕ* ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ" (ਅਫ਼ਸੀਆਂ 1:3; ਜ਼ੋਰ ਦਿੱਤਾ ਗਿਆ ਹੈ)। ਸਤਾਏ ਜਾ ਰਹੇ ਮਸੀਹੀਆਂ ਨੂੰ ਇਹ ਸਿੱਖਿਆ ਹੌਂਸਲਾ ਨਹੀਂ ਦਿੰਦੀ ਸੀ ਕਿ ਇੱਕ ਦਿਨ ਮਸੀਹ ਧਰਤੀ 'ਤੇ ਵਾਪਸ ਆਵੇਗਾ, ਸਗੋਂ ਇਹ ਆਸ ਉਨ੍ਹਾਂ ਨੂੰ ਵਧੇਰੇ ਹੌਂਸਲਾ ਦਿੰਦੀ ਸੀ ਕਿ ਉਹ ਧਰਤੀ ਨੂੰ ਛੱਡ ਕੇ "ਮਸੀਹ ਕੋਲ" ਜਾ ਵੱਸਣਗੇ। ਪੌਲੁਸ ਨੇ ਆਖਿਆ ਕਿ ਇਹ "ਬਹੁਤ ਹੀ ਉੱਤਮ ਹੈ" (ਫ਼ਿਲਿੱਪੀਆਂ 1:23)। ਆਮੀਨ! ਪਰਮੇਸ਼ੁਰ ਦੀਆਂ ਪ੍ਰਤਿੱਗਿਆਵਾਂ ਮਨੁੱਖਾਂ ਦਿਆਂ ਕਾਲਪਨਿਕ ਲਾਭਾਂ ਨਾਲੋਂ ਕਿਤੇ *ਵਧੀਕ ਉੱਤਮ* ਹਨ।

ਮਨੁੱਖੀ ਸਿੱਖਿਆਵਾਂ ਬਾਰੇ ਇੱਥੇ ਐਨਾ ਹੀ ਕਾਫੀ ਹੈ। ਹੁਣ ਜ਼ਰੂਰੀ ਹੈ ਕਿ ਆਇਤਾਂ 4 ਤੋਂ ਲੈ ਕੇ 6 ਦੀ ਇਹ ਵੇਖਣ ਲਈ ਜਾਂਚ ਕੀਤੀ ਜਾਵੇ ਕਿ ਇਹ ਅਸਲ ਵਿੱਚ ਕੀ ਆਖਦੀਆਂ ਹਨ। ਆਮਤੌਰ 'ਤੇ ਇਹ ਸਹਿਮਤੀ ਜਤਾਈ ਜਾਂਦੀ ਹੈ ਕਿ ਇਸ ਹਿੱਸੇ ਲਈ ਪੁਰਾਣੇ ਨੇਮ ਦੀ ਪਿਛੋਕੜ ਦਾਨੀਏਲ 7 ਹੈ (ਵੇਖੋ ਦਾਨੀਏਲ 7:9, 22, 27)। ਹਮੇਸ਼ਾਂ ਵਾਂਗ ਯੂਹੰਨਾ ਨੇ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਇਹ ਵਿਲੱਖਣ ਦ੍ਰਿਸ਼ਟੀਕੋਣ ਪ੍ਰਾਪਤ ਕੀਤਾ।

**ਆਇਤ 4.** ਅਰੰਭਕ ਮਸੀਹੀ ਲੋਕਾਂ ਲਈ ਇੱਕ ਮਹੱਤਵਪੂਰਣ ਪ੍ਰਸ਼ਨ ਇਹ ਸੀ ਕਿ "ਉਨ੍ਹਾਂ ਦਾ ਕੀ ਹੁੰਦਾ ਹੈ ਜਿਹੜੇ ਮੌਤ ਤੱਕ ਵਫਾਦਾਰ ਰਹਿੰਦੇ ਹਨ?" ਕੀ ਉਹ ਮਰ ਗਏ ਅਤੇ ਭੁਲਾ ਦਿੱਤੇ ਗਏ ਹਨ ਜਾਂ ਫਿਰ ਉਨ੍ਹਾਂ ਦੀ ਕੁਰਬਾਨੀ ਦਾ ਕੋਈ ਮਹੱਤਵ ਸੀ? ਯੂਹੰਨਾ ਦਾ ਉੱਤਰ ਇਹ ਸੀ:

> **ਮੈਂ ਗੱਦੀਆਂ ਵੇਖੀਆਂ ਅਤੇ ਓਹ ਉਨ੍ਹਾਂ ਉੱਤੇ ਬੈਠੇ ਹੋਏ ਸਨ ਅਤੇ ਨਿਆਉਂ ਕਰਨ ਦਾ ਓਹਨਾਂ ਨੂੰ ਇਖ਼ਤਿਆਰ ਦਿੱਤਾ ਗਿਆ ਅਤੇ ਮੈਂ ਓਹਨਾਂ ਦੇ ਜੀਵਾਂ ਨੂੰ ਵੇਖਿਆ ਜਿਨ੍ਹਾਂ ਦੇ ਸਿਰ ਯਿਸੂ**

**ਦੀ ਗਵਾਹੀ ਦੇ ਕਾਰਨ ਅਤੇ ਪਰਮੇਸ਼ੁਰ ਦੇ ਬਚਨ ਦੇ ਕਾਰਨ ਵੱਢੇ ਗਏ ਸਨ ਜਿਨ੍ਹਾਂ ਓਸ ਦਰਿੰਦੇ ਦੀ ਯਾ ਉਹ ਦੀ ਮੂਰਤੀ ਦੀ ਪੂਜਾ ਨਹੀਂ ਕੀਤੀ ਸੀ ਅਤੇ ਉਹ ਦਾਗ ਆਪਣੇ ਮੱਥੇ ਅਤੇ ਆਪਣੇ ਹੱਥ ਉੱਤੇ ਨਹੀਂ ਲੁਆਇਆ ਸੀ। ਓਹ ਜੀ ਉੱਠੇ ਅਤੇ ਹਜ਼ਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ।**

**ਯਿਸੂ ਦੀ ਗਵਾਹੀ** ਅਤੇ **ਪਰਮੇਸ਼ੁਰ ਦੇ ਬਚਨ** ਉਹੀ ਕਾਰਨ ਹਨ ਜਿਹੜੇ ਯੂਹੰਨਾ ਦੇ ਦੇਸ-ਨਿਕਾਲੇ ਅਤੇ ਜਗਵੇਦੀ ਹੇਠਾਂ ਪਈਆਂ ਜਾਨਾਂ ਦੀ ਸ਼ਹੀਦੀ ਲਈ ਵੀ ਦਿੱਤੇ ਗਏ ਹਨ (1:9; 6:9 ਦੀਆਂ ਟਿੱਪਣੀਆਂ ਵੇਖੋ)। ਦੂਜੇ ਦਰਿੰਦੇ (ਝੂਠੇ ਨਬੀ) ਦਾ ਟੀਚਾ ਲੋਕਾਂ ਨੂੰ ਪਹਿਲੇ ਦਰਿੰਦੇ ਅਤੇ ਉਸ ਦੀ ਮੂਰਤ ਦੀ ਪੂਜਾ ਕਰਾਉਣ ਲਈ ਅਤੇ ਉਨ੍ਹਾਂ ਦੇ ਮੱਥੇ ਅਤੇ ਹੱਥਾਂ ’ਤੇ ਉਸ ਦਾ ਦਾਗ ਦਿਵਾਉਣ ਲਈ ਮਜਬੂਰ ਕਰਨਾ ਸੀ (13:16-18 ਦੀਆਂ ਟਿੱਪਣੀਆਂ ਵੇਖੋ)। ਇਸ ਤਰ੍ਹਾਂ ਝੂਠੇ ਨਬੀ ਦੇ ਪ੍ਰਭਾਵ ਹੇਠ ਆਏ ਲੋਕ “ਚੈਨ ਨਹੀਂ” ਪਾਉਂਦੇ (14:11), ਜਦਕਿ ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ ਸੀ ਉਹ ਯਿਸੂ ਨਾਲ ਰਾਜ ਕਰਦੇ ਸਨ (20:4)।

ਜਿਵੇਂ ਕਿ ਪਹਿਲਾਂ ਵੀ ਜ਼ੋਰ ਦਿੱਤਾ ਗਿਆ ਹੈ, ਯੂਹੰਨਾ ਨੇ ਉਨ੍ਹਾਂ ਦੇ ਸਰੀਰ ਨਹੀਂ ਵੇਖੇ, ਪਰ ਸਿਰਫ ਆਤਮਾਵਾਂ ਅਰਥਾਤ ਜੀਵ ਵੇਖੇ। ਹੈਂਡ੍ਰਿਕਸਨ ਨੇ ਲਿਖਿਆ, “ਹਾਂ ਇਹ ਸੱਚ ਹੈ ਕਿ ਕਦੇ-ਕਦੇ ‘ਜੀਵਾਂ ਅਰਥਾਤ ਪ੍ਰਾਣੀਆਂ’ ਦਾ ਅਰਥ ‘ਲੋਕ’ ਵੀ ਹੁੰਦਾ ਹੈ, ਜਿਵੇਂ ਕਿ ਉਤਪਤ 46:27 ਵਿੱਚ ਹੈ। ਪਰ ਉਸ ਥਾਂ ’ਤੇ ਤੁਸੀਂ ‘ਜੀਵਾਂ ਅਰਥਾਤ ਪ੍ਰਾਣੀਆਂ’ ਦੀ ਥਾਂ ‘ਲੋਕਾਂ’ ਸ਼ਬਦ ਦੀ ਵਰਤੋਂ ਕਰ ਸਕਦੇ ਹੋ। ਪਰ ਇੱਥੇ ਪਰਕਾਸ਼ 20 ਵਿੱਚ ਤੁਸੀਂ ਅਜਿਹਾ ਨਹੀਂ ਕਰ ਸਕਦੇ!”[23] ਪਾਠਕ ਨੂੰ ਅਧਿਆਇ 6 ਚੇਤੇ ਕਰਾਇਆ ਗਿਆ ਹੈ, ਜਿੱਥੇ ਰਸੂਲ ਨੇ “ਜਗਵੇਦੀ ਦੇ ਹੇਠਾਂ ਓਹਨਾਂ ਦੀਆਂ ਜਾਨਾਂ ਨੂੰ ਵੇਖਿਆ ਜਿਹੜੇ . . . ਵੱਢੇ ਗਏ ਸਨ” (6:9)। ਅਧਿਆਇ 6 ਵਿਚਲੇ ਲੋਕਾਂ ਦੀ ਤਰ੍ਹਾਂ ਇਹ ਜਿਹੜੇ ਬਚਾਏ ਗਏ ਸਨ ਉਹ ਵੀ ਆਪਣੀ ਨਿਹਚਾ ਦੇ ਕਾਰਨ ਸ਼ਹੀਦ ਹੋਏ ਸਨ। ਪਾਠਕ ਨੂੰ ਸ਼ਾਇਦ ਅਧਿਆਇ 6 ਅਤੇ 20 ਵਿਚਲੇ ਦੋ ਸਮੂਹਾਂ ਨੂੰ ਇੱਕ ਵਜੋਂ, ਅਤੇ ਅਧਿਆਇ 20 ਨੂੰ ਇਸ ਪ੍ਰਸ਼ਨ “ਕਦੋਂ ਤੋੜੀ?” ਦੇ ਉੱਤਰ ਦੇ ਹਿੱਸੇ ਵਜੋਂ ਵੇਖਣ ਦੀ ਲੋੜ ਹੈ। ਜਦ ਉਨ੍ਹਾਂ ਬਾਰੇ ਲਿਖਿਆ ਹੈ ਕਿ ਉਨ੍ਹਾਂ ਦੇ **ਸਿਰ ਵੱਢੇ ਗਏ ਸਨ** ਤਾਂ ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਪਰਕਾਸ਼ ਦੀ ਪੋਥੀ ਲਿਖੇ ਜਾਣ ਵੇਲੇ ਰੋਮ ਵੱਲੋਂ ਮੌਤ ਦੀ ਸਜ਼ਾ ਦੇਣ ਦਾ ਤਰੀਕਾ ਕੁਹਾੜੇ ਨਾਲ ਜਾਂ ਤਲਵਾਰ ਨਾਲ ਸਿਰ ਵੱਢਣਾ ਹੁੰਦਾ ਸੀ। ਪਰ ਇਹ ਨਿਸ਼ਚਿਤ ਹੈ ਕਿ ਉਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਸਨ ਜਿਹੜੇ ਸਲੀਬ ਚਾੜ੍ਹੇ ਗਏ ਸਨ, ਅਖਾੜਿਆਂ ਵਿੱਚ ਜੰਗਲੀ ਜਾਨਵਰਾਂ ਅੱਗੇ ਸੁੱਟ ਕੇ ਮਾਰੇ ਗਏ ਸਨ ਅਤੇ ਹੋਰ ਤਰੀਕਿਆਂ ਨਾਲ ਮੌਤ ਦੇ ਘਾਟ ਉਤਾਰੇ ਗਏ ਸਨ ਕਿਉਂਕਿ ਉਨ੍ਹਾਂ ਨੇ ਕੈਸਰ ਦੀ ਪੂਜਾ ਕਰਨ ਤੋਂ ਮਨ੍ਹਾ ਕੀਤਾ ਸੀ।

ਇਹ ਸਵਾਲ ਵੀ ਚੁੱਕਿਆ ਜਾਂਦਾ ਹੈ ਕਿ 20:4 ਵਿੱਚ ਇੱਕ ਸਮੂਹ ਦਾ ਜ਼ਿਕਰ ਹੋਇਆ ਹੈ ਜਾਂ ਦੋ ਦਾ। ਕੁਝ ਲੋਕ ਸੋਚਦੇ ਹਨ ਕਿ ਯੂਹੰਨਾ ਨੇ ਕੇਵਲ ਇੱਕ ਸਮੂਹ ਵੇਖਿਆ ਸੀ – ਸ਼ਹੀਦ – ਅਤੇ ਜਿਹੜਾ ਹਿੱਸਾ **ਜਿਨ੍ਹਾਂ ਓਸ ਦਰਿੰਦੇ ਦੀ ਯਾ ਉਹ ਦੀ ਮੂਰਤੀ ਦੀ ਪੂਜਾ ਨਹੀਂ ਕੀਤੀ ਸੀ** ਨਾਲ ਅਰੰਭ ਹੁੰਦਾ ਹੈ, ਉਹ ਉਨ੍ਹਾਂ ਦਾ ਵੇਰਵਾ ਦਿੰਦਾ ਹੈ। ਹੋਰ ਲੋਕ ਵਿਵਾਦ ਕਰਦੇ ਹਨ ਕਿ ਮੂਲ ਲਿਖਤਾਂ ਦੇ ਸ਼ਬਦਾਂ ਵਿੱਚ ਦੋ ਸਮੂਹਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸਵਾਲ ਬਹੁਤਾ ਮਹੱਤਵਪੂਰਣ ਨਹੀਂ ਹੈ, ਪਰ ਇਹ ਦ੍ਰਿਸ਼ਟੀਕੋਣ ਵਧੇਰੇ ਢੁਕਵਾਂ ਜਾਪਦਾ ਹੈ ਕਿ ਯੂਹੰਨਾ ਨੇ ਆਤਮਾਵਾਂ ਦੇ ਦੋ ਸਮੂਹ ਵੇਖੇ: ਸ਼ਹੀਦਾਂ ਦੀਆਂ ਆਤਮਾਵਾਂ ਅਤੇ ਉਨ੍ਹਾਂ ਦੀਆਂ ਆਤਮਾਵਾਂ ਜਿਨ੍ਹਾਂ ਨੇ ਰੋਮੀ ਸਰਕਾਰ ਦੇ ਦਬਾਉ ਹੇਠ ਗੋਡੇ ਨਹੀਂ ਟੇਕੇ। ਪਰਕਾਸ਼ ਦੀ ਪੋਥੀ ਸ਼ਹੀਦਾਂ ਨੂੰ ਉਨ੍ਹਾਂ ਲੋਕਾਂ ਤੋਂ ਉੱਚਾ ਦਰਜਾ ਨਹੀਂ ਦਿੰਦੀ ਜਿਹੜੇ ਹੋਰ ਤਰੀਕਿਆਂ ਨਾਲ ਸਤਾਏ ਗਏ ਸਨ ਪਰ ਫਿਰ ਵੀ

ਵਫਾਦਾਰ ਰਹੇ ਸਨ। ਇੱਕ ਉਦਾਹਰਣ ਇਹ ਹੈ ਕਿ ਯਾਕੂਬ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ (ਰਸੂਲਾਂ ਦੇ ਕਰਤੱਬ 12:1, 2), ਜਦਕਿ ਉਸ ਦੇ ਭਰਾ ਯੂਹੰਨਾ ਨੂੰ "ਸਿਰਫ" ਦੇਸ-ਨਿਕਾਲਾ ਦੇ ਕੇ ਪਾਤਮੁਸ ਘੱਲ ਦਿੱਤਾ ਦਿਆ ਸੀ (ਪਰਕਾਸ਼ 1:9)। ਪਰ ਫਿਰ ਵੀ, ਦੋਹਾਂ ਨੇ ਹੀ ਯਿਸੂ ਦੇ ਬਪਤਿਸਮਾ (ਬਿਪਤਾ) ਵਿੱਚ ਬਪਤਿਸਮਾ ਲਿਆ ਸੀ (ਮਰਕੁਸ 10:38, 39)। ਜਿੱਥੇ ਤੱਕ ਪ੍ਰਭੂ ਦਾ ਸਵਾਲ ਹੈ, ਦੋਹਾਂ ਵਿੱਚੋਂ ਕੋਈ ਇੱਕ ਕੁਰਬਾਨੀ ਦੂਜੀ ਨਾਲੋਂ ਉਚੇਰੀ ਨਹੀਂ ਸੀ।

ਵਿਲਿਅਮ ਬਰਕਲੇ ਨੇ ਲਿਖਿਆ, "ਪੁਰਾਤਨ ਕਲੀਸਿਆ ਵਿੱਚ ਸਤਾਉ ਦੇ ਦਿਨਾਂ ਵਿੱਚ ਦੋ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਜਿਹੜੇ ਆਪਣੀ ਨਿਹਚਾ ਦੀ ਖਾਤਰ ਮਾਰੇ ਜਾਂਦੇ ਸਨ ਉਨ੍ਹਾਂ ਨੂੰ *ਸ਼ਹੀਦ* ਆਖਿਆ ਜਾਂਦਾ ਸੀ; ਅਤੇ ਜਿਹੜੇ ਮਸੀਹ ਦੇ ਪ੍ਰਤੀ ਆਪਣੀ ਵਫਾਦਾਰੀ ਦੇ ਕਾਰਨ ਮੌਤ ਤੋਂ ਇਲਾਵਾ ਹਰ ਤਰ੍ਹਾਂ ਦੇ ਤਸੀਹੇ ਸਹਿੰਦੇ ਸਨ, ਉਨ੍ਹਾਂ ਨੂੰ *ਧਰਮਵੀਰ* ਆਖਿਆ ਜਾਂਦਾ ਸੀ।"[24] ਹੇਨਰੀ ਸਵੀਟ ਨੇ ਧਰਮਵੀਰਾਂ ਬਾਰੇ ਆਖਿਆ ਕਿ "ਇਹ ਉਹ ਲੋਕ ਸਨ ਜਿਨ੍ਹਾਂ ਨੂੰ ਸ਼ਹੀਦੀ ਪ੍ਰਾਪਤ ਨਹੀਂ ਹੋਈ, ਪਰ ਮਸੀਹ ਦੀ ਖਾਤਰ ਉਨ੍ਹਾਂ ਨੇ ਖੁਸ਼ੀ-ਖੁਸ਼ੀ ਦੁਖ ਝੱਲੇ, ਨਿੰਦਿਆ ਸਹੀ, ਕੈਦ ਵਿੱਚ ਪਏ, ਜਾਇਦਾਦ ਗੁਆਈ, ਘਰ ਅਤੇ ਰਿਸ਼ਤੇਦਾਰਾਂ ਨੂੰ ਛੱਡ ਦਿੱਤਾ।"[25] ਇਨ੍ਹਾਂ ਆਇਤਾਂ ਦਾ ਮੁੱਖ ਸੰਦੇਸ਼ ਇਹ ਹੈ ਕਿ ਮੌਤ ਭਾਵੇਂ ਕੁਹਾੜੇ ਨਾਲ ਆਈ ਸੀ ਭਾਵੇਂ ਦਿਲ ਦੇ ਦੌਰੇ ਨਾਲ, ਇਨ੍ਹਾਂ ਵਿੱਚੋਂ ਹਰੇਕ ਵਿਅਕਤੀ ਆਪਣੀ ਮੌਤ ਤੱਕ ਪ੍ਰਭੂ ਦੇ ਪ੍ਰਤੀ *ਵਫਾਦਾਰ* ਰਿਹਾ ਸੀ। ਇਨ੍ਹਾਂ ਆਇਤਾਂ ਤੋਂ ਸਭਨਾਂ ਮਸੀਹੀਆਂ ਲਈ ਇੱਕ ਆਮ ਪਾਠ ਕੱਢਿਆ ਜਾ ਸਕਦਾ ਹੈ, ਪਰ ਜ਼ੋਰ ਉਨ੍ਹਾਂ ਉੱਤੇ ਦਿੱਤਾ ਗਿਆ ਹੈ ਜਿਨ੍ਹਾਂ ਨੇ ਆਪਣੀ ਨਿਹਚਾ ਲਈ ਦੁਖ ਝੱਲੇ ਸਨ, ਅਤੇ ਖਾਸ ਕਰਕੇ ਉਹ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ।

ਜੇਤੂ ਸ਼ਹੀਦਾਂ ਨੂੰ ਮਸੀਹ ਦੇ ਨਾਲ ਰਾਜ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਰਾਜ ਦਾ ਇੱਕ ਹਿੱਸਾ ਇਹ ਸੀ ਕਿ **ਨਿਆਉਂ ਕਰਨ ਦਾ ਓਹਨਾਂ ਨੂੰ ਇਖ਼ਤਿਆਰ ਦਿੱਤਾ ਗਿਆ**। ਦਾਨੀਏਲ 7:22 ਵਿੱਚ ਇਸ ਦੇ ਨਾਲ ਮਿਲਦੇ-ਜੁਲਦੇ ਵਾਕ ਦਾ ਅਰਥ ਇਹ ਨਿਕਲਦਾ ਹੈ ਕਿ "ਫੈਸਲਾ ਉਨ੍ਹਾਂ ਦੇ ਹੱਕ ਵਿੱਚ ਸੁਣਾਇਆ ਗਿਆ" – ਕਹਿਣ ਦਾ ਭਾਵ ਇਹ ਹੈ ਕਿ ਸੰਤਾਂ ਦਾ ਬਦਲਾ ਲਿਆ ਗਿਆ। ਇੱਥੇ ਵੀ ਇਹੋ ਅਰਥ ਹੋ ਸਕਦਾ ਹੈ ਪਰ ਪਰਕਾਸ਼ ਦੀ ਪੋਥੀ 20 ਦੇ ਸੰਦਰਭ ਵਿੱਚ ਮੁੱਖ ਵਿਚਾਰ ਸ਼ਹੀਦਾਂ ਦੇ ਵੈਰੀਆਂ ਉੱਤੇ ਜਿੱਤ ਦਾ ਹੈ। ਧਰਤੀ ਉੱਤੇ ਉਨ੍ਹਾਂ ਦੇ ਵੈਰੀ ਉਨ੍ਹਾਂ ਦਾ ਨਿਆਉਂ ਕਰਨ ਲਈ ਬੈਠੇ ਸਨ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਹੁਣ ਭੂਮਿਕਾ ਉਲਟੀ ਕਰ ਦਿੱਤੀ ਗਈ ਹੈ, ਹੁਣ ਨਿਆਉਂ ਕਰਨ ਦਾ *ਓਹਨਾਂ ਨੂੰ* ਇਖ਼ਤਿਆਰ ਦਿੱਤਾ ਗਿਆ।

ਦੁਸ਼ਟਾਂ ਦਾ ਨਿਆਉਂ ਕਰਨ ਲਈ ਮਸੀਹੀਆਂ ਨੂੰ ਬੈਠਾਏ ਜਾਣ ਦਾ ਵਿਚਾਰ ਕੋਈ ਨਵਾਂ ਨਹੀਂ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ਸੀ ਕਿ ਉਹ "ਸਿੰਘਾਸਣਾਂ ਤੇ ਬੈਠ ਕੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ" ਕਰਨਗੇ (ਲੂਕਾ 22:30)। ਇਹ ਪ੍ਰਤਿੱਗਿਆ ਰਸੂਲਾਂ ਨੂੰ ਦਿੱਤੀ ਗਈ ਸੀ; ਸ਼ਾਇਦ ਇਹ ਇਸ ਤੱਥ ਨਾਲ ਸੰਬੰਧਤ ਹੈ ਕਿ ਉਨ੍ਹਾਂ ਨੇ ਇਹ "ਨਿਆਉਂ" ਆਪਣੀਆਂ ਸਿੱਖਿਆਵਾਂ ਅਤੇ ਲਿਖਤਾਂ ਨਾਲ ਕੀਤਾ। ਪੌਲੁਸ ਨੇ ਲਿਖਿਆ ਕਿ "ਸੰਤ ਜਨ ਜਗਤ ਦਾ ਨਿਆਉਂ ਕਰਨਗੇ," ਅਤੇ ਇਹ ਵੀ ਆਖਿਆ ਕਿ ਉਹ "ਦੂਤਾਂ ਦਾ ਨਿਆਉਂ" ਵੀ ਕਰਨਗੇ (1 ਕੁਰਿੰਥੀਆਂ 6:2, 3)। ਇਹ ਉਹ ਪਾਪੀ ਦੂਤ ਹੋ ਸਕਦੇ ਹਨ ਜਿਨ੍ਹਾਂ ਦਾ ਜ਼ਿਕਰ 2 ਪਤਰਸ 2:4 ਵਿੱਚ ਕੀਤਾ ਗਿਆ ਹੈ। 1 ਕੁਰਿੰਥੀਆਂ 6:2, 3 ਵਿੱਚ ਸੰਭਵ ਤੌਰ 'ਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਜਿਵੇਂ ਮਸੀਹੀ ਲੋਕ ਮਸੀਹ ਦੇ ਰਾਜ ਵਿੱਚ ਸਾਂਝੀ ਹੁੰਦੇ ਹਨ ਉਵੇਂ ਹੀ ਉਸ ਦੇ ਨਾਲ ਨਿਆਉਂ ਕਰਨ ਵਿੱਚ ਵੀ ਸਾਂਝੀ ਹੁੰਦੇ ਹਨ – ਇਹ ਨਹੀਂ ਕਿ ਮਸੀਹੀ ਲੋਕ ਨਿਜੀ ਤੌਰ 'ਤੇ ਇਹ ਕਰਦੇ ਹਨ, ਪਰ ਉਹ ਮਸੀਹ ਦੇ ਦੁਆਰਾ ਇਹ ਕਰਦੇ ਹਨ। ਇਨ੍ਹਾਂ ਆਇਤਾਂ ਨੂੰ ਸਮਝਣਾ ਸੌਖਾ ਨਹੀਂ

ਹੈ, ਪਰ ਜ਼ਿਆਦਾਤਰ ਲੋਕ ਸਹਿਮਤ ਹੁੰਦੇ ਹਨ ਕਿ ਇਹ ਆਇਤਾਂ ਇਹ ਨਹੀਂ ਸਿਖਾਉਂਦੀਆਂ ਕਿ ਮਸੀਹੀ ਲੋਕ ਨਿਜੀ ਤੌਰ ’ਤੇ ਦੂਜੇ ਲੋਕਾਂ ਦੀ ਆਖਰੀ ਨਿਯਤੀ ਨਿਰਧਾਰਿਤ ਕਰਨਗੇ; ਇਹ ਕੰਮ ਸਿਰਫ ਪਰਮੇਸ਼ੁਰ ਦਾ ਹੈ। ਅੱਗੇ ਆਉਣ ਵਾਲੇ ਨਿਆਉਂ ਦੇ ਦ੍ਰਿਸ਼ ਵਿੱਚ ਸਿਰਫ *ਇੱਕ* ਨਿਆਈ ਹੈ (20:11) ਜੋ ਸਭਨਾਂ ਮਨੁੱਖਾਂ ਦੀ ਨਿਯਤੀ ਨੂੰ ਨਿਰਧਾਰਿਤ ਕਰਦਾ ਹੈ। ਦੂਜੇ ਪਾਸੇ, ਹੋਰ ਵੀ ਕਈ ਭਾਵ ਹਨ ਜਿਨ੍ਹਾਂ ਵਿੱਚ ਮਸੀਹੀ ਲੋਕ ਸੰਸਾਰ ਦਾ “ਨਿਆਉਂ” *ਕਰਦੇ* ਹਨ: ਉਹ ਵਚਨ ਦਾ ਪ੍ਰਚਾਰ ਕਰਦੇ ਹਨ, ਜੋ ਕਿ ਪ੍ਰਭੂ ਦੇ ਨਿਆਉਂ ਦਾ ਪੱਧਰ ਹੈ (ਯੂਹੰਨਾ 12:48), ਜੋ ਪਾਪ ਨੂੰ ਉਜਾਗਰ ਕਰਦਾ ਹੈ। ਨਾਲੇ, ਆਪਣੇ ਜੀਵਨਾਂ ਦੇ ਜ਼ਰੀਏ ਮਸੀਹੀ ਲੋਕ ਦਰਸਾਉਂਦੇ ਹਨ ਕਿ ਪਰਮੇਸ਼ੁਰ ਦੇ ਪੱਧਰ ਅਨੁਸਾਰ ਜੀਉਣਾ ਸੰਭਵ ਹੈ, ਅਤੇ ਇਸ ਤਰ੍ਹਾਂ ਅਜਿਹਾ ਕਰਨ ਵਿੱਚ ਅਸਫਲ ਹੋਣ ਵਾਲਿਆਂ ਨੂੰ ਅਪਰਾਧੀ ਠਹਿਰਾਉਂਦੇ ਹਨ।

ਪਰ ਪਰਕਾਸ਼ ਦੀ ਪੋਥੀ 20 ਦੇ “ਨਿਆਉਂ” ਵਿੱਚ ਸ਼ਾਇਦ ਇਸ ਵਿਸ਼ੇ ਨੂੰ ਮੁੱਖ ਰੱਖਿਆ ਗਿਆ ਹੈ ਕਿ ਜਿਹੜੇ ਲੋਕ ਮਰ ਚੁੱਕੇ ਸਨ ਉਹ ਹੁਣ ਪ੍ਰਭੂ ਦੇ ਨਾਲ ਰਾਜ ਕਰ ਰਹੇ ਹਨ: ਉਹ ਜੇਤੂ ਹੋਏ ਹਨ! ਸ਼ਤਾਨ ਨੂੰ ਹੇਠਾਂ ਸੁੱਟਿਆ ਗਿਆ ਹੈ, ਅਤੇ ਉਨ੍ਹਾਂ ਨੂੰ ਉਤਾਂਹ ਚੁੱਕਿਆ ਗਿਆ ਹੈ!

ਜੇਤੂ ਹੋਣ ਦੇ ਵਿਚਾਰ ਨੂੰ ਆਇਤ 4 ਦੇ ਬਾਕੀ ਦੇ ਹਿੱਸੇ ਵਿੱਚ ਵੀ ਜਾਰੀ ਰੱਖਿਆ ਗਿਆ ਹੈ: **ਓਹ ਜੀ ਉੱਠੇ ਅਤੇ ਹਜ਼ਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ।** ਪ੍ਰੀਮਿਲੇਨਿਅਲਿਸਟ ਇਸ “ਜੀ ਉੱਠਣ” ਨੂੰ ਸਰੀਰਕ ਜੀ ਉੱਠਣਾ ਆਖਣ ਦਾ ਜਤਨ ਕਰਦੇ ਹਨ ਜਿਹੜਾ ਮਸੀਹ ਦੀ ਵਾਪਸੀ ਵੇਲੇ ਹੋਵੇਗਾ। ਪਰ ਸਾਨੂੰ ਇਹ ਧਿਆਨ ਦੇਣਾ ਹੈ ਕਿ ਇਸ “ਜੀ ਉੱਠਣ” ਦਾ ਸੰਬੰਧ “ਰਾਜ ਕਰਨ” ਨਾਲ ਹੈ ਅਤੇ ਇਸ ਦ੍ਰਿਸ਼ ਦੇ ਅਰੰਭ ਵਿੱਚ ਸਰੀਰਾਂ ਤੋਂ ਰਹਿਤ ਆਤਮਾਵਾਂ ਗੱਦੀਆਂ ਅਰਥਾਤ ਸਿੰਘਾਸਣਾਂ ਉੱਤੇ ਬੈਠੀਆਂ ਸਨ (ਰਾਜ ਕਰ ਰਹੀਆਂ ਸਨ)। ਬਾਈਬਲ ਦੀ ਭਾਸ਼ਾ ਵਿੱਚ ਸਿੰਘਾਸਣ ਉੱਤੇ “ਬੈਠ” ਜਾਣ ਦਾ ਅਰਥ ਹੈ ਰਾਜ ਕਰਨਾ (ਮੱਤੀ 22:44; 25:31)। ਸੰਦੇਸ਼ ਦਾ ਮੁੱਖ ਬਿੰਦੂ ਇਹ ਨਹੀਂ ਹੈ ਕਿ ਕਿਸੇ ਦਿਨ ਸ਼ਹੀਦ ਲੋਕ ਜੀ ਉੱਠਣਗੇ ਅਤੇ ਯਿਸੂ ਦੇ ਨਾਲ ਰਾਜ ਕਰਨਗੇ, ਸਗੋਂ ਇਹ ਕਿ ਜਿਨ੍ਹਾਂ ਵਫ਼ਾਦਾਰ ਲੋਕਾਂ ਦੀ ਮੌਤ ਹੋਈ ਹੈ ਉਹ ਜੀਉਂਦੇ ਹਨ ਅਤੇ ਰਾਜ *ਕਰ ਰਹੇ ਹਨ।* ਯੂਨਾਨੀ ਸ਼ਬਦ ἔζησαν (*ਏਜ਼ੇਸਾਨ* ਜੋ ζάω, *ਜ਼ਾਓ* ਤੋਂ ਹੈ), ਜਿਸ ਦਾ ਅਨੁਵਾਦ “ਜੀ ਉੱਠੇ” ਕੀਤਾ ਗਿਆ ਹੈ, ਉਸ ਦਾ ਸ਼ਾਬਦਿਕ ਅਰਥ ਹੈ “ਉਹ ਜੀਉਂਦੇ ਰਹੇ” (ਵੇਖੋ KJV, ASV)। (ਆਇਤ 5 ਦੀਆਂ ਟਿੱਪਣੀਆਂ ਵੇਖੋ।)

ਆਇਤ 4 ਅਤੇ ਉਸ ਤੋਂ ਤੁਰੰਤ ਬਾਅਦ ਦੀਆਂ ਆਇਤਾਂ ਵਿੱਚ ਅਜਿਹੀ ਕੋਈ ਪ੍ਰਤਿੱਗਿਆ ਨਹੀਂ ਹੈ ਜਿਸ ਨੂੰ ਹੋਰ ਵਫ਼ਾਦਾਰ ਮਸੀਹੀਆਂ ਉੱਤੇ ਲਾਗੂ ਨਹੀਂ ਕੀਤਾ ਸਕਦਾ। ਜੀਵਨ ਦੀ ਪ੍ਰਤਿੱਗਿਆ ਸਭਨਾਂ ਮਸੀਹੀਆਂ ਲਈ ਸਾਂਝੀ ਪ੍ਰਤਿੱਗਿਆ ਹੈ (ਵੇਖੋ ਯੂਹੰਨਾ 5:24) – ਅਤੇ ਪਾਪ ਤੋਂ ਮੁਕਤੀ ਨੂੰ ਅਕਸਰ ਜੀ ਉੱਠਣਾ (ਜੀਵਨ ਵਿੱਚ ਆ ਜਾਣਾ) ਦਰਸਾਇਆ ਗਿਆ ਹੈ। ਪੌਲੁਸ ਨੇ ਆਖਿਆ, “ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ” (ਰੋਮੀਆਂ 6:4)। ਉਸ ਨੇ ਅੱਗੇ ਲਿਖਿਆ, “ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ . . . ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ . . . ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ” (ਅਫ਼ਸੀਆਂ 2:4-6)। ਅਤੇ ਫਿਰ ਉਸ ਨੇ ਆਖਿਆ, “ਸੋ ਜੇ ਤੁਸੀਂ ਮਸੀਹ ਦੇ ਨਾਲ ਜਿਵਾਏ ਗਏ ਤਾਂ ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ” (ਕੁਲੁੱਸੀਆਂ 3:1)।

ਕਿਉਂ ਜੋ ਅਸਲੀਅਤ ਇਹ ਹੈ, ਇਸ ਕਰਕੇ ਸੁਭਾਵਕ ਪ੍ਰਸ਼ਨ ਇਹ ਉੱਠਦਾ ਹੈ ਕਿ “ਜੇਕਰ

ਸਾਰੇ ਮਸੀਹੀ 'ਜੀ ਉੱਠੇ' ਹਨ ਅਤੇ ਜੀਉਂਦੇ ਹਨ, ਤਾਂ ਫਿਰ ਪਵਿੱਤਰ ਆਤਮਾ ਨੇ ਵਿਸ਼ੇਸ਼ ਤੌਰ 'ਤੇ ਸ਼ਹੀਦਾਂ ਬਾਰੇ ਕਿਉਂ ਆਖਿਆ ਕਿ ਉਹ 'ਜੀ ਉੱਠੇ' ਸਨ?" ਇਹ ਕਥਨ ਇਸ ਤੱਥ ਉੱਤੇ ਜ਼ੋਰ ਦਿੰਦਾ ਹੈ ਕਿ ਇੱਕ ਸੰਤ ਦੀ ਮੌਤ ਮਸੀਹ ਵਿੱਚ ਉਸ ਦੇ "ਨਵੇਂ ਜੀਵਨ" ਦਾ ਅੰਤ ਨਹੀਂ ਕਰਦੀ; ਸਗੋਂ ਉਸ ਦੀ ਮੌਤ ਇਸ ਤਰ੍ਹਾਂ "ਉਸ ਨੂੰ ਜੀਵਨ ਵਿੱਚ ਲੈ ਜਾਂਦੀ ਹੈ" ਜਿਵੇਂ ਉਸ ਨੇ ਪਹਿਲਾਂ ਕਦੇ ਅਨੁਭਵ ਨਹੀਂ ਕੀਤਾ ਹੈ।

ਯੂਹੰਨਾ ਨੇ ਇਹ ਵੀ ਲਿਖਿਆ ਕਿ ਸ਼ਹੀਦ "ਮਸੀਹ ਦੇ ਨਾਲ ਰਾਜ ਕਰਦੇ ਰਹੇ।" ਪਰ ਇਹ ਪ੍ਰਤਿੱਗਿਆ ਵੀ *ਹਰੇਕ* ਮਸੀਹੀ ਨੂੰ ਪਹਿਲਾਂ ਤੋਂ ਹੀ ਦਿੱਤੀ ਗਈ ਹੈ। ਉਦਾਹਰਣ ਵਜੋਂ, ਪਰਕਾਸ਼ ਦੀ ਪੋਥੀ 3 ਵਿੱਚ ਯਿਸੂ ਨੇ ਜੇਤੂ ਹੋਣ ਵਾਲੇ ਨੂੰ ਇੱਕ ਵਾਇਦਾ ਦਿੱਤਾ: "ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਮੈਂ ਆਪਣੇ ਸਿੰਘਾਸਣ ਉੱਤੇ ਆਪਣੇ ਨਾਲ ਬਿਠਾਵਾਂਗਾ ਜਿਸ ਪਰਕਾਰ ਮੈਂ ਵੀ ਜਿੱਤਿਆ ਅਤੇ ਆਪਣੇ ਪਿਤਾ ਦੇ ਨਾਲ ਉਹ ਦੇ ਸਿੰਘਾਸਣ ਉੱਤੇ ਬੈਠਾ" (3:21)। ਫਿਰ ਪਰਕਾਸ਼ ਦੀ ਪੋਥੀ 5:10 ਵਿੱਚ ਮੁੱਢਲੇ ਤੌਰ 'ਤੇ ਉਹੀ ਸ਼ਬਦ ਇਸਤੇਮਾਲ ਕੀਤੇ ਗਏ ਹਨ ਜਿਹੜੇ 20:4, 6 ਵਿੱਚ ਹੋਏ ਸਨ: "ਅਤੇ ਓਹਨਾਂ ਨੂੰ [ਉਹ *ਸਾਰੇ* ਜਿਹੜੇ ਮਸੀਹ ਦੇ ਲਹੂ ਰਾਹੀਂ ਬਚਾਏ ਗਏ ਹਨ] ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ ਓਹ ਧਰਤੀ ਉੱਤੇ ਰਾਜ ਕਰਨਗੇ" (ਵੇਖੋ 1:6)।

ਜਦ 5:10 ਦਾ ਅਧਿਐਨ ਕੀਤਾ ਗਿਆ ਸੀ ਤਾਂ ਇਹ ਆਖਿਆ ਗਿਆ ਸੀ ਕਿ ਮਸੀਹੀ ਲੋਕ ਕਈ ਤਰ੍ਹਾਂ ਰਾਜ ਕਰਦੇ ਹਨ: (1) ਮਸੀਹੀ ਲੋਕ ਮਸੀਹ ਦਾ ਰਾਜ ਹਨ (ਪਰਕਾਸ਼ 1:6), ਜੋ ਕਿ ਕਲੀਸਿਆ ਹੈ (ਮੱਤੀ 16:18, 19)। (2) ਕਿਉਂ ਜੋ ਪਰਮੇਸ਼ੁਰ ਉਨ੍ਹਾਂ ਦਾ ਪਿਤਾ ਹੈ (1 ਕੁਰਿੰਥੀਆਂ 1:3), ਇਸ ਕਰਕੇ ਉਹ ਸ਼ਾਹੀ ਪਰਿਵਾਰ ਦਾ ਹਿੱਸਾ ਹਨ। (3) ਕਿਉਂ ਜੋ ਮਸੀਹ ਇਸ ਵੇਲੇ ਰਾਜ ਕਰ ਰਿਹਾ ਹੈ (ਰਸੂਲਾਂ ਦੇ ਕਰਤੱਬ 2:33-36; 1 ਕੁਰਿੰਥੀਆਂ 15:25), ਅਤੇ ਕਿਉਂ ਜੋ ਮਸੀਹੀ ਲੋਕ ਹੁਣ "ਮਸੀਹ ਵਿੱਚ" ਹਨ (2 ਕੁਰਿੰਥੀਆਂ 5:17), ਇਸ ਕਰਕੇ ਉਹ ਵੀ ਉਸ ਦੇ ਨਾਲ ਰਾਜ ਕਰ ਰਹੇ ਹਨ। (4) ਕਿਉਂ ਜੋ ਮਸੀਹੀ ਲੋਕਾਂ ਨੂੰ ਬਚਾਇਆ ਗਿਆ ਹੈ, ਇਸ ਕਰਕੇ ਹੁਣ ਮੌਤ ਉਨ੍ਹਾਂ ਉੱਤੇ ਰਾਜ ਨਹੀਂ ਕਰਦੀ; ਸਗੋਂ ਹੁਣ ਉਨ੍ਹਾਂ ਨੂੰ "ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨ" ਦਾ ਬਲ ਦਿੱਤਾ ਗਿਆ ਹੈ (ਰੋਮੀਆਂ 5:17; ਵੇਖੋ ਰੋਮੀਆਂ 5:14, 21)। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਸੀ ਕਿ ਯੂਹੰਨਾ ਦੇ ਦਿਨਾਂ ਦੇ ਮਸੀਹੀ ਲੋਕਾਂ ਦੇ ਦ੍ਰਿਸ਼ਟੀਕੋਣ ਨਾਲ ਧਰਤੀ ਉੱਤੇ ਰਾਜ ਕਰਨ ਦਾ ਮੁੱਢਲਾ ਅਰਥ *ਜਿੱਤ* ਸੀ। ਮਸੀਹ ਦੇ ਬਲ ਨਾਲ ਸ਼ਕਤੀ ਪ੍ਰਾਪਤ ਕਰਕੇ ਮਸੀਹੀ ਲੋਕਾਂ ਦਾ ਹੁਣ ਆਪਣੇ ਜੀਵਨ ਅਤੇ ਆਪਣੀ ਨਿਯਤੀ ਉੱਤੇ ਨਿਯੰਤ੍ਰਣ ਹੈ, ਅਤੇ ਜੀਵਨ ਵਿੱਚ ਉਨ੍ਹਾਂ ਦੇ ਸਾਹਮਣੇ ਆਉਣ ਵਾਲੀ ਹਰੇਕ ਰੁਕਾਵਟ ਉੱਤੇ ਉਹ ਰਾਜ ਕਰਦੇ ਹਨ।

ਫਿਰ ਸਵਾਲ ਇਹ ਉੱਠਦਾ ਹੈ: ਜੇਕਰ ਯਿਸੂ ਦੇ ਨਾਲ ਰਾਜ ਕਰਨ ਦੀ ਪ੍ਰਤਿੱਗਿਆ ਸਭਨਾਂ ਮਸੀਹੀ ਲੋਕਾਂ ਨੂੰ ਦਿੱਤੀ ਗਈ ਸੀ, ਤਾਂ ਫਿਰ ਸ਼ਹੀਦਾਂ ਦੇ ਲਈ ਇਸ ਪ੍ਰਤਿੱਗਿਆ ਨੂੰ ਦੁਹਰਾਏ ਜਾਣ ਦਾ ਕੀ ਉਦੇਸ਼ ਸੀ।? ਇਸ ਦਾ ਉੱਤਰ ਮੁੱਢਲੇ ਤੌਰ 'ਤੇ ਪਹਿਲਾਂ ਵਰਗਾ ਹੀ ਹੈ: ਅਰੰਭਕ ਮਸੀਹੀ ਲੋਕਾਂ ਨੂੰ ਇਹ ਜਾਣਨ ਦੀ ਲੋੜ ਸੀ ਕਿ ਇਹ ਪ੍ਰਤਿੱਗਿਆ ਮੌਤ ਦੇ ਕਾਰਨ ਖਤਮ ਨਹੀਂ ਹੋ ਗਈ ਸੀ, ਸਗੋਂ ਮੌਤ ਨੇ ਇਸ ਨੂੰ ਪੂਰਾ ਕੀਤਾ ਸੀ। "ਇੱਕ ਹਜ਼ਾਰ ਵਰ੍ਹੇ" ਤੱਕ ਰਾਜ ਕਰਨ ਦੇ ਰੂਪਕ ਨੇ ਸ਼ਹੀਦਾਂ ਦੇ ਰਾਜ ਦੀ *ਸੰਪੂਰਣਤਾ* ਨੂੰ, ਉਨ੍ਹਾਂ ਦੀ ਜਿੱਤ ਦੀ ਪੂਰਣਤਾ ਨੂੰ ਦਰਸਾਇਆ।

**ਆਇਤ 5. ਬਾਕੀ ਦੇ ਮੁਰਦੇ ਹਜ਼ਾਰ ਵਰ੍ਹੇ ਦੇ ਪੂਰੇ ਹੋਣ ਤੀਕ ਜੀ ਨਾ ਉੱਠੇ। ਇਹ ਪਹਿਲੀ ਕਿਆਮਤ ਹੈ।** ਆਇਤ ਦਾ ਆਖਰੀ ਹਿੱਸਾ ਅਸਪੱਸ਼ਟ ਹੈ ਕਿਉਂਕਿ ਮੂਲਪਾਠ ਇਸ ਦਾ ਵੇਰਵਾ ਸਪੱਸ਼ਟ ਤੌਰ 'ਤੇ ਨਹੀਂ ਦਿੰਦਾ ਕਿ **ਇਹ** ਕਿਸ ਵੱਲ ਸੰਕੇਤ ਕਰਦਾ ਹੈ। ਇਹ ਉਸ ਵਾਕ

ਵੱਲ ਸੰਕੇਤ ਨਹੀਂ ਕਰ ਸਕਦਾ ਜਿਹੜਾ ਇਸ ਤੋਂ ਠੀਕ ਪਹਿਲਾਂ ਹੈ। ਕੁਝ ਲੋਕ ਆਖਦੇ ਹਨ ਕਿ ਇਹ ਯਿਸੂ ਦੇ ਜੀ ਉੱਠਣ ਵੱਲ ਇਸ਼ਾਰਾ ਕਰਦਾ ਹੈ ("ਪਹਿਲਾ ਫਲ"; 1 ਕੁਰਿੰਥੀਆਂ 15:20), ਜੋ ਸਾਡੇ ਆਪਣੇ ਜੀ ਉੱਠਣ ਦਾ ਇੱਕ ਚਿੰਨ੍ਹ ਹੈ। ਜਿਹੜੇ ਲੋਕ ਪਰਕਾਸ਼ ਦੀ ਪੋਥੀ ਦਾ ਸਖਤ ਪ੍ਰੀਟਰਿਸਟ ਦ੍ਰਿਸ਼ਟੀਕੋਣ ਰੱਖਦੇ ਹਨ ਉਹ ਮੰਨਦੇ ਹਨ ਕਿ "ਪਹਿਲੀ ਕਿਆਮਤ" ਮਸੀਹਤ ਦੀ ਜਿੱਤ, ਖਾਸ ਤੌਰ 'ਤੇ ਰੋਮੀ ਸਾਮਰਾਜ ਉੱਤੇ ਮਸੀਹਤ ਦੀ ਜਿੱਤ ਨਾਲ ਸੰਬੰਧਤ ਹੈ। ਇਸ ਦਾ ਸਮਰਥਨ ਕਰਨ ਲਈ ਉਹ ਅਧਿਆਇ 11 ਦੇ ਦੋ ਗਵਾਹਾਂ ਦੇ ਜੀ ਉੱਠਣ ਦਾ ਹਵਾਲਾ ਦਿੰਦੇ ਹਨ ਅਤੇ ਆਖਦੇ ਹਨ ਕਿ ਗਵਾਹਾਂ ਦਾ "ਜੀ ਉੱਠਣਾ" ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਦਾ ਕੰਮ ਮਰਿਆ ਨਹੀਂ ਸੀ। ਇਨ੍ਹਾਂ ਵਿੱਚੋਂ ਕੁਝ ਕੌਨਸਟੈਨਟਾਈਨ ਦੇ ਫਰਮਾਨ ਦਾ ਹਵਾਲਾ ਵੀ ਦਿੰਦੇ ਹਨ ਜਿਸ ਨੇ ਮਸੀਹਤ ਨੂੰ "ਕਨੂੰਨੀ" ਧਰਮ ਐਲਾਨਿਆ ਸੀ। ਸ਼ਾਇਦ "ਇਹ" ਸ਼ਬਦ 20:4 ਦੇ ਆਖਰੀ ਵਾਕ ਵੱਲ ਸੰਕੇਤ ਕਰਦਾ ਹੈ: "ਓਹ ਜੀ ਉੱਠੇ ਅਤੇ . . . ਰਾਜ ਕਰਦੇ ਰਹੇ।" ਸ਼ਹੀਦਾਂ ਅਤੇ ਹੋਰਨਾਂ ਵਫਾਦਾਰ ਮ੍ਰਿਤਕਾਂ ਦੇ ਇਸ "ਜੀ ਉੱਠਣ" ਨੂੰ "ਪਹਿਲੀ ਕਿਆਮਤ" ਇੱਕ ਸਹੀ ਨਾਮ ਦਿੱਤਾ ਗਿਆ ਹੈ।

**ਪਹਿਲੀ ਕਿਆਮਤ** ਸ਼ਬਦਾਂ ਦਾ ਕਾਲਪਨਿਕ ਇੱਕ ਹਜ਼ਾਰ ਵਰ੍ਹੇ ਦੇ ਅਰੰਭ ਵਿੱਚ ਹੋਣ ਵਾਲੇ ਧਰਮੀਆਂ ਦੇ ਸਰੀਰਕ ਜੀ ਉੱਠਣ ਨਾਲ ਕੋਈ ਸੰਬੰਧ ਨਹੀਂ ਹੈ। ਸਗੋਂ ਸੰਦਰਭ ਦੇ ਅਨੁਸਾਰ ਇਹ ਆਤਮਕ ਜੀ ਉੱਠਣਾ ਹੈ ਜੋ ਮਸੀਹ ਵਿੱਚ ਬਪਤਿਸਮਾ ਲਏ ਜਾਣ ਵੇਲੇ ਅਰੰਭ ਹੁੰਦਾ ਹੈ ਅਤੇ "ਪ੍ਰਭੂ ਵਿੱਚ" ਉਸ ਦੀ ਮੌਤ ਨਾਲ ਸੰਪੂਰਣ ਹੁੰਦਾ ਹੈ (ਪਰਕਾਸ਼ 14:13)। ਇਹ ਇਸ ਸੰਸਾਰ ਨੂੰ ਛੱਡ ਕੇ "ਮਸੀਹ ਦੇ ਕੋਲ ਜਾ ਰਹਿਣ" ਦਾ ਨਤੀਜਾ ਹੁੰਦਾ ਹੈ (ਫ਼ਿਲਿੱਪੀਆਂ 1:23), ਇਸ ਤਰ੍ਹਾਂ ਉਹ "ਪ੍ਰਭੂ ਕੋਲ ਜਾ ਵੱਸਦਾ" ਹੈ (2 ਕੁਰਿੰਥੀਆਂ 5:8)। ਇਹ ਮਸੀਹ ਦੀ ਪ੍ਰਤਿੱਗਿਆ ਦੀ ਪੂਰਤੀ ਹੈ: "ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ" (ਮੱਤੀ 10:39)। ਪਰਕਾਸ਼ ਦੀ ਪੋਥੀ 2:10 ਇਸ ਨੂੰ "ਜੀਵਨ ਦਾ ਮੁਕਟ" ਆਖਦਾ ਹੈ। ਜਿਹੜੇ ਲੋਕ ਮੌਤ ਤੱਕ ਵਫਾਦਾਰ ਰਹਿੰਦੇ ਹਨ ਉਹ ਸਦੀਪਕ ਜੀਵਨ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਤਦ ਉਹ ਅਸਲ ਵਿੱਚ ਜਾਣ ਜਾਂਦੇ ਹਨ ਕਿ ਅਸਲ ਜੀਵਨ ਕੀ ਹੁੰਦਾ ਹੈ।

ਪ੍ਰਭੂ ਵਿੱਚ ਮਰਨ ਵਾਲੇ ਲੋਕਾਂ ਦੀ ਤੁਲਨਾ ਵਿੱਚ, "ਬਾਕੀ ਦੇ ਮੁਰਦੇ ਹਜ਼ਾਰ ਵਰ੍ਹੇ ਦੇ ਪੂਰੇ ਹੋਣ ਤੀਕ ਜੀ ਨਾ ਉੱਠੇ।" **ਬਾਕੀ ਦੇ ਮੁਰਦੇ** ਸ਼ਬਦਾਂ ਦਾ ਅਰਥ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਯੂਹੰਨਾ ਨੇ ਆਇਤ 4 ਵਿੱਚ ਕਿਸ ਨੂੰ ਵੇਖਿਆ ਸੀ। ਉਦਾਹਰਣ ਵਜੋਂ, ਜੇਕਰ ਯੂਹੰਨਾ ਨੇ ਆਇਤ 4 ਵਿੱਚ ਸਿਰਫ ਸ਼ਹੀਦਾਂ ਨੂੰ ਵੇਖਿਆ ਸੀ ਤਾਂ, "ਬਾਕੀ ਦੇ ਮੁਰਦੇ" ਉਨ੍ਹਾਂ ਵਫਾਦਾਰ ਮਸੀਹੀਆਂ ਦਾ ਹਵਾਲਾ ਹੋ ਸਕਦੇ ਹਨ ਜਿਹੜੇ "ਸੁਭਾਵਕ" ਮੌਤ ਮਰੇ ਸਨ। ਇਹ "ਜੀ ਉੱਠਣ" ਨੂੰ ("ਰਾਜ ਕਰਨ" ਅਤੇ "ਨਿਆਉਂ ਕਰਨ") ਦੇ ਨਾਲ ਇੱਕ ਵਿਸ਼ੇਸ਼ ਅਸੀਸ ਬਣਾ ਦੇਵੇਗੀ ਜਿਹੜੀ ਸਿਰਫ ਸ਼ਹੀਦਾਂ ਲਈ ਰਾਖਵੀਂ ਰੱਖੀ ਗਈ ਹੈ। ਪਰ ਫਿਰ ਵੀ, ਜਿਵੇਂ ਕਿ ਪਹਿਲਾਂ ਵੀ ਆਖਿਆ ਗਿਆ ਹੈ ਕਿ **ਜੀ ਉੱਠਣ** ਦੀ ਪ੍ਰਤਿੱਗਿਆ ਸਭਨਾਂ ਵਫਾਦਾਰਾਂ ਲਈ ਕੀਤੀ ਗਈ ਸੀ। ਸੰਦਰਭ ਦੇ ਅਨੁਸਾਰ, "ਬਾਕੀ ਦੇ ਮੁਰਦੇ" ਉਨ੍ਹਾਂ ਵੱਲ ਇਸ਼ਾਰਾ ਕਰਦਾ ਜਾਪਦਾ ਹੈ ਜਿਨ੍ਹਾਂ ਨੇ "ਯਿਸੂ ਦੀ ਗਵਾਹੀ . . . ਅਤੇ ਪਰਮੇਸ਼ਰ ਦੇ ਬਚਨ" ਨੂੰ ਫੜੀ *ਨਹੀਂ* ਰੱਖਿਆ ਸੀ, ਜਿਨ੍ਹਾਂ ਨੇ "ਓਸ ਦਰਿੰਦੇ ਦੀ ਯਾ ਉਹ ਦੀ ਮੂਰਤੀ ਦੀ ਪੂਜਾ" *ਕੀਤੀ ਸੀ* ਅਤੇ ਜਿਨ੍ਹਾਂ ਨੇ "ਉਹ [ਦਰਿੰਦੇ] ਦਾ ਦਾਗ ਆਪਣੇ ਮੱਥੇ ਅਤੇ ਆਪਣੇ ਹੱਥ ਉੱਤੇ" ਲੁਆਇਆ ਸੀ" (ਆਇਤ 4)। ਇਸ ਕਰਕੇ ਇਹ ਸਮਝਣਾ ਬਿਹਤਰ ਜਾਪਦਾ ਹੈ ਕਿ "ਬਾਕੀ ਦੇ ਮੁਰਦੇ" ਉਨ੍ਹਾਂ ਲੋਕਾਂ ਨੂੰ ਸਮਝਿਆ ਜਾਵੇ ਜਿਹੜੇ ਪ੍ਰਭੂ ਤੋਂ ਬਾਹਰ ਮਰੇ ਹਨ।

NASB ਇਸ ਨੂੰ ਇਸ ਤਰ੍ਹਾਂ ਲਿਖਦੀ ਹੈ "ਬਾਕੀ ਦੇ ਮੁਰਦਿਆਂ ਨੇ ਹਜ਼ਾਰ ਵਰ੍ਹੇ ਦੇ ਪੂਰੇ ਹੋਣ

ਤੱਕ *ਜੀਵਨ ਪ੍ਰਾਪਤ ਨਾ ਕੀਤਾ*" (ਜ਼ੋਰ ਦਿੱਤਾ ਗਿਆ ਹੈ)। ਇਸ ਤਰ੍ਹਾਂ ਦੀ ਸ਼ਬਦਾਵਲੀ "ਜੀਵਨ ਪ੍ਰਾਪਤ ਕੀਤਾ" ਸ਼ਬਦਾਂ ਦੀ ਵਿਆਖਿਆ ਸਰੀਰਕ ਜੀ ਉੱਠਣ ਵੱਲ ਲੈ ਜਾਂਦੀ ਹੈ। ਕੁਝ ਅਨੁਵਾਦ ਤਾਂ "ਮੁੜ" ਸ਼ਬਦ ਨੂੰ ਵੀ ਜੋੜ ਦਿੰਦੇ ਹਨ, ਜੋ ਕਿ ਉਲਝਣ ਨੂੰ ਹੋਰ ਵੀ ਵਧਾ ਦਿੰਦਾ ਹੈ – ਪਰ "ਮੁੜ" ਸ਼ਬਦ ਯੂਨਾਨੀ ਵਿੱਚ ਨਹੀਂ ਪਾਇਆ ਜਾਂਦਾ। KJV ਨੇ ਆਇਤ 5 ਵਿੱਚ "ਜੀਉਂਦੇ ਨਹੀਂ ਹੋਏ" ਪਾ ਕੇ ਸਹੀ ਕੀਤਾ ਹੈ ਪਰ ਅਫਸੋਸ ਕਿ "ਮੁੜ" ਸ਼ਬਦ ਨੂੰ ਜੋੜ ਦਿੱਤਾ ਹੈ। ਮੂਲਪਾਠ ਸਿਰਫ ਇਹ ਆਖਦਾ ਹੈ ਕਿ "ਬਾਕੀ ਦੇ ਮੁਰਦੇ ਹਜ਼ਾਰ ਵਰ੍ਹੇ ਦੇ ਪੂਰੇ ਹੋਣ ਤੀਕ *ਜੀਉਂਦੇ* ਨਾ ਹੋਏ।" ਕਹਿਣ ਦਾ ਭਾਵ ਇਹ ਹੈ ਕਿ ਉਨ੍ਹਾਂ ਨੇ ਉਨ੍ਹਾਂ ਆਤਮਕ ਅਸੀਸਾਂ ਦਾ ਅਨੰਦ ਨਹੀਂ ਮਾਣਿਆ ਜਿਨ੍ਹਾਂ ਦਾ ਅਨੰਦ ਉਨ੍ਹਾਂ ਨੇ ਮਾਣਿਆ ਸੀ ਜਿਹੜੇ "ਮਸੀਹ ਵਿੱਚ" ਮੋਏ ਸਨ। ਇੱਕ ਵਾਰ ਫਿਰ ਪਵਿੱਤਰ ਆਤਮਾ ਇੱਕ ਤੁਲਨਾ ਕਰ ਰਿਹਾ ਹੈ: ਧਰਤੀ ਉੱਤੇ ਮਸੀਹੀ ਲੋਕਾਂ ਨੂੰ ਮਾਰਿਆ ਗਿਆ ਸੀ ਪਰ ਉਨ੍ਹਾਂ ਦੇ ਸਤਾਉਣ ਵਾਲੇ ਜੀ ਰਹੇ ਸਨ; ਪਰ ਮੌਤ ਤੋਂ ਬਾਅਦ ਮਸੀਹੀ ਲੋਕ ਜੀਉਂਦੇ ਸਨ, ਸੱਚਮੁੱਚ ਜੀਉਂਦੇ ਸਨ, ਜਦਕਿ ਉਨ੍ਹਾਂ ਦੇ ਵੈਰੀ ਮੁਰਦਾ, ਮੁਰਦਾ, ਮੁਰਦਾ ਸਨ। ਆਇਤ 5 ਦਾ ਭਾਵ ਇਹ ਹੈ ਕਿ "ਬਾਕੀ ਦੇ ਮੁਰਦੇ" ਤਦ "ਜੀਉਂਦੇ" *ਹੋਣਗੇ* ਜਾਂ "ਜੀਉਣਗੇ" ਜਦ "ਹਜ਼ਾਰ ਵਰ੍ਹੇ" ਪੂਰੇ ਹੋ ਜਾਣਗੇ। ਜਦ ਮਸੀਹ ਵਾਪਸ ਆਵੇਗਾ, ਦੁਸ਼ਟ ਮ੍ਰਿਤਕਾਂ ਵਿੱਚੋਂ ਜੀਉਂਦੇ ਕੀਤੇ ਜਾਣਗੇ। ਉਹ ਨਿਆਉਂ ਦੇ ਲਈ ਪਰਮੇਸ਼ੁਰ ਦੇ ਸਾਹਮਣੇ ਖੜ੍ਹੇ ਹੋਣਗੇ ਅਤੇ ਫਿਰ "ਦੂਜੀ ਮੌਤ" ਦੀ ਸਜ਼ਾ ਵਿੱਚ ਘੱਲੇ ਜਾਣਗੇ (20:14)। ਉਨ੍ਹਾਂ ਦੇ "ਜੀਵਨ" ਦੀ ਮਿਆਦ – ਜੇਕਰ ਇਸ ਨੂੰ ਜੀਵਨ ਆਖਿਆ ਜਾ ਸਕਦਾ ਹੈ ਤਾਂ – ਬਹੁਤ ਛੋਟੀ ਹੋਵੇਗੀ।

**ਹਜ਼ਾਰ ਵਰ੍ਹੇ** ਉਹ ਸਮਾਂ ਹੈ ਜਿਸ ਵਿੱਚ ਸ਼ਤਾਨ ਬੰਨ੍ਹਿਆ ਹੋਇਆ ਹੈ ਅਤੇ ਮਸੀਹੀ ਮੁਰਦੇ ਜੀਉਂਦੇ ਹਨ ਅਤੇ ਰਾਜ ਕਰ ਰਹੇ ਹਨ – ਜੋ ਕਿ ਵਰਤਮਾਨ ਸਮਾਂ ਹੈ। ਇਸ ਕਰਕੇ "ਹਜ਼ਾਰ ਵਰ੍ਹੇ" ਦੇ "ਪੂਰੇ ਹੋਣ" ਦਾ ਹਵਾਲਾ ਇਸ ਜੁੱਗ ਦੇ ਅੰਤ ਨਾਲ ਹੈ – ਜਦ ਮਸੀਹ ਵਾਪਸ ਆਵੇਗਾ, ਮੁਰਦੇ ਜੀਉਂਦੇ ਹੋਣਗੇ, ਅਤੇ ਸਭਨਾਂ ਦਾ ਨਿਆਉਂ ਕੀਤਾ ਜਾਵੇਗਾ। ਇਸ ਨਾਟਕੀ ਘਟਨਾ ਬਾਰੇ ਤਦ ਚਰਚਾ ਕੀਤੀ ਜਾਵੇਗੀ ਜਦ 20:11-15 ਨੂੰ ਜਾਂਚਿਆ ਜਾਵੇਗਾ।

**ਆਇਤ 6.** ਇਹ ਆਇਤ ਇਸ ਅੰਸ਼ ਨੂੰ ਇਸ ਪੁਸਤਕ ਦੇ ਪੰਜਵੀਂ ਮੁਬਾਰਕਬਾਦੀ ਦੇ ਨਾਲ ਸਮਾਪਤ ਕਰਦੀ ਹੈ। ਇਸ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ, **ਧੰਨ ਅਤੇ ਪਵਿੱਤਰ ਉਹ ਜਿਹੜਾ ਪਹਿਲੀ ਕਿਆਮਤ ਵਿੱਚ ਸ਼ਾਮਿਲ ਹੈ! ਏਹਨਾਂ ਉੱਤੇ ਦੂਈ ਮੌਤ ਦਾ ਕੁਝ ਵੱਸ ਨਹੀਂ। ਦੂਈ ਮੌਤ** ਨੂੰ ਆਇਤ 14 ਵਿੱਚ ਸਮਝਾਇਆ ਗਿਆ ਹੈ: "ਇਹ ਦੂਈ ਮੌਤ ਹੈ ਅਰਥਾਤ ਅੱਗ ਦੀ ਝੀਲ" – ਕਹਿਣ ਦਾ ਭਾਵ ਹੈ ਨਰਕ। ਪ੍ਰਭੂ ਦੇ ਵਫਾਦਾਰ ਲੋਕਾਂ ਨੂੰ ਆਪਣੀ ਮੌਤ ਤੋਂ ਬਾਅਦ ਗੁਆਚੀ ਅਵਸਥਾ ਵਿੱਚ ਹੋਣ ਦੀ ਫਿਕਰ ਕਰਨ ਦੀ ਲੋੜ ਨਹੀਂ ਹੈ। ਇਹ ਕਿੰਨੀ ਵੱਡੀ ਅਸੀਸ ਹੈ!

ਯੂਹੰਨਾ ਨੇ ਇਸ ਤਰ੍ਹਾਂ ਸਮਾਪਨ ਕੀਤਾ, **ਸਗੋਂ ਓਹ ਪਰਮੇਸ਼ੁਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ ਉਹ ਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ**। ਨਵਾਂ ਨੇਮ ਸਿਖਾਉਂਦਾ ਹੈ ਕਿ *ਸਾਰੇ* ਮਸੀਹੀ ਲੋਕ ਜਾਜਕ ਹਨ (1 ਪਤਰਸ 2:5, 9; ਪਰਕਾਸ਼ 1:6; 5:10)। ਇੱਕ ਵਾਰ ਫਿਰ ਇਹ ਪੁਸ਼ਟੀ ਕੀਤੀ ਗਈ ਹੈ ਕਿ ਮੌਤ ਮਸੀਹੀਆਂ ਨੂੰ ਪਰਮੇਸ਼ੁਰ ਤੋਂ ਜੁਦਾ ਨਹੀਂ ਕਰਦੀ, ਇਸ ਤੱਥ ਨੂੰ ਨਹੀਂ ਰੱਦਦੀ ਕਿ ਉਹ ਕੌਣ ਅਤੇ ਕੀ ਹਨ, ਅਤੇ ਇਸ ਦਾ ਇਹ ਅਰਥ ਨਹੀਂ ਹੈ ਕਿ ਅਸੀਸਾਂ ਦਾ ਅੰਤ ਹੋ ਗਿਆ ਹੈ। ਸਗੋਂ ਇਹ ਤਾਂ ਹੋਰ ਬਿਹਤਰੀਨ ਅਤੇ ਸ਼ਾਨਦਾਰ ਹੋ ਗਈਆਂ ਹਨ।

# ਅੱਗ ਦੀ ਝੀਲ (20:7-10)

**[7]ਜਦ ਉਹ ਹਜ਼ਾਰ ਵਰ੍ਹਾ ਪੂਰਾ ਹੋ ਗਿਆ ਤਾਂ ਸ਼ਤਾਨ ਆਪਣੀ ਕੈਦ ਤੋਂ ਛੱਡਿਆ
ਜਾਵੇਗਾ। [8]ਅਤੇ ਓਹਨਾਂ ਕੌਮਾਂ ਨੂੰ ਜਿਹੜੀਆਂ ਧਰਤੀ ਦੀਆਂ ਚੌਹਾਂ ਕੂੰਟਾਂ ਵਿੱਚ ਹਨ ਅਰਥਾਤ
ਗੋਗ ਅਤੇ ਮਗੋਗ ਨੂੰ ਭਰਮਾਉਣ ਲਈ ਨਿੱਕਲੇਗਾ ਭਈ ਓਹਨਾਂ ਨੂੰ ਜੁੱਧ ਲਈ ਇਕੱਠਿਆਂ
ਕਰੇ। ਓਹਨਾਂ ਦੀ ਗਿਣਤੀ ਸਮੁੰਦਰ ਦੀ ਰੇਤ ਜਿੰਨੀ ਹੈ। [9]ਓਹ ਸਾਰੀ ਧਰਤੀ ਉੱਤੇ ਚੜ੍ਹ ਪਏ
ਅਤੇ ਸੰਤਾਂ ਦੇ ਡੇਰੇ ਅਤੇ ਪਿਆਰੀ ਨਗਰੀ ਨੂੰ ਘੇਰਾ ਪਾ ਲਿਆ ਅਤੇ ਅਕਾਸ਼ ਉੱਤੋਂ ਅੱਗ
ਉਤਰੀ ਅਤੇ ਓਹਨਾਂ ਨੂੰ ਚੱਟ ਕਰ ਗਈ! [10]ਅਤੇ ਸ਼ਤਾਨ ਜਿਹ ਨੇ ਓਹਨਾਂ ਨੂੰ ਭਰਮਾਇਆ
ਸੀ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਉਹ ਦਰਿੰਦਾ ਅਤੇ ਝੂਠਾ ਨਬੀ
ਹੈ ਅਤੇ ਰਾਤ ਦਿਨ ਓਹ ਜੁੱਗੋ ਜੁੱਗ ਕਸ਼ਟ ਭੋਗਣਗੇ।**

ਬਹੁਤ ਚਿਰ ਪਹਿਲਾਂ ਹੀ ਸ਼ਤਾਨ ਦੀ ਨਿਯਤੀ ਨਿਰਧਾਰਿਤ ਕਰ ਦਿੱਤੀ ਗਈ ਸੀ। ਨਿਆਉਂ ਦੇ ਦਿਨ ਸਿੰਘਾਸਣ ਉੱਤੇ ਜੋ ਵਿਰਾਜਮਾਨ ਹੋਵੇਗਾ ਆਪਣੇ ਖੱਬੇ ਪਾਸੇ ਵਾਲਿਆਂ ਨੂੰ ਆਖੇਗਾ, "ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ ਜਿਹੜੀ *ਸ਼ਤਾਨ ਅਤੇ ਉਹ ਦੇ ਦੂਤਾਂ ਲਈ* ਤਿਆਰ ਕੀਤੀ ਹੋਈ ਹੈ" (ਮੱਤੀ 25:41; ਜ਼ੋਰ ਦਿੱਤਾ ਗਿਆ ਹੈ)। ਜਿਵੇਂ ਕਿ ਸੁਰਗ ਇੱਕ ਅਜਿਹਾ ਥਾਂ ਹੈ ਜਿਸ ਨੂੰ ਤਿਆਰ ਕੀਤਾ ਗਿਆ ਹੈ (ਯੂਹੰਨਾ 14:1-3), ਉਸੇ ਤਰ੍ਹਾਂ ਨਰਕ ਵੀ ਅਜਿਹਾ ਥਾਂ ਹੈ ਜਿਸ ਨੂੰ ਤਿਆਰ ਕੀਤਾ ਗਿਆ ਹੈ – ਮੁੱਢਲੇ ਤੌਰ 'ਤੇ ਸ਼ਤਾਨ ਲਈ ਤਿਆਰ ਕੀਤਾ ਗਿਆ ਹੈ।

ਪਰਕਾਸ਼ ਦੀ ਪੋਥੀ 20 ਸ਼ਤਾਨ ਨੂੰ ਉਸ ਥਾਂ ਵਿੱਚ ਸੁੱਟੇ ਜਾਣ ਨੂੰ ਹੀ ਬਿਆਨ ਕਰਦਾ ਹੈ। ਉਸ ਦੇ ਸਾਥੀਆਂ ਨੂੰ ਪਹਿਲਾਂ ਹੀ ਉੱਥੇ ਸੁੱਟ ਦਿੱਤਾ ਗਿਆ ਸੀ, ਪਰ ਉਸ ਨਾਲ ਬੁਰਿਆਈ ਦਾ ਅੰਤ ਨਹੀਂ ਹੋਇਆ। ਬੁਰਿਆਈ ਉੱਤੇ ਤਦ ਤੱਕ ਸੰਪੂਰਣ ਜਿੱਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਜਦ ਤੱਕ ਕਿ ਬੁਰਿਆਈ ਦਾ ਸੋਮਾ ਨਾਸ ਨਹੀਂ ਹੋ ਜਾਂਦਾ। ਕੋਈ ਵਿਅਕਤੀ ਭਾਵੇਂ ਸਾਰਾ ਦਿਨ ਮੱਕੜੀ ਦੇ ਜਾਲੇ ਸਾਫ ਕਰਦਾ ਰਹੇ ਪਰ ਜਦ ਤੱਕ ਉਹ ਮੱਕੜੀ ਨੂੰ ਨਹੀਂ ਮਾਰਦਾ ਤਦ ਤੱਕ ਉਸ ਨੂੰ ਜਾਲੇ ਸਾਫ ਕਰਦੇ ਰਹਿਣਾ ਪਵੇਗਾ।

**ਆਇਤ 7.** ਆਇਤਾਂ 1 ਤੋਂ ਲੈ ਕੇ 3 ਵਿੱਚ ਸ਼ਤਾਨ ਨੂੰ ਬੰਨ੍ਹਿਆ ਜਾਂਦਾ ਹੈ। ਆਇਤ 7 ਆਖਦੀ ਹੈ, **ਜਦ ਉਹ ਹਜ਼ਾਰ ਵਰ੍ਹਾ ਪੂਰਾ ਹੋ ਗਿਆ ਤਾਂ ਸ਼ਤਾਨ ਆਪਣੀ ਕੈਦ ਤੋਂ ਛੱਡਿਆ ਜਾਵੇਗਾ।** ਸ਼ਤਾਨ ਜੇਲ ਤੋੜ ਕੇ ਨਹੀਂ ਭੱਜਦਾ, ਸਗੋਂ ਪ੍ਰਭੂ ਵੱਲੋਂ ਉਸ ਨੂੰ ਕੁਝ ਸਮੇਂ ਲਈ ਛੱਡਿਆ ਜਾਂਦਾ ਹੈ। ਇਸ ਅਸਾਧਾਰਨ ਕਥਨ ਦੇ ਕਾਰਨ ਬਹੁਤ ਸਾਰੇ ਪਰੇਸ਼ਾਨ ਕਰਨ ਵਾਲੇ ਪ੍ਰਸ਼ਨ ਖੜ੍ਹੇ ਹੋਏ ਹਨ, ਅਤੇ ਇਸ ਪ੍ਰਸ਼ਨ ਨਾਲੋਂ ਵਧੇਰੇ ਉਲਝਣ ਭਰਿਆ ਹੋਰ ਕੋਈ ਨਹੀਂ ਹੈ: *"ਕਿਉਂ?"* ਇੱਕ ਵਾਰ ਫਿਰ ਪਰਕਾਸ਼ ਦੀ ਪੋਥੀ ਇੱਕ ਅਜਿਹੀ ਸੱਚਾਈ ਨੂੰ ਪੇਸ਼ ਕਰਦੀ ਹੈ ਜਿਸ ਨੂੰ ਅਣਦੇਖਾ ਨਹੀਂ ਕੀਤਾ ਜਾਣਾ ਚਾਹੀਦਾ – ਭਾਵੇਂ ਕੁਝ ਵੀ ਹੋ ਜਾਵੇ, *ਸਾਰਾ ਨਿਯੰਤ੍ਰਣ ਪਰਮੇਸ਼ੁਰ ਦੇ ਹੱਥ ਹੈ*। ਇਹ ਤਾਂ ਸਪੱਸ਼ਟ ਹੀ ਹੈ ਕਿ ਪਰਮੇਸ਼ੁਰ ਦਾ ਕੋਈ ਮਕਸਦ ਪੂਰਾ ਕੀਤਾ ਜਾਣਾ ਹੈ – ਪਰ ਇਹ ਹੋ ਕੀ ਸਕਦਾ ਹੈ?

ਪਰਕਾਸ਼ ਦੀ ਪੋਥੀ ਵਿੱਚ ਥੋੜ੍ਹੇ ਹੀ ਅਜਿਹੇ ਥਾਂ ਹਨ ਜਿਨ੍ਹਾਂ ਬਾਰੇ ਟੀਕਾਕਾਰ ਸਹਿਮਤ ਹੁੰਦੇ ਹਨ। "ਕਿਉਂ?" ਦੇ ਪ੍ਰਸ਼ਨ ਦਾ ਸਾਰੀ ਦੁਨੀਆ ਵਿੱਚ ਪਾਇਆ ਜਾਣ ਵਾਲਾ ਉੱਤਰ ਹੈ, *"ਅਸੀਂ ਨਹੀਂ ਜਾਣਦੇ।"* ਡੋਨਲਡ ਗਥਰੀ ਨੇ ਲਿਖਿਆ, "ਇਹ ਥੋੜ੍ਹੇ ਸਮੇਂ ਦੀ ਰਿਹਾਈ ਭੇਤਾਂ ਨਾਲ ਭਰੀ ਹੋਈ ਇੱਕ ਪੁਸਤਕ ਦਾ ਸਭ ਤੋਂ ਵਧ ਭੇਤ ਭਰਿਆ ਹਿੱਸਾ ਹੈ।"[26] ਫ੍ਰੈਂਕ ਪੈਕ ਨੇ ਲਿਖਿਆ, "ਇਹ ਗੱਲ ਸਭਨਾਂ ਟੀਕਾਕਾਰਾਂ ਲਈ ਇੱਕ ਭੇਤ ਹੈ ਕਿ [ਸ਼ਤਾਨ] ਨੂੰ 'ਥੋੜ੍ਹੇ ਚਿਰ ਲਈ' ਕਿਉਂ ਛੱਡਿਆ

ਜਾਵੇਗਾ।"[27] ਕੁਝ ਲੇਖਕ ਇਸ ਰਿਹਾਈ ਦੇ ਵੱਖਰੇ-ਵੱਖਰੇ ਅੰਦਾਜ਼ੇ ਲਗਾਉਂਦੇ ਹਨ; ਜਦਕਿ ਬਾਕੀ ਲੋਕ ਆਖਦੇ ਹਨ, "ਸਾਨੂੰ ਇੰਤਜ਼ਾਰ ਕਰਨਾ ਪਵੇਗਾ"; ਪਰ ਜ਼ਿਆਦਾਤਰ ਲੋਕ ਕਿਸੇ ਨਾ ਕਿਸੇ ਤਰ੍ਹਾਂ ਨਾਲ ਇਹ ਆਖਦੇ ਹਨ, "ਸਾਨੂੰ ਪੱਕੇ ਤੌਰ 'ਤੇ ਨਹੀਂ ਪਤਾ।" ਪਰਕਾਸ਼ ਦੀ ਪੋਥੀ ਨੂੰ ਕੋਈ ਭਾਵੇਂ ਕਿਸੇ ਵੀ ਤਰ੍ਹਾਂ ਸਮਝੇ ਪਰ ਇਹ ਅਨਿਸ਼ਚਿਤਤਾ ਸੱਚੀ ਹੈ।

ਜਿਨ੍ਹਾਂ ਲੋਕਾਂ ਦੀ ਅੰਦਾਜ਼ਿਆਂ ਵਿੱਚ ਦਿਲਚਸਪੀ ਹੈ ਉਨ੍ਹਾਂ ਲਈ ਸ਼ਤਾਨ ਦੀ ਰਿਹਾਈ ਬਾਰੇ ਇੱਕ ਥਿਉਰੀ ਦਾ ਉਦਾਹਰਣ ਇਹ ਹੈ: *ਸ਼ਾਇਦ* ਪਰਮੇਸ਼ੁਰ ਸ਼ਤਾਨ ਨੂੰ ਇਸ ਕਰਕੇ ਰਿਹਾਅ ਕਰੇਗਾ ਕਿਉਂਕਿ ਉਹ ਮਨੁੱਖਾਂ ਨੂੰ ਉਵੇਂ ਪਰਖੇਗਾ ਜਿਵੇਂ ਅੱਯੂਬ ਨੂੰ ਪਰਖਿਆ ਗਿਆ ਸੀ (ਅੱਯੂਬ 1; 2) ਅਤੇ ਜਿਵੇਂ ਸ਼ਤਾਨ ਨੇ ਪਤਰਸ ਨੂੰ ਪਰਖਿਆ ਸੀ (ਲੂਕਾ 22:31)। *ਸ਼ਾਇਦ* ਇਹ ਰਿਹਾਈ ਇਹ ਸਮਝਾਉਣ ਲਈ ਹੈ ਕਿ ਜਦ ਯਿਸੂ ਵਾਪਸ ਆਵੇਗਾ ਤਾਂ ਉਸ ਨੂੰ ਧਰਤੀ ਉੱਤੇ ਨਿਹਚਾ ਭਾਲਣ ਵਿੱਚ ਔਖਿਆਈ ਕਿਉਂ ਹੋਵੇਗਾ (ਲੂਕਾ 18:8)। ਅਧਿਆਇ 13 ਵਿੱਚ ਦੋ ਦਰਿੰਦਿਆਂ ਦਾ ਅਧਿਐਨ ਕਰਦਿਆਂ ਇਹ ਵੇਖਿਆ ਗਿਆ ਸੀ ਕਿ ਸ਼ਤਾਨ ਵੀ "ਈਸ਼ੁਰਤਵ," "ਜੀ ਉੱਠਣ," ਅਤੇ ਅਜਿਹੀਆਂ ਹੋਰ ਗੱਲਾਂ ਦੀ ਨਕਲ ਕਰਦਾ ਹੈ। ਕਿਉਂਜੋ ਸ਼ਤਾਨ ਨੇ ਪਰਮੇਸ਼ੁਰ ਦਿਆਂ ਹੋਰ ਗੁਣਾਂ ਦੀ ਨਕਲ ਕੀਤੀ ਸੀ, ਇਸ ਕਰਕੇ *ਸ਼ਾਇਦ* ਇਹ ਰਿਹਾਈ ਯਿਸੂ ਦੀ ਦੂਜੀ ਆਮਦ ਦੀ ਨਕਲ ਕਰਨ ਲਈ ਹੋਵੇਗੀ – ਜਿਸ ਦੀ ਇਜਾਜ਼ਤ ਪਰਮੇਸ਼ੁਰ ਇਸ ਕਰਕੇ ਦੇਵੇਗਾ ਤਾਂ ਜੋ ਉਸ ਦੇ ਹੋਛੇਪਣ ਨੂੰ ਉਜਾਗਰ ਕਰ ਸਕੇ। *ਸ਼ਾਇਦ* ਇਹ ਰਿਹਾਈ ਮਸੀਹੀ ਲੋਕਾਂ ਨੂੰ ਇਹ ਚੇਤੇ ਕਰਾਉਣ ਲਈ ਹੈ ਕਿ ਉਹ ਆਪਣੀ ਰੱਖਿਆ ਵਿੱਚ ਢਿੱਲ ਨਾ ਆਉਣ ਦੇਣ (1 ਪਤਰਸ 5:8)। *ਸ਼ਾਇਦ* ਪਰਮੇਸ਼ੁਰ ਸ਼ਤਾਨ ਨੂੰ ਇਸ ਕਰਕੇ ਰਿਹਾਅ ਕਰੇਗਾ ਤਾਂ ਜੋ ਉਸ ਨੂੰ ਆਪਣੇ ਸਭ ਤੋਂ ਘਿਣਾਉਣੇ ਕੰਮ ਕਰਨ ਦਾ ਮੌਕਾ ਦੇਵੇ ਭਈ ਪਰਮੇਸ਼ੁਰ ਦੀ ਤੁਲਨਾ ਵਿੱਚ ਸ਼ਤਾਨ ਦੀਆਂ ਨਿਰਬਲਤਾਈਆਂ ਪਰਗਟ ਹੋ ਸਕਣ। ਇਨ੍ਹਾਂ ਵਿੱਚੋਂ ਕੁਝ ਤਾਂ ਅਸੰਭਵ ਜਾਪਦੇ ਹਨ, ਜਦਕਿ ਕੁਝ ਵਿੱਚ ਕੁਝ ਸੰਭਾਵਨਾ ਦਿਖਾਈ ਦਿੰਦੀ ਹੈ; ਪਰ ਇਹ ਸਾਰੇ ਅੰਦਾਜ਼ਿਆਂ ਦੀ ਸ਼੍ਰੇਣੀ ਵਿੱਚ ਹੀ ਆਉਂਦੇ ਹਨ।

ਉੱਪਰ ਦਿੱਤੇ ਗਏ ਜ਼ਿਆਦਾਤਰ ਅੰਦਾਜ਼ਿਆਂ ਦੀ ਬੁਨਿਆਦ ਇਹ ਅਨੁਮਾਨ ਹੈ ਕਿ ਸ਼ਤਾਨ ਦੀ ਰਿਹਾਈ ਮਸੀਹ ਦੀ ਦੂਜੀ ਆਮਦ ਤੋਂ ਠੀਕ ਪਹਿਲਾਂ ਹੋਵੇਗੀ। ਕੀ ਇਸ ਨੂੰ ਸਮਝਣ ਵਿੱਚ ਆਉਣ ਵਾਲੀ ਔਖਿਆਈ ਦਾ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਲੋਕ ਇਸ ਆਇਤ ਦੇ *ਸਮੇਂ* ਨੂੰ ਗਲਤ ਥਾਂ 'ਤੇ ਬਿਠਾਉਣਾ ਚਾਹ ਰਹੇ ਹਨ?

ਇਸ ਰਿਹਾਈ ਦੇ ਸੰਬੰਧ ਵਿੱਚ ਪਾਠਕਾਂ ਨੂੰ ਹੋਣ ਵਾਲੀ ਇੱਕ ਵੱਡੀ ਸਮੱਸਿਆ ਇਹ ਹੈ ਕਿ ਦਰਸ਼ਣ ਵਿੱਚ "ਥੋੜਾ ਚਿਰ" (ਆਇਤ 3) "ਹਜ਼ਾਰ ਵਰ੍ਹੇ" ਤੋਂ *ਬਾਅਦ* ਆਉਂਦਾ ਹੈ: ਸ਼ਤਾਨ ਨੂੰ ਇੱਕ ਹਜ਼ਾਰ ਵਰ੍ਹੇ ਲਈ ਬੰਨ੍ਹਿਆ ਗਿਆ ਹੈ, ਜਦਕਿ ਉਸੇ ਵੇਲੇ ਸ਼ਹੀਦ ਸੰਤ ਰਾਜ ਕਰ ਰਹੇ ਹਨ। ਫਿਰ ਜਦ ਸਭ ਕੁਝ ਸਹੀ ਚੱਲ ਰਿਹਾ ਪ੍ਰਤੀਤ ਹੁੰਦਾ ਹੈ, ਸ਼ਤਾਨ ਅਚਾਣਕ ਅਜ਼ਾਦ ਹੋ ਜਾਂਦਾ ਹੈ ਅਤੇ ਆਪਣੀ ਦੁਸ਼ਟ ਚਾਲਬਾਜ਼ੀਆਂ ਚੱਲਦਾ ਹੈ। ਰਿਹਾਈ ਦਾ *ਸਮਾਂ* ਉਲਝਣ ਭਰਿਆ ਹੈ।

ਸ਼ਾਇਦ ਸਾਨੂੰ ਇਸ ਆਇਤ ਦੇ ਸਮੇਂ ਬਾਰੇ ਦ੍ਰਿਸ਼ਟੀਕੋਣ ਵਿੱਚ ਥੋੜਾ ਸੁਧਾਰ ਕਰਨ ਦੀ ਲੋੜ ਹੈ। ਸਾਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਅਸੀਂ ਇੱਕ ਦਰਸ਼ਣ ਨੂੰ ਵੇਖ ਰਹੇ ਹਾਂ ਜਿਸ ਵਿੱਚ ਪ੍ਰਤੀਕਾਤਮਕ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਕੀ ਅਜਿਹੇ ਹਾਲਾਤ ਵਿੱਚ ਸਾਨੂੰ ਲੰਮੇਂ ਚਿਰ ਤੋਂ ਬਾਅਦ ਆਉਣ ਵਾਲੇ ਥੋੜੇ ਚਿਰ ਨੂੰ ਸ਼ਾਬਦਿਕ ਤੌਰ 'ਤੇ ਲੈਣਾ ਚਾਹੀਦਾ ਹੈ? ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ "ਹਜ਼ਾਰ ਵਰ੍ਹੇ" ਇੱਕ ਸਮੇਂ ਦੀ ਮਿਆਦ ਨਹੀਂ ਸਗੋਂ ਇੱਕ *ਧਾਰਣਾ* ਹੈ। ਜੇਕਰ ਅਜਿਹਾ ਹੈ ਤਾਂ ਸ਼ਾਇਦ ਸਾਨੂੰ "ਥੋੜੇ ਚਿਰ" ਨੂੰ ਵੀ ਸ਼ਾਬਦਿਕ ਤੌਰ 'ਤੇ ਇੱਕ ਸਮੇਂ ਦੀ ਮਿਆਦ ਵਜੋਂ ਨਹੀਂ ਲੈਣਾ ਚਾਹੀਦਾ (ਆਇਤ 3 ਦੀਆਂ ਟਿੱਪਣੀਆਂ ਵੇਖੋ)। ਇਸ ਦੀ ਬਜਾਇ ਇਸ ਰੂਪਕ ਦਾ ਉਦੇਸ਼ ਇੱਕ *ਧਾਰਣਾ* ਨੂੰ ਪੇਸ਼ ਕਰਨਾ ਹੋ ਸਕਦਾ ਹੈ। ਕਿਹੜੀ ਧਾਰਣਾ? ਕੁਝ

ਸੰਭਾਵਨਾਵਾਂ ਹੇਠ ਲਿਖੀਆਂ ਹਨ:

ਜਿਵੇਂ ਕਿ ਆਇਤ 3 ਦੀਆਂ ਟਿੱਪਣੀਆਂ ਵਿੱਚ ਸੰਕੇਤ ਦਿੱਤਾ ਗਿਆ ਹੈ, ਸ਼ਾਇਦ "ਥੋੜੇ ਚਿਰ" ਸ਼ਬਦਾਂ ਦੀ ਵਰਤੋਂ ਇਸ ਕਰਕੇ ਕੀਤੀ ਗਈ ਹੈ ਕਿ ਇਨ੍ਹਾਂ ਦੀ ਤੁਲਨਾ "ਹਜ਼ਾਰ ਵਰ੍ਹੇ" ਨਾਲ ਕੀਤੀ ਜਾਵੇ: ਸ਼ਤਾਨ ਦੀ "ਰਿਹਾਈ" ਥੋੜੇ ਚਿਰ ਲਈ ਸੀ ਅਤੇ ਉਸ ਦੇ "ਬੰਨ੍ਹੇ ਜਾਣ" ਦੀ ਤੁਲਨਾ ਵਿੱਚ ਮਹੱਤਵਹੀਣ ਸੀ। ਸ਼ਤਾਨ ਹਮੇਸ਼ਾ ਲਈ ਪਰਮੇਸ਼ੁਰ ਵੱਲੋਂ ਸੀਮਿਤ ਕੀਤਾ ਹੋਇਆ ਹੈ; ਜੋ ਕੁਝ ਉਹ ਕਰਦਾ ਹੈ ਪਰਮੇਸ਼ੁਰ ਦੇ ਨਿਯੰਤ੍ਰਣ ਹੇਠ ਹੁੰਦਾ ਹੈ।

ਸ਼ਾਇਦ "ਥੋੜੇ ਚਿਰ" ਸ਼ਬਦਾਂ ਦਾ ਮੁੱਢਲੇ ਤੌਰ 'ਤੇ ਸ਼ਾਇਦ ਉਹੀ ਹੈ ਜਿਹੜਾ 12:12 ਵਿੱਚ ਸੀ: ". . . ਇਸ ਲਈ ਜੋ ਸ਼ਤਾਨ ਤੁਹਾਡੇ ਕੋਲ ਉਤਰ ਆਇਆ ਹੈ ਅਤੇ ਉਹ ਨੂੰ ਵੱਡਾ ਕ੍ਰੋਧ ਹੈ ਕਿਉਂ ਜੋ ਉਹ ਜਾਣਦਾ ਹੈ ਭਈ ਮੇਰਾ ਸਮਾ ਥੋੜਾ ਹੀ ਰਹਿੰਦਾ ਹੈ।" ਇਨ੍ਹਾਂ ਸ਼ਬਦਾਂ ਦਾ ਅਰਥ ਇਹ ਹੈ ਕਿ ਸ਼ਤਾਨ ਦੇ ਦਿਨ ਗਿਣੇ ਹੋਏ ਹਨ – ਅਤੇ ਉਹ ਇਸ ਨੂੰ ਜਾਣਦਾ ਹੈ। ਅਧਿਆਇ 12 ਸ਼ਤਾਨ ਨੂੰ ਹਾਰੇ ਹੋਏ ਵੈਰੀ ਵਜੋਂ ਦਰਸਾਉਂਦਾ ਹੈ; ਅਧਿਆਇ 20 ਉਸ ਨੂੰ ਜਕੜੇ ਹੋਏ ਵੈਰੀ ਵਜੋਂ ਦਰਸਾਉਂਦਾ ਹੈ। ਦੋਹਾਂ ਥਾਂਵਾਂ 'ਤੇ ਇਹ ਵੇਖਿਆ ਜਾ ਸਕਦਾ ਹੈ ਕਿ ਉਸ ਦੇ ਕੋਲ ਜਿਹੜਾ "ਥੋੜਾ ਚਿਰ" ਬਾਕੀ ਬਚਿਆ ਹੈ ਉਸ ਵਿੱਚ ਉਹ ਵਧ ਤੋਂ ਵਧ ਨੁਕਸਾਨ ਕਰਨਾ ਚਾਹੁੰਦਾ ਹੈ।

ਸ਼ਾਇਦ "ਥੋੜਾ ਚਿਰ" ਸ਼ਬਦ ਸੰਕੇਤ ਕਰਦੇ ਹਨ ਕਿ ਅਜਿਹੇ ਸਮੇਂ ਵੀ ਆਉਣਗੇ ਜਦ ਹਾਲਾਤਾਂ ਦੇ ਕਾਰਨ ਸ਼ਤਾਨ ਦੀਆਂ ਸੀਮਾਵਾਂ ਨੂੰ ਥੋੜੇ ਚਿਰ ਲਈ ਹਟਾ ਦਿੱਤਾ ਜਾਵੇਗਾ। ਇਹ ਪਹਿਲਾਂ ਵੀ ਵੇਖਿਆ ਗਿਆ ਸੀ ਕਿ ਸ਼ਤਾਨ ਸਲੀਬ ਅਤੇ ਖੁਸ਼ਖਬਰੀ ਦੇ ਕਾਰਨ ਬੰਨ੍ਹਿਆ ਹੋਇਆ ਹੈ। ਉਨ੍ਹਾਂ ਸਮਿਆਂ ਅਤੇ ਥਾਵਾਂ ਦੀ ਦਸ਼ਾ ਕੀ ਹੈ ਜਿੱਥੇ ਖੁਸ਼ਖਬਰੀ ਦਾ ਪ੍ਰਚਾਰ ਅਜੇ ਤੱਕ ਨਹੀਂ ਕੀਤਾ ਗਿਆ ਹੈ, ਜਿੱਥੇ ਲੋਕਾਂ ਨੂੰ ਅਜੇ ਤੱਕ ਸਲੀਬ ਬਾਰੇ ਸੁਣਨ ਦਾ ਮੌਕਾ ਨਹੀਂ ਮਿਲਿਆ ਹੈ? ਅਫਸੋਸ ਇਸ ਗੱਲ ਦਾ ਹੈ ਕਿ ਸੰਸਾਰ ਵਿੱਚ ਅਜਿਹੇ ਥਾਂ ਰਹੇ ਹਨ, ਹੈ ਹਨ, ਅਤੇ ਰਹਿਣਗੇ। ਜਿੱਥੇ ਅਜਿਹੇ ਹਾਲਾਤ ਹਨ ਉੱਥੇ ਸ਼ਤਾਨ ਦਾ ਲੋਕਾਂ ਦਿਆਂ ਦਿਲਾਂ ਅਤੇ ਜੀਵਨਾਂ ਉੱਤੇ ਖੁੱਲ੍ਹਾ ਨਿਯੰਤ੍ਰਣ ਹੈ।

ਸ਼ਾਇਦ ਇਹ ਵਿਚਾਰ ਕਾਫੀ ਹਨ ਕਿ ਇਸ ਬਾਰੇ ਡੂੰਘੀ ਸੋਚ ਨੂੰ ਜਗਾਇਆ ਜਾ ਸਕੇ ਕਿ "ਥੋੜੇ ਚਿਰ" ਦੀ ਧਾਰਣਾ ਕੀ ਸੁਨੇਹਾ ਦੇਣਾ ਚਾਹ ਰਹੀ ਹੈ।

"ਕਦੋਂ" ਦੇ ਵਿਸ਼ੇ ਨੂੰ ਛੱਡਣ ਤੋਂ ਪਹਿਲਾਂ ਇੱਕ ਆਖਰੀ ਸੰਭਾਵਨਾ ਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ: ਧਿਆਨ ਦਵੋ ਕਿ ਆਇਤਾਂ 5 ਅਤੇ 7 ਦੋਵੇਂ ਹੀ "ਹਜ਼ਾਰ ਵਰ੍ਹੇ" ਦਾ ਜ਼ਿਕਰ "ਪੂਰਾ ਹੋ ਚੁੱਕੇ" ਸਮੇਂ ਵਜੋਂ ਕਰਦੀਆਂ ਹਨ। ਇਹ ਸ਼ਬਦ ਯੂਨਾਨੀ ਅਤੇ ਅੰਗ੍ਰੇਜੀ ਵਿੱਚ ਦੋਹਾਂ ਆਇਤਾਂ ਵਿੱਚ ਇੱਕੋ ਜਿਹੇ ਹਨ। ਆਇਤ 5 ਬਾਰੇ ਆਖਿਆ ਗਿਆ ਹੈ ਕਿ "'ਹਜ਼ਾਰ ਵਰ੍ਹੇ' ਦੇ 'ਪੂਰਾ' ਹੋ ਜਾਣ ਦੀ ਗੱਲ . . . ਇਸ ਜੁੱਗ ਦੇ ਅੰਤ ਵੱਲ ਇਸ਼ਾਰਾ ਕਰਦਾ ਹੈ – ਜਦ ਮਸੀਹ ਵਾਪਸ ਆਵੇਗਾ, ਮੁਰਦੇ ਜੀ ਉੱਠਣਗੇ, ਅਤੇ ਸਭਨਾਂ ਦਾ ਨਿਆਉਂ ਕੀਤਾ ਜਾਵੇਗਾ।" ਜੇਕਰ ਆਇਤ 5 ਵਿੱਚ ਇਨ੍ਹਾਂ ਸ਼ਬਦਾਂ ਦਾ ਅਰਥ ਇਹੋ ਹੈ ਤਾਂ ਆਇਤ 7 ਵਿੱਚ ਵੀ ਇਸ ਦਾ ਅਰਥ ਇਹੋ ਹੋਣਾ ਚਾਹੀਦਾ ਹੈ। ਜੇਕਰ ਅਜਿਹਾ ਹੈ ਤਾਂ "ਥੋੜਾ ਚਿਰ" ਮਸੀਹ ਦੀ ਵਾਪਸੀ ਤੋਂ ਠੀਕ ਪਹਿਲਾਂ ਸਮੇਂ ਦੀ ਕੋਈ ਮਿਆਦ ਨਹੀਂ ਹੈ, ਸਗੋਂ ਇਹ ਤਾਂ ਮਸੀਹ ਦੀ ਵਾਪਸੀ ਵੇਲੇ ਅੱਖ ਝਪਕਦਿਆਂ ਹੋਣ ਵਾਲੀ ਘਟਨਾ ਹੈ। ਕਹਿਣ ਦਾ ਭਾਵ ਇਹ ਹੈ ਕਿ ਸ਼ਤਾਨ ਨੂੰ ਰਿਹਾਅ ਇਸ ਕਰਕੇ ਕੀਤਾ ਜਾਵੇਗਾ ਕਿ ਉਸ ਨੂੰ ਨਾਸ ਕੀਤਾ ਜਾਵੇ। ਇਸ ਨੂੰ ਅਸੀਂ "ਸ਼ਤਾਨ ਦੇ ਨਿਆਉਂ ਦਾ ਦਿਨ" ਵੀ ਆਖ ਸਕਦੇ ਹਾਂ।

ਇਸ ਵਿਆਖਿਆ 'ਤੇ ਉੱਠਣ ਵਾਲਾ ਇਤਰਾਜ਼ ਇਹ ਹੈ ਕਿ ਦਰਸ਼ਣ ਵਿੱਚ ਅਜਿਹਾ ਜਾਪਦਾ ਹੈ ਕਿ ਸ਼ਤਾਨ ਦੁਆਰਾ ਕੌਮਾਂ ਨੂੰ ਭਰਮਾਉਣ ਅਤੇ ਧਰਤੀ ਦੀਆਂ ਚੌਹਾਂ ਕੂੰਟਾਂ ਵਿੱਚੋਂ ਇੱਕ ਸੈਨਾ ਇਕੱਠੀ ਕਰਨ ਵਿੱਚ ਕਾਫੀ ਸਮਾਂ ਲੱਗੇਗਾ। ਪਰ ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ

ਪ੍ਰਤੀਕਵਾਦ ਹੈ ਅਤੇ ਇਸ ਨੂੰ ਸ਼ਾਬਦਿਕ ਨਹੀਂ ਲਿਆ ਜਾਣਾ ਚਾਹੀਦਾ। ਜਿਸ ਨੂੰ ਅਸੀਂ ਸਮੇਂ ਵਜੋਂ ਜਾਣਦੇ ਹਾਂ, ਉਹ ਸ਼ਾਇਦ ਇਸ ਵਿੱਚ ਸ਼ਾਮਿਲ ਵੀ ਨਾ ਹੋਵੇ। ਸ਼ਾਇਦ ਇਸ ਪ੍ਰਤੀਕਵਾਦ ਦਾ ਉਦੇਸ਼ ਇਹ ਵਿਖਾਉਣਾ ਹੈ ਕਿ "ਹਜ਼ਾਰ ਵਰ੍ਹੇ" ਨੇ ਸ਼ਤਾਨ ਨੂੰ ਨਹੀਂ ਬਦਲਿਆ ਹੈ (ਅਜੇ ਵੀ ਉਹ ਭਰਮਾਉਣ ਵਾਲਾ ਹੈ ਅਤੇ ਪਰਮੇਸ਼ੁਰ ਦਾ ਵੈਰੀ ਹੀ ਹੈ), ਅਤੇ ਇਸ ਕਰਕੇ ਉਸ ਨੂੰ ਅੱਗ ਦੀ ਝੀਲ ਵਿੱਚ ਪਾਇਆ ਹੀ ਜਾਣਾ ਚਾਹੀਦਾ ਹੈ।

"ਕਦੋਂ?" ਦੇ ਪ੍ਰਸ਼ਨ ਦੇ ਸੰਬੰਧ ਵਿੱਚ ਸੰਖੇਪ ਵਿੱਚ ਆਖੇ ਗਏ ਤਿੰਨ ਕਥਨ ਇਹ ਹਨ: (1) "ਥੋੜੇ ਚਿਰ" ਦੇ ਸਮੇਂ ਬਾਰੇ ਪੇਸ਼ ਕੀਤੀਆਂ ਗਈਆਂ ਭਿੰਨ-ਭਿੰਨ ਸੰਭਾਵਨਾਵਾਂ ਨੂੰ ਸਮਝਣਾ ਅਤੇ ਚੇਤੇ ਰੱਖਣਾ ਸਾਡੇ ਲਈ ਲੋੜੀਂਦਾ ਨਹੀਂ ਹੈ। (2) ਭਿੰਨ-ਭਿੰਨ ਸੰਭਾਵਨਾਵਾਂ ਨੂੰ ਲਿਖੇ ਜਾਣ ਦਾ ਇੱਕ ਉਦੇਸ਼ ਇਹ ਦਿਖਾਉਣਾ ਹੈ ਕਿ ਕਿਸੇ ਵੀ ਤਰ੍ਹਾਂ ਨਾਲ ਅਸੀਂ ਨਿਸ਼ਚਿਤ ਤੌਰ 'ਤੇ ਇਹ ਆਖ ਹੀ ਨਹੀਂ ਸਕਦੇ ਕਿ ਸ਼ਤਾਨ ਦਾ "ਥੋੜਾ ਚਿਰ" ਕਦੋਂ ਆਵੇਗਾ। (3) ਇਹ ਸਭ ਇਹ ਆਖਣ ਦੀ ਤਿਆਰੀ ਵਜੋਂ ਹੈ ਕਿ ਅਖੀਰ ਵਿੱਚ ਮਸੀਹੀ ਲੋਕਾਂ ਲਈ ਪਵਿੱਤਰ ਆਤਮਾ ਦੇ ਸੁਨੇਹੇ ਵਿੱਚ ਮੁੱਢਲੇ ਤੌਰ 'ਤੇ "ਕਦੋਂ" ਦਾ ਕੋਈ ਮਹੱਤਵ ਹੈ ਹੀ ਨਹੀਂ। 20:7-10 ਦਾ "ਕਦੋਂ?" ਮਹੱਤਵਪੂਰਣ ਨਹੀਂ ਹੈ, ਸਗੋਂ "ਕੀ?" ਮਹੱਤਵਪੂਰਣ ਹੈ: *ਸ਼ਤਾਨ ਦੀ ਆਖਰੀ ਨਿਯਤੀ ਕੀ ਹੋਵੇਗੀ?*

**ਆਇਤ 8.** ਯੂਹੰਨਾ ਦੇ ਦਰਸ਼ਣ ਵਿੱਚ ਸ਼ਤਾਨ ਨੂੰ ਜਕੜੇ ਹੋਏ ਇੱਕ ਹਜ਼ਾਰ ਵਰ੍ਹੇ ਪੂਰੇ ਹੋ ਚੁੱਕੇ ਸਨ, ਪਰ ਉਸ ਨੇ ਸਿੱਖਿਆ ਕੁਝ ਵੀ ਨਹੀਂ ਸੀ। ਜਿਵੇਂ ਹੀ ਉਸ ਨੂੰ ਰਿਹਾਅ ਕੀਤਾ ਗਿਆ, ਉਸ ਨੇ ਉੱਥੋਂ ਹੀ ਅਰੰਭ ਕੀਤਾ ਜਿੱਥੇ ਉਸ ਨੇ ਪਹਿਲਾਂ ਛੱਡਿਆ ਸੀ: ਸ਼ਤਾਨ **ਓਹਨਾਂ ਕੌਮਾਂ ਨੂੰ ਜਿਹੜੀਆਂ ਧਰਤੀ ਦੀਆਂ ਚੌਹਾਂ ਕੂੰਟਾਂ ਵਿੱਚ ਹਨ ਅਰਥਾਤ ਗੋਗ ਅਤੇ ਮਗੋਗ ਨੂੰ ਭਰਮਾਉਣ ਲਈ ਨਿੱਕਲੇਗਾ ਭਈ ਓਹਨਾਂ ਨੂੰ ਜੁੱਧ ਲਈ ਇਕੱਠਿਆਂ ਕਰੇ।**

**ਕੌਮਾਂ** ਬਾਰੇ ਆਖਿਆ ਗਿਆ ਹੈ ਕਿ ਉਹ **ਧਰਤੀ ਦੀਆਂ ਚੌਹਾਂ ਕੂੰਟਾਂ ਵਿੱਚ ਹਨ।** ਸਨਸਨੀਖੇਜ਼ ਸੰਦੇਸ਼ ਤਿਆਰ ਕਰਨ ਵਾਲੇ ਲੋਕਾਂ ਨੇ ਇਨ੍ਹਾਂ ਕੌਮਾਂ ਨੂੰ ਅਮੇਰੀਕਾ ਤੋਂ ਵੀ ਦੂਰ ਦੇ ਦੇਸ ਆਖਿਆ ਹੈ। ਪਰ ਇਨ੍ਹਾਂ ਸ਼ਬਦਾਂ ਦਾ ਭਾਵ ਇੱਥੇ ਦੂਰੀ ਤੋਂ ਨਹੀਂ ਸਗੋਂ ਵਿਸ਼ਵਵਿਆਪਕਤਾ ਤੋਂ ਹੈ। **ਚੌਹਾਂ** ਅਰਥਾਤ ਚਾਰ ਅੰਕ ਮਨੁੱਖਜਾਤੀ ਦਾ ਅੰਕ ਹੈ। "ਧਰਤੀ ਦੀਆਂ ਚੌਹਾਂ ਕੂੰਟਾਂ" ਸ਼ਬਦਾਂ ਦਾ ਸਧਾਰਨ ਅਰਥ ਹੈ "ਸਾਰੀ ਦੁਨੀਆ ਤੋਂ।"

ਇਨ੍ਹਾਂ ਕੌਮਾਂ ਨੂੰ **ਗੋਗ ਅਤੇ ਮਗੋਗ** ਆਖਿਆ ਗਿਆ ਹੈ। ਇਹ ਵਿਲੱਖਣ ਨਾਮ ਉਨ੍ਹਾਂ ਕਥਾ-ਕਹਾਣੀਆਂ ਦਾ ਹਿੱਸਾ ਬਣ ਚੁੱਕੇ ਹਨ ਜਿਹੜੀਆਂ ਉਸ ਕਾਲਪਨਿਕ ਯੁੱਧ ਦੇ ਚੁਫੇਰੇ ਤਿਆਰ ਕੀਤੀਆਂ ਗਈਆਂ ਹਨ ਜਿਸ ਨੂੰ ਮਨੁੱਖਾਂ ਨੇ "ਹਰਮਗਿੱਦੋਨ" ਨਾਮ ਦਿੱਤਾ ਹੈ (16:16 ਦੀਆਂ ਟਿੱਪਣੀਆਂ ਵੇਖੋ)। ਇਹ ਨਾਮ ਸਾਨੂੰ ਅਸ਼ੁੱਭ ਜਾਪਣ ਲੱਗ ਪਏ ਹਨ, ਪਹ ਪਹਿਲੀ ਸਦੀ ਦੇ ਮਸੀਹੀ ਇਨ੍ਹਾਂ ਨਾਮਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਗੋਗ ਅਤੇ ਮਗੋਗ ਉਹ ਨਾਮ ਸਨ ਜਿਹੜੇ "ਯਹੂਦੀ ਵਿਚਾਰਾਂ ਵਿੱਚ, ਭੇਤ ਭਰੇ ਤਰੀਕੇ ਨਾਲ, ਪਰ ਡੂੰਘਿਆਈ ਨਾਲ ਉੱਕਰੇ ਹੋਏ ਸਨ।"[28] ਯਾਫਥ ਦੇ ਪੁੱਤਰਾਂ ਵਿੱਚੋਂ ਇੱਕ ਦਾ ਨਾਮ ਮਗੋਗ ਸੀ (ਉਤਪਤ 10:2; ਵੇਖੋ 1 ਇਤਹਾਸ 1:5)। ਜਾਹਰ ਹੈ ਕਿ ਮਗੋਗ ਦਾ ਵੰਸ਼ ਵਧ ਕੇ ਇੱਕ ਕੌਮ ਬਣ ਗਿਆ, ਅਤੇ ਉਨ੍ਹਾਂ ਦੇ ਦੇਸ ਦਾ ਨਾਮ ਵੀ "ਮਗੋਗ" ਪੈ ਗਿਆ (ਹਿਜ਼ਕੀਏਲ 38:2; 39:6)। ਯੋਏਲ ਦੇ ਪੁੱਤਰਾਂ ਵਿੱਚੋਂ ਇੱਕ ਦਾ ਨਾਮ ਗੋਗ ਸੀ (1 ਇਤਹਾਸ 5:4)। ਕਿਸੇ ਅਗਿਆਤ ਕਾਰਨ ਸਦਕਾ ਨਬੀ ਹਿਜ਼ਕੀਏਲ ਨੇ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਮਗੋਗ ਨੂੰ ਇਸਰਾਏਲ ਦੇ ਵਿਰੋਧ ਵਿੱਚ ਦਮਦਮਾ ਬੰਨ੍ਹੇ ਇੱਕ ਵੈਰੀ ਵਜੋਂ ਪੇਸ਼ ਕੀਤਾ ਅਤੇ ਉਸ ਦੇ ਸ਼ਾਸਕ ਨੂੰ "ਗੋਗ" ਆਖਿਆ (ਹਿਜ਼ਕੀਏਲ 38:2)। ਸ਼ਾਇਦ ਕਿਸੇ ਸਮੇਂ ਵਿੱਚ ਮਗੋਗ ਨੇ ਇਸਰਾਏਲ ਉੱਤੇ ਹਮਲਾ ਕੀਤਾ ਸੀ ਜਿਸ ਦਾ ਜ਼ਿਕਰ ਬਾਈਬਲ ਵਿੱਚ ਨਹੀਂ ਕੀਤਾ ਗਿਆ ਹੈ। ਸ਼ਾਇਦ ਇਸ ਨਾਮ ਨੂੰ ਇਸ ਕਰਕੇ ਚੁਣਿਆ ਗਿਆ ਸੀ ਕਿਉਂਕਿ ਉਹ

ਇਸਰਾਏਲ ਤੋਂ ਬਹੁਤ ਦੂਰ ਵੱਸੇ ਹੋਏ ਸਨ ਅਤੇ ਉਨ੍ਹਾਂ ਨੂੰ ਇੱਕ ਅਗਿਆਤ ਕੌਮ ਮੰਨਿਆ ਜਾਂਦਾ ਸੀ। ਅਨੇਕਾਂ ਟੀਕਾਕਾਰ ਮੰਨਦੇ ਹਨ ਕਿ ਹਿਜ਼ਕੀਏਲ 38 ਅਤੇ 39 ਵਿੱਚ "ਗੋਗ" ਐਂਟਿਓਕਸ ਏਪਿਫੇਨੇਸ ਦਾ ਪ੍ਰਤੀਕ ਹੈ, ਉਹ ਸੇਲੂਸਿਡ ਸ਼ਾਸਕ ਜਿਸ ਨੇ ਯਹੂਦੀ ਹੈਕਲ ਨੂੰ ਅਸ਼ੁੱਧ ਕੀਤਾ ਸੀ। ਉਸ ਦੇ ਇਸ ਕਾਰੇ ਦੇ ਕਾਰਨ ਪੁਰਾਣੇ ਅਤੇ ਨਵੇਂ ਨੇਮ ਦੇ ਵਿਚਕਾਰਲੇ ਸਮੇਂ ਦੇ ਦੌਰਾਨ ਮੱਕਾਬੀ ਵਿਦ੍ਰੋਹ ਉੱਠਿਆ ਸੀ ਅਤੇ ਯਹੂਦੀ ਅਜ਼ਾਦੀ ਦਾ ਇੱਕ ਸੰਖੇਪ ਸਮਾਂ ਆਇਆ ਸੀ। ਹੋਰ ਲੋਕ ਇਹ ਮੰਨਦੇ ਹਨ ਕਿ ਹਿਜ਼ਕੀਏਲ ਦਾ ਭਾਵ ਪੁਰਾਤਨ ਬਾਬੁਲ ਤੋਂ ਸੀ।

ਬਾਈਬਲ ਤੋਂ ਬਾਹਰ ਦੇ ਅਪੋਕਲਿਪਟਿਕ ਲੇਖਕਾਂ ਨੇ ਹਿਜ਼ਕੀਏਲ ਦੇ ਸ਼ਬਦਾਂ ਨੂੰ ਲਿਆ ਅਤੇ ਉਨ੍ਹਾਂ ਨੂੰ ਮਸੀਹ ਦੇ ਸਭਨਾਂ ਵੈਰੀਆਂ ਦੇ ਲਈ ਇਸਤੇਮਾਲ ਕਰ ਲਿਆ। ਪਰਕਾਸ਼ 20:8 ਵਿੱਚ ਇਨ੍ਹਾਂ ਨਾਮਾਂ ਨੂੰ ਇਸੇ ਭਾਵ ਨਾਲ ਇਸਤੇਮਾਲ ਕੀਤਾ ਗਿਆ ਹੈ। ਇਹ ਅਜਿਹੇ ਖਾਸ ਦੇਸਾਂ ਬਾਰੇ ਗੱਲ ਨਹੀਂ ਕਰਦੇ ਜਿਹੜੇ ਯੂਹੰਨਾ ਦੇ ਦਿਨਾਂ ਵਿੱਚ ਜਾਂ ਵਰਤਮਾਨ ਵਿੱਚ ਮੌਜੂਦ ਹਨ; ਸਗੋਂ ਪ੍ਰਤੀਕਾਤਮਕ ਹਨ ਅਤੇ *ਉਨ੍ਹਾਂ ਸਭਨਾਂ ਲਈ* ਹਨ "ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ" (2 ਥੱਸਲੁਨੀਕੀਆਂ 1:8)। ਜਿਮ ਮੈਕਗੁਈਗਨ ਨੇ ਆਖਿਆ, "ਇਹ ਕੋਈ ਵੀ ਹੋ ਸਕਦੇ ਹਨ, ਪਰ ਕੋਈ ਖਾਸ ਲੋਕ ਨਹੀਂ ਹਨ।"[29] ਜੀ. ਬੀ. ਕੇਅਰਡ ਨੇ ਲਿਖਿਆ, "ਗੋਗ ਨਾਮ ਦੀ ਟੋਪੀ ਜਿਸ ਕਿਸੇ ਦੇ ਵੀ ਸਿਰ 'ਤੇ ਫਿਟ ਬੈਠਦੀ ਹੈ ਉਸ ਨੂੰ ਇਹ ਪੁਆਈ ਜਾ ਸਕਦੀ ਹੈ।"[30]

ਇਨ੍ਹਾਂ ਆਇਤਾਂ ਵਿੱਚੋਂ ਸਾਡੇ ਸਿੱਖਣ ਲਈ ਪਾਠ ਇਹ ਹੈ ਕਿ ਸ਼ਤਾਨ ਨੂੰ ਹਮੇਸ਼ਾ ਕੋਈ ਨਾ ਕੋਈ ਮਿਲ ਜਾਂਦਾ ਹੈ ਜਿਸ ਨੂੰ ਉਹ ਆਪਣੀ ਸੈਨਾ ਵਿੱਚ ਭਰਤੀ ਕਰ ਸਕਦਾ ਹੈ। ਭਾਵੇਂ ਉਸ ਦੇ ਦੋ ਪ੍ਰਮੁੱਖ ਸਾਥੀ – ਦਰਿੰਦਾ ਅਤੇ ਝੂਠਾ ਨਬੀ – ਹਰਾਏ ਗਏ ਹਨ (ਅਧਿਆਇ 19), ਪਰ ਉਨ੍ਹਾਂ ਦੀ ਹਾਰ ਨੇ ਉਸ ਦੇ ਇਰਾਦੇ ਨਹੀਂ ਬਦਲੇ। ਉਹ ਬਾਹਰ ਗਿਆ ਅਤੇ ਗੋਗ ਅਤੇ ਮਗੋਗ ਨੂੰ ਭਰਤੀ ਕਰ ਲਿਆ।

ਹਿਜ਼ਕੀਏਲ ਦੀ ਨਬੂਵਤ ਬਾਰੇ ਇੱਕ ਹੋਰ ਗੱਲ ਚੇਤੇ ਰੱਖੀ ਜਾਣੀ ਚਾਹੀਦੀ ਹੈ: ਜ਼ੋਰ *ਪਰਮੇਸ਼ੁਰ ਦੇ ਕ੍ਰੋਧ* ਉੱਤੇ ਦਿੱਤਾ ਗਿਆ ਹੈ ਜਿਹੜਾ ਗੋਗ ਅਤੇ ਮਗੋਗ ਉੱਤੇ ਉਲੱਦਿਆ ਜਾਵੇਗਾ (ਵੇਖੋ ਹਿਜ਼ਕੀਏਲ 39:6)। ਇਸ ਕਰਕੇ ਪਰਕਾਸ਼ ਦੀ ਪੋਥੀ 20 ਵਿੱਚ "ਗੋਗ" ਅਤੇ "ਮਗੋਗ" ਨਾ ਸਿਰਫ ਪਰਮੇਸ਼ੁਰ ਦੇ ਵੈਰੀਆਂ ਦਾ ਪ੍ਰਤੀਕ ਹਨ, ਸਗੋਂ ਪਰਮੇਸ਼ੁਰ ਦੇ *ਛੇਤੀ ਹੀ ਹਰਾਏ ਜਾਣ ਵਾਲੇ* ਵੈਰੀਆਂ ਦੇ ਪ੍ਰਤੀਕ ਵੀ ਹਨ।

ਕੌਮਾਂ ਨੂੰ ਭਰਮਾਉਣ ਪਿੱਛੇ ਸ਼ਤਾਨ ਦਾ ਉਦੇਸ਼ ਇਹ ਸੀ **ਭਈ ਓਹਨਾਂ ਨੂੰ ਜੁੱਧ ਲਈ ਇਕੱਠਿਆਂ ਕਰੇ**। ਇਹ ਉਹੋ ਯੁੱਧ ਹੈ ਜਿਸ ਬਾਰੇ 16:14-16 ਅਤੇ 19:19 ਵਿੱਚ ਆਖਿਆ ਗਿਆ ਹੈ – ਭਲਿਆਈ ਅਤੇ ਬੁਰਿਆਈ ਵਿਚਕਾਰ ਆਖਰੀ ਨਿਰਣਾਇਕ "ਯੁੱਧ" (16:16; 19:19 ਦੀਆਂ ਟਿੱਪਣੀਆਂ ਵੇਖੋ)। ਆਇਤ 8 ਦਾ ਆਖਰੀ ਹਿੱਸਾ ਆਖਦਾ ਹੈ ਕਿ ਸ਼ਤਾਨ ਦੁਆਰਾ ਇਕੱਠੀ ਕੀਤੀ ਗਈ ਸੈਨਾ ਦੀ **ਗਿਣਤੀ ਸਮੁੰਦਰ ਦੀ ਰੇਤ ਜਿੰਨੀ ਹੈ।**

**ਆਇਤ 9.** ਜਦ ਇਸ ਹਵਾਲੇ ਦਾ ਸਮਾਪਨ ਹੋਣ ਵਾਲਾ ਹੈ ਤਾਂ ਪਾਠਕ ਨੂੰ ਸੰਭਵ ਤੌਰ 'ਤੇ ਸਭ ਤੋਂ ਵੱਡੀ ਸੈਨਾ ਦੀ ਕਲਪਨਾ ਕਰਨ ਲਈ ਆਖਿਆ ਗਿਆ ਹੈ। ਇਹ ਵਿਸ਼ਾਲ ਸੈਨਾ **ਧਰਤੀ ਉੱਤੇ ਚੜ੍ਹ ਪਈ** ਹੈ। ਇਹ ਵੇਰਵਾ ਕਿਸੇ ਭੌਤਿਕ ਇਲਾਕੇ ਦਾ ਨਹੀਂ ਹੈ ਸਗੋਂ ਪ੍ਰਤੀਕਾਤਮਕ ਭਾਸ਼ਾ ਦਾ ਹਿੱਸਾ ਹੈ (16:16 ਦੀਆਂ ਟਿੱਪਣੀਆਂ ਵੇਖੋ)।

ਇਸ ਸੈਨਾ ਨੇ **ਸੰਤਾਂ ਦੇ ਡੇਰੇ ਅਤੇ ਪਿਆਰੀ ਨਗਰੀ ਨੂੰ ਘੇਰਾ ਪਾ ਲਿਆ**। ਇਹ **ਡੇਰਾ** ਅਤੇ **ਨਗਰੀ** ਲੋਕਾਂ ਦੇ ਦੋ ਵੱਖਰੇ ਸਮੂਹਾਂ ਨੂੰ ਨਹੀਂ ਦਰਸਾਉਂਦੇ, ਸਗੋਂ ਇੱਕੋ ਨੂੰ ਦਰਸਾਉਂਦੇ ਹਨ: ਪਰਮੇਸ਼ੁਰ ਦੇ ਲੋਕ। ਹੇਲੀ ਨੇ ਲਿਖਿਆ ਕਿ "ਇਹ ਦੋਵੇਂ ਸ਼ਬਦ ਇੱਕੋ ਸਮੂਹ, ਪ੍ਰਭੂ ਦੀ ਕਲੀਸਿਆ

ਦੇ ਦੋ ਵੱਖਰੇ ਪਹਿਲੂਆਂ ਨੂੰ ਦਰਸਾਉਂਦੇ ਹਨ।"[31] ਸਵੀਟ ਨੇ ਆਖਿਆ, "'ਸੰਤਾਂ ਦਾ ਡੇਰਾ' ਅਤੇ 'ਪਿਆਰੀ ਨਗਰੀ' ਇੱਕੋ ਦੇਹੀ, ਵਿਸ਼ਵਪੱਧਰੀ ਕਲੀਸਿਆ ਦੇ ਦੋ ਪਹਿਲੂ ਹਨ . . . ।"[32] ਅਧਿਆਇ 12 ਨੇ ਦੱਸਿਆ ਸੀ ਕਿ "ਅਜਗਰ ਨੂੰ . . . ਕ੍ਰੋਧ ਆਇਆ ਅਤੇ ਉਹ . . . ਜਿਹੜੇ ਪਰਮੇਸ਼ਰ ਦੀਆਂ ਆਗਿਆਂ ਦੀ ਪਾਲਨਾ ਕਰਦੇ ਅਤੇ ਯਿਸੂ ਦੀ ਸਾਖੀ ਭਰਦੇ ਹਨ ਓਹਨਾਂ ਨਾਲ ਜੁੱਧ ਕਰਨ ਨੂੰ ਚੱਲਿਆ ਗਿਆ" (12:17)। ਅੰਤ ਵਿੱਚ ਸ਼ਤਾਨ ਦੇ ਵੈਰ ਅਤੇ ਪਰਮੇਸ਼ੁਰ ਦੇ ਪ੍ਰੇਮ ਦਾ ਕੇਂਦਰ ਯਿਸੂ ਦੇ ਪੈਰੋਕਾਰ ਹਨ।

ਡੇਰਾ ਨਗਰੀ ਨਾਲੋਂ ਭਿੰਨ ਹੁੰਦਾ ਹੈ, ਪਰ ਇਹ ਦੋਵੇਂ ਸ਼ਬਦ ਕਲੀਸਿਆ ਬਾਰੇ ਕੁਝ ਦੱਸਦੇ ਹਨ। "ਡੇਰਾ" ਸ਼ਬਦ *ਜ਼ਿੰਮੇਵਾਰੀ* ਬਾਰੇ ਗੱਲ ਕਰਦਾ ਹੈ: ਇਹ ਉਹ ਸ਼ਬਦ ਹੈ ਜਿਹੜਾ ਪੁਰਾਣੇ ਨੇਮ ਵਿੱਚ ਇਸਰਾਏਲੀਆਂ ਦੇ ਭਟਕਣ ਨਾਲ ਸੰਬੰਧਤ ਹੈ (ਵੇਖੋ ਇਬਰਾਨੀਆਂ 13:11, 13)। ਇਹ ਮਸੀਹੀਆਂ ਨੂੰ ਚੇਤੇ ਕਰਾਉਂਦਾ ਹੈ ਕਿ ਉਹ ਇੱਕ ਪਰਦੇਸ ਵਿੱਚ ਮੁਸਾਫਰ ਹਨ (ਇਬਰਾਨੀਆਂ 11:13)। ਕਿਉਂਜੋ ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਡੇਰਾ" ਕੀਤਾ ਗਿਆ ਹੈ ਉਸ ਦੀ ਵਰਤੋਂ ਨਵੇਂ ਨੇਮ ਵਿੱਚ ਕਿਤੇ-ਕਿਤੇ ਫੌਜੀ ਛਾਉਣੀ ਦਾ ਹਵਾਲਾ ਦੇਣ ਲਈ ਕੀਤੀ ਗਈ ਹੈ, ਇਸ ਕਰਕੇ ਇਹ ਸ਼ਬਦ ਉਸ ਆਤਮਕ ਯੁੱਧ ਦਾ ਹਵਾਲਾ ਵੀ ਦੇ ਸਕਦਾ ਹੈ ਜਿਹੜਾ ਮਸੀਹੀਆਂ ਨੇ ਲੜਨਾ ਹੈ (ਅਫ਼ਸੀਆਂ 6:10-18)। "ਨਗਰੀ" ਸ਼ਬਦ *ਪ੍ਰਤੀਫਲ* ਨੂੰ ਦਰਸਾਉਂਦਾ ਹੈ: ਯਹੂਦੀਆਂ ਲਈ, "ਪਿਆਰੀ ਨਗਰੀ" ਭੌਤਿਕ ਯਰੂਸ਼ਲਮ ਸੀ; ਪਰ ਮਸੀਹੀ ਲੋਕ ਤਾਂ "ਸੀਯੋਨ ਦੇ ਪਹਾੜ ਕੋਲ ਅਤੇ ਜੀਉਂਦੇ ਪਰਮੇਸ਼ੁਰ ਦੀ ਨਗਰੀ *ਸੁਰਗੀ ਯਰੂਸ਼ਲਮ* ਕੋਲ" ਆਏ ਹਨ (ਇਬਰਾਨੀਆਂ 12:22; ਜ਼ੋਰ ਦਿੱਤਾ ਗਿਆ ਹੈ; ਵੇਖੋ ਗਲਾਤੀਆਂ 4:26)। ਇਹ ਉਹ ਥਾਂ ਹੈ ਜਿੱਥੇ ਮਸੀਹੀ ਲੋਕਾਂ ਦੀ ਪ੍ਰਭੂ ਦੇ ਨਾਲ ਸੰਗਤੀ ਹੁੰਦੀ ਹੈ। "ਸੁਰਗੀ ਯਰੂਸ਼ਲਮ" ਬਾਰੇ ਅਧਿਆਇ 21 ਅਤੇ 22 ਵਿੱਚ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

ਪਾਠਕ ਇੱਕ ਡੇਰੇ/ਨਗਰੀ ਦੀ ਕਲਪਨਾ ਕਰ ਸਕਦਾ ਹੈ ਜਿਸ ਨੂੰ ਸ਼ਤਾਨ ਦੀ ਵਿਸ਼ਾਲ ਸੈਨਾ ਨੇ ਘੇਰਾ ਪਾਇਆ ਹੋਇਆ ਹੈ। ਸੰਸਾਰਕ ਦ੍ਰਿਸ਼ਟੀਕੋਣ ਤੋਂ ਪਰਮੇਸ਼ੁਰ ਦੇ ਲੋਕਾਂ ਵਿਰੁੱਧ ਆਈਆਂ ਔਖਿਆਈਆਂ ਦੁਰਗਮ ਪ੍ਰਤੀਤ ਹੋ ਰਹੀਆਂ ਸਨ। ਅੱਗੇ ਜੋ ਹੋਣ ਵਾਲਾ ਹੈ ਉਸ ਦੀ ਅਸੀਂ ਤਦ ਤੱਕ ਸ਼ਲਾਘਾ ਨਹੀਂ ਕਰ ਸਕਾਂਗੇ ਜਦ ਤੱਕ ਅਸੀਂ ਉਸ ਹਾਲਾਤ ਦੀ ਲਾਚਾਰੀ ਨੂੰ ਨਹੀਂ ਸਮਝਦੇ। ਸ਼ਤਾਨ ਨੇ ਆਪਣਾ *ਆਖਰੀ* ਅਤੇ ਸਭ ਤੋਂ ਭਿਆਣਕ ਹਮਲਾ ਕੀਤਾ ਸੀ।

ਜਦ ਸ਼ਤਾਨ ਦੀ ਸੈਨਾ ਆਖਰੀ ਘਾਤਕ ਹਮਲਾ ਕਰਨ ਲਈ ਤਿਆਰ ਸੀ, ਤਾਂ ਕੀ ਹੋਇਆ? **ਅਕਾਸ਼ ਉੱਤੋਂ ਅੱਗ ਉਤਰੀ ਅਤੇ ਓਹਨਾਂ ਨੂੰ ਚੱਟ ਕਰ ਗਈ!** ਕੁਝ ਪੁਰਾਤਨ ਹਸਤਲਿਖਤਾਂ ਵਿੱਚ "ਅਕਾਸ਼ ਉੱਤੋਂ, *ਪਰਮੇਸ਼ੁਰ ਕੋਲੋਂ* ਅੱਗ" ਲਿਖਿਆ ਹੈ। ਜਦਕਿ ਇਹ ਸ਼ਾਇਦ ਅਸਲ ਲਿਖਤ ਨਹੀਂ ਹੈ, ਪਰ ਫਿਰ ਵੀ ਸਹੀ ਵਿਚਾਰ ਨੂੰ ਪੇਸ਼ ਕਰਦੀ ਹੈ। ਪਰਮੇਸ਼ੁਰ ਨੇ ਸਦੂਮ ਅਰ ਅਮੂਰਾਹ ਉੱਤੇ ਅੱਗ ਉਲੱਦੀ ਸੀ (ਉਤਪਤ 19:24), ਉਸ ਨੇ ਨਾਦਾਬ ਅਤੇ ਅਬੀਹੂ ਨੂੰ ਸਜ਼ਾ ਦੇਣ ਲਈ ਅੱਗ ਦੀ ਵਰਤੋਂ ਕੀਤੀ ਸੀ (ਲੇਵੀਆਂ 10:1, 2), ਅਤੇ ਹਿਜ਼ਕੀਏਲ ਦੇ ਮਗੋਗ ਉੱਤੇ ਵੀ ਅੱਗ ਉਲੱਦਣ ਦੀ ਪ੍ਰਤਿੱਗਿਆ ਕੀਤੀ ਸੀ (ਹਿਜ਼ਕੀਏਲ 39:6)। ਉਵੇਂ ਹੀ, ਮਿੱਥੇ ਹੋਏ ਸਮੇਂ 'ਤੇ ਪ੍ਰਭੂ "ਭੜਕਦੀ ਅੱਗ ਵਿੱਚ ਬਦਲਾ" ਦੇਣ ਲਈ ਆਵੇਗਾ (2 ਥੱਸਲੁਨੀਕੀਆਂ 1:7, 8)।

ਧਿਆਨ ਦਵੋ ਕਿ ਜਿਵੇਂ ਕਿ ਇਸ "ਯੁੱਧ" ਦੇ ਹਰੇਕ ਵੇਰਵੇ ਵਿੱਚ ਹੋਇਆ ਹੈ, ਅਸਲ ਵਿੱਚ ਕੋਈ ਲੜਾਈ ਹੋਈ ਹੀ ਨਹੀਂ। ਕੌਫਮੈਨ ਨੇ ਟਿੱਪਣੀ ਕੀਤੀ, "ਇਹ ਅਸਲ ਵਿੱਚ 'ਯੁੱਧ' ਨਹੀਂ ਸੀ। ਪਰਮੇਸ਼ੁਰ ਨੇ ਬੋਲਿਆ ਅਤੇ ਇਹ ਪੂਰਾ ਹੋ ਗਿਆ। ਪਰਮੇਸ਼ੁਰ ਨੇ ਅੱਗ ਦੇ ਇੱਕੋ ਸਾਹ ਨਾਲ ਬੁਰਿਆਈ ਦਾ ਹਿਸਾਬ ਪੂਰਾ ਕਰ ਦਿੱਤਾ।"[33] "ਪਰਮੇਸ਼ੁਰ ਦੀ ਸ਼ਕਤੀ ਐਨੀ ਭਾਰੀ [ਹੈ] ਕਿ ਜਦ ਉਹ ਬੁਰਿਆਈ ਦਾ ਖਾਤਮਾ ਕਰਨਾ ਚਾਹੁੰਦਾ ਹੈ ਤਾਂ ਯੁੱਧ ਦੀ ਝਲਕ ਦੀ ਵੀ ਲੋੜ ਨਹੀਂ

ਪੈਂਦੀ।"[34]

ਆਇਤ 10. ਸ਼ਤਾਨ ਦੇ ਨਾਲ ਕੀ ਹੋਇਆ? ਅਤੇ ਸ਼ਤਾਨ ਜਿਹ ਨੇ ਓਹਨਾਂ ਨੂੰ ਭਰਮਾਇਆ ਸੀ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਉਹ ਦਰਿੰਦਾ ਅਤੇ ਝੂਠਾ ਨਬੀ ਹੈ ਅਤੇ ਰਾਤ ਦਿਨ ਓਹ ਜੁੱਗੋ ਜੁੱਗ ਕਸ਼ਟ ਭੋਗਣਗੇ (ਵੇਖੋ 19:20)।

ਪਰਕਾਸ਼ ਦੀ ਪੋਥੀ ਦੇ ਰੂਪਕ ਵਿੱਚ ਅਜਗਰ ਨੂੰ ਪਹਿਲਾਂ "ਧਰਤੀ ਉੱਤੇ ਸੁੱਟਿਆ ਗਿਆ" (12:9), ਫਿਰ "ਅਥਾਹ ਕੁੰਡ ਵਿੱਚ ਸੁੱਟ ਦਿੱਤਾ" ਗਿਆ (20:3)। ਅਖੀਰ ਵਿੱਚ, ਆਇਤ 10 ਵਿੱਚ ਉਸ ਨੂੰ **ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ**। ਯੂਨਾਨੀ ਕਿਰਿਆ βάλλω (*ਬਾਲੋ*), ਜਿਸ ਦਾ ਅਰਥ "ਸੁੱਟਣਾ" ਹੈ, ਇਨ੍ਹਾਂ ਵਿੱਚੋਂ ਹਰੇਕ ਥਾਂ 'ਤੇ ਇਸਤੇਮਾਲ ਕੀਤੀ ਗਈ ਹੈ। ਹਾਂ, ਇਹ ਸੱਚ ਹੈ ਕਿ ਇਹ ਭਾਸ਼ਾ ਪ੍ਰਤੀਕਾਤਮਕ ਹੈ, ਪਰ ਇਸ ਦਾ ਕ੍ਰਮ ਬੜਾ ਦਿਲਚਸਪ ਹੈ। "ਇਸ ਤਰ੍ਹਾਂ ਉਸ ਹੰਕਾਰੀ ਆਤਮਾ ਦੇ ਇਤਹਾਸ ਦਾ ਅੰਤ ਹੁੰਦਾ ਹੈ ਜਿਸ ਨੇ ਐਨੇ ਲੰਮੇਂ ਸਮੇਂ ਤੋਂ ਮਨੁੱਖਜਾਤੀ ਨੂੰ ਭਰਮਾਇਆ ਅਤੇ ਡਰਾਇਆ ਹੋਇਆ ਸੀ"[35] – ਉਹ "ਜਿਸ ਦੀ ਤਸਵੀਰ ਦਾ ਪਰਛਾਵਾਂ ਮਨੁੱਖਜਾਤੀ ਦੇ ਇਤਹਾਸ ਦੀ ਲੰਮੀ ਅਤੇ ਦੁਖਦਾਈ ਵਾਦੀ ਵਿੱਚ ਪਿਆ ਹੋਇਆ ਸੀ।"[36]

ਆਇਤ 10 ਨੂੰ ਛੱਡਣ ਤੋਂ ਪਹਿਲਾਂ ਚਾਰ ਟਿੱਪਣੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ:

1. ਇਸ ਵੇਲੇ ਸ਼ਤਾਨ ਨਰਕ ਵਿੱਚ ਨਹੀਂ ਹੈ। ਉਸ ਨੂੰ ਅੰਤ ਵਿੱਚ ਹੀ ਨਰਕ ਵਿੱਚ ਸੁੱਟਿਆ ਜਾਵੇਗਾ। ਉਸ ਦੇ ਸਾਥੀ, ਜਿਵੇਂ ਕਿ ਰੋਮ, ਇਤਹਾਸ ਵਿੱਚੋਂ ਮਿਟਾਏ ਜਾ ਰਹੇ ਹਨ, ਪਰ ਸ਼ਤਾਨ ਆਪ ਉਸ ਵੇਲੇ ਮੌਜੂਦ ਹੋਵੇਗਾ ਜਦ ਪ੍ਰਭੂ ਦੀ ਵਾਪਸੀ ਹੋਵੇਗੀ।

2. ਸ਼ਤਾਨ ਨੂੰ ਨਰਕ ਵਿੱਚ *ਸਜ਼ਾ* ਦੇਣ ਲਈ ਸੁੱਟਿਆ ਜਾਵੇਗਾ। ਇੱਕ ਆਮ ਧਾਰਣਾ ਇਹ ਹੈ ਕਿ ਨਰਕ ਦਾ ਮੁੱਖ ਅਧਿਕਾਰੀ ਸ਼ਤਾਨ ਹੈ ਅਤੇ ਉਹ ਉਨ੍ਹਾਂ ਲੋਕਾਂ ਨੂੰ ਸਤਾਉਣ ਦਾ ਮਜ਼ਾ ਲੈਂਦਾ ਹੈ ਜਿਹੜੇ ਉੱਥੇ ਪੁੱਜਦੇ ਹਨ। ਜੌਨ ਮਿਲਟਨ ਨੇ ਆਪਣੀ ਪੁਸਤਕ *ਪੈਰਾਡਾਈਜ਼ ਲੌਸਟ* ਵਿੱਚ ਸ਼ਤਾਨ ਨੂੰ ਇਹ ਆਖਦਿਆਂ ਦਰਸਾਇਆ ਹੈ, "ਸੁਰਗ ਵਿੱਚ ਸੇਵਾ ਕਰਨ ਨਾਲੋਂ ਨਰਕ ਵਿੱਚ ਰਾਜ ਕਰਨਾ ਬਿਹਤਰ ਹੈ।"[37] ਭਾਵੇਂ ਕਿ ਮਿਲਟਨ ਇੱਕ ਵਧੀਆ ਕਵੀ ਰਿਹਾ ਹੋਵੇਗਾ, ਪਰ ਉਹ ਇੱਕ ਬਹੁਤ ਮਾੜਾ ਧਰਮ ਸ਼ਾਸਤਰੀ ਸੀ। ਸ਼ਤਾਨ ਨੂੰ ਨਰਕ ਵਿੱਚ ਰਾਜ ਕਰਨ ਲਈ ਨਹੀਂ ਸਗੋਂ ਸਜ਼ਾ ਭੁਗਤਣ ਲਈ ਘੱਲਿਆ ਜਾਵੇਗਾ। ਉਹ ਸਤਾਏਗਾ ਨਹੀਂ, ਸਗੋਂ ਸਤਾਇਆ ਜਾਵੇਗਾ।

3. ਨਰਕ ਬਹੁਤ ਭਿਆਣਕ ਹੋਵੇਗਾ। ਇਸ ਹਵਾਲੇ ਵਿੱਚ ਰੂਪਕ **ਅੱਗ ਅਤੇ ਗੰਧਕ ਦੀ ਝੀਲ** ਹੈ (19:20 ਦੀਆਂ ਟਿੱਪਣੀਆਂ ਵੇਖੋ)। ਹੋਰ ਥਾਂਵਾਂ 'ਤੇ ਇਸ ਨੂੰ "ਬਾਹਰ ਦੇ ਅੰਧਘੋਰ," ਆਖਿਆ ਗਿਆ ਹੈ ਜਿੱਥੇ "ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ" (ਮੱਤੀ 22:13)। ਇਹ ਅਜਿਹਾ ਥਾਂ ਹੈ "ਜਿੱਥੇ ਉਨ੍ਹਾਂ ਦਾ ਕੀੜਾ ਨਹੀਂ ਮਰਦਾ ਅਤੇ ਅੱਗ ਨਹੀਂ ਬੁਝਦੀ" (ਮਰਕੁਸ 9:48)। ਜਿਵੇਂ ਕਿ ਐੱਚ. ਐੱਲ. ਏਲੀਸਨ ਨੇ ਆਖਿਆ, ਕਿ ਇਸ ਦਾ ਵੇਰਵਾ ਦੇਣ ਲਈ ਪ੍ਰਤੀਕਾਤਮਕ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ "ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਇਸ ਦੇ ਅਰਥ ਨੂੰ ਖਤਮ ਕਰ ਦੇਈਏ। ਪ੍ਰਤੀਕਵਾਦ ਹਮੇਸ਼ਾ ਪੂਰੀ ਸੱਚਾਈ ਨਾਲੋਂ *ਘੱਟ* ਹੀ ਬਿਆਨ ਕਰਦਾ ਹੈ।"[38] ਜਦ ਅਸੀਂ ਪਵਿੱਤਰ ਸ਼ਾਸਤਰ ਵਿੱਚ ਦਿੱਤੇ ਗਏ ਭਿਆਣਕ ਵੇਰਵੇ ਨੂੰ ਪੜ੍ਹਦੇ ਹਾਂ ਤਾਂ ਇਹ ਸੋਚ ਕੇ ਸਾਡੀ ਕੰਬਣੀ ਛਿੜ ਜਾਂਦੀ ਹੈ ਕਿ ਨਰਕ ਕਿੰਨਾ ਭਿਆਣਕ ਹੋਵੇਗਾ।

4. ਨਰਕ ਸਦਾਕਾਲ ਲਈ ਹੋਵੇਗਾ। ਕੁਝ ਲੋਕ ਨਰਕ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਉੱਥੇ ਸਭਕੁਝ ਖਤਮ ਹੋ ਜਾਵੇਗਾ, ਪਰ ਇਹ ਹਵਾਲਾ ਆਖਦਾ ਹੈ ਕਿ ਸ਼ਤਾਨ ਅਤੇ ਉਸ ਦੇ ਸਾਬਕਾ ਸਾਥੀ **ਰਾਤ ਦਿਨ ਜੁੱਗੋ ਜੁੱਗ ਕਸ਼ਟ ਭੋਗਣਗੇ**।[39] ਲਿਓਨ ਮੌਰਿਸ ਨੇ ਆਖਿਆ, "ਉੱਥੇ ਨਾ ਤਾਂ ਕੋਈ ਛੁੱਟੀ ਮਿਲੇਗੀ ਅਤੇ ਨਾ ਹੀ ਕਦੇ ਅੰਤ ਆਵੇਗਾ।"[40] ਇਸ ਕਮੈਂਟ੍ਰੀ ਵਿੱਚ ਕਿਤੇ-ਕਿਤੇ

ਸ਼ਤਾਨ ਦੀ ਨਿਯਤੀ ਦੇ ਸੰਬੰਧ ਵਿੱਚ “ਨਾਸ” ਜਾਂ “ਵਿਨਾਸ” ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਸਾਨੂੰ ਉਮੀਦ ਹੈ ਕਿ ਕੋਈ ਪਾਠਕ ਇਨ੍ਹਾਂ ਸ਼ਬਦਾਂ ਦਾ ਅਰਥ ਇਹ ਨਾ ਸਮਝ ਲਵੇ ਕਿ ਸ਼ਤਾਨ ਦਾ ਵਜੂਦ ਸਮਾਪਤ ਹੋ ਜਾਵੇਗਾ। ਕੋਈ ਮਨੁੱਖ ਕਿਸੇ ਦੂਜੇ ਨੂੰ ਇਹ ਆਖ ਸਕਦਾ ਹੈ, “ਮੈਂ ਤੈਨੂੰ ਖਤਮ ਕਰਨ ਜਾ ਰਿਹਾ ਹਾਂ!” ਪਰ ਇਸ ਕਥਨ ਦਾ ਆਮਤੌਰ ’ਤੇ ਇਹ ਅਰਥ ਨਹੀਂ ਹੁੰਦਾ ਕਿ ਇਹ ਉਸ ਦਾ ਵਜੂਦ ਖਤਮ ਕਰ ਦੇਵੇਗਾ। ਸਗੋਂ ਇਹ ਉਸ ਦੇ ਕੰਮ ਜਾਂ ਜੀਵਨ ਦੇ ਕਿਸੇ ਪਹਿਲੂ ਨੂੰ ਖਤਮ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸੇ ਤਰ੍ਹਾਂ, ਆਖਿਰਕਾਰ ਸ਼ਤਾਨ ਦੇ ਕੰਮਾਂ ਦਾ ਅੰਤ ਹੋ ਜਾਵੇਗਾ। ਉਸ ਦਾ ਪ੍ਰਭਾਵ ਖਤਮ ਹੋ ਜਾਵੇਗਾ, ਪਰ ਉਸ ਦਾ ਆਪ ਦਾ ਵਜੂਦ ਜਾਰੀ ਰਹੇਗਾ – ਉਹ ਨਰਕ ਵਿੱਚ ਜੀਉਂਦਾ ਰਹੇਗਾ।

ਸ਼ਤਾਨ ਦੇ ਅੰਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ: ਉਸ ਦੇ ਕੰਮਾਂ ਦਾ ਅੰਤ, ਉਸ ਦੇ ਪ੍ਰਭਾਵ ਦਾ ਅੰਤ, ਉਸ ਦੇ ਪ੍ਰਲੋਭਣਾਂ ਦਾ ਅੰਤ, ਅਤੇ ਮਨੁੱਖਜਾਤੀ ਉੱਤੇ ਉਸ ਦੇ ਅੱਤਿਆਚਾਰ ਦਾ ਅੰਤ। “ਅਲਵਿਦਾ ਸ਼ਤਾਨ, ਹੁਣ ਸਾਨੂੰ ਤੈਥੋਂ ਹਮੇਸ਼ਾ ਲਈ ਛੁਟਕਾਰਾ ਮਿਲਿਆ!” ਪੈਕ ਨੇ ਆਇਤਾਂ 1 ਤੋਂ ਲੈ ਕੇ 10 ਦੇ ਸੁਨੇਹੇ ਦਾ ਸਾਰ ਇਨ੍ਹਾਂ ਸ਼ਬਦਾਂ ਵਿੱਚ ਪੇਸ਼ ਕੀਤਾ:

> . . . ਮਹਾਨ ਕੇਂਦਰੀ ਸੱਚਾਈ ਨੂੰ ਇਸ ਤੱਥ ਵਿੱਚ ਪੇਸ਼ ਕੀਤਾ ਗਿਆ ਹੈ ਕਿ ਜਿਹੜੇ ਲੋਕ ਪ੍ਰਭੂ ਦੇ ਪ੍ਰਤੀ ਵਫਾਦਾਰ ਹਨ ਉਹ ਆਪਣੀ ਮੌਤ ਤੋਂ ਬਾਅਦ ਉਸ ਦੀ ਮਹਿਮਾ ਵਿੱਚ ਭਾਗੀਦਾਰ ਹੁੰਦੇ ਹਨ, ਅਤੇ ਸ਼ਤਾਨ ਅਤੇ ਉਸ ਦੇ ਸਾਰੇ ਸਾਥੀਆਂ ਦੀ ਹਾਰ ਪੂਰੀ ਤਰ੍ਹਾਂ ਪੱਕੀ ਹੈ। ਇਸ ਵੱਡੀ ਪ੍ਰਤਿੱਗਿਆ ਨੂੰ ਆਪਣਾ ਬਣਾਉਂਦਿਆਂ ਅਸੀਂ ਆਸ ਵਿੱਚ ਅਤੇ ਪ੍ਰਭੂ ਵੱਲੋਂ ਮਿਲੀ ਜਿੱਤ ਵਿੱਚ ਜੀ ਸਕਦੇ ਹਾਂ।[41]

## ਮੁਰਦਿਆਂ ਦਾ ਨਿਆਉਂ (20:11-15)

**11ਫੇਰ ਮੈਂ ਇੱਕ ਵੱਡਾ ਅਤੇ ਚਿੱਟਾ ਸਿੰਘਾਸਣ ਅਤੇ ਉਹ ਨੂੰ ਜਿਹੜਾ ਓਸ ਉੱਤੇ ਬਿਰਾਜਮਾਨ ਸੀ ਵੇਖਿਆ ਜਿਹ ਦੇ ਸਾਹਮਣਿਓਂ ਧਰਤੀ ਅਤੇ ਅਕਾਸ਼ ਨੱਸ ਗਏ ਅਤੇ ਓਹਨਾਂ ਦੇ ਲਈ ਕੋਈ ਥਾਂ ਨਾ ਮਿਲਿਆ। 12ਅਤੇ ਮੈਂ ਮੁਰਦਿਆਂ ਨੂੰ ਕੀ ਵੱਡੇ ਕੀ ਛੋਟੇ ਸਿੰਘਾਸਣ ਦੇ ਅੱਗੇ ਖਲੋਤਿਆਂ ਵੇਖਿਆ, ਅਤੇ ਪੋਥੀਆਂ ਖੋਲ੍ਹੀਆਂ ਗਈਆਂ ਅਤੇ ਇੱਕ ਹੋਰ ਪੋਥੀ ਜਿਹੜੀ ਜੀਵਨ ਦੀ ਪੋਥੀ ਹੈ ਖੋਲ੍ਹੀ ਗਈ ਅਤੇ ਮੁਰਦਿਆਂ ਦਾ ਨਿਆਉਂ ਪੋਥੀਆਂ ਵਿੱਚ ਲਿਖੀਆਂ ਹੋਈਆਂ ਗੱਲਾਂ ਤੋਂ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ। 13ਅਤੇ ਸਮੁੰਦਰ ਨੇ ਓਹ ਮੁਰਦੇ ਜਿਹੜੇ ਉਹ ਦੇ ਵਿੱਚ ਸਨ ਮੋੜ ਦਿੱਤੇ, ਅਤੇ ਕਾਲ ਅਤੇ ਪਤਾਲ ਨੇ ਓਹ ਮੁਰਦੇ ਜਿਹੜੇ ਓਹਨਾਂ ਵਿੱਚ ਸਨ ਮੋੜ ਦਿੱਤੇ, ਅਤੇ ਹਰੇਕ ਦਾ ਨਿਆਉਂ ਉਹ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ। 14ਤਾਂ ਕਾਲ ਅਤੇ ਪਤਾਲ ਅੱਗ ਦੀ ਝੀਲ ਵਿੱਚ ਸੁੱਟੇ ਗਏ। ਇਹ ਦੂਈ ਮੌਤ ਹੈ ਅਰਥਾਤ ਅੱਗ ਦੀ ਝੀਲ। 15ਅਤੇ ਜੇ ਕੋਈ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।**

ਡੈਨੀਏਲ ਵੈਬਸਟਰ ਨਾਂ ਦੇ ਮਹਾਨ ਸਿਆਸਤਦਾਨ ਨੂੰ ਇੱਕ ਵਾਰ ਸਭ ਤੋਂ ਮਹੱਤਵਪੂਰਣ ਵਿਚਾਰ ਸਾਂਝਾ ਕਰਨ ਦੇ ਲਈ ਕਿਹਾ ਗਿਆ। ਉਸ ਨੇ ਉੱਤਰ ਦਿੱਤਾ, “ਸਭ ਤੋਂ ਮਹੱਤਵਪੂਰਣ ਵਿਚਾਰ ਜੋ ਮੇਰੇ ਮਨ ਵਿੱਚ ਸੀ ਉਹ ਸੀ ਪਰਮੇਸ਼ੁਰ ਦੇ ਪ੍ਰਤੀ ਮੇਰੀ ਵਿਅਕਤੀਗਤ ਜ਼ਿੰਮੇਵਾਰੀ।”[42] ਸੁਲੇਮਾਨ ਨੇ ਲਿਖਿਆ, “ਹੇ ਜੁਆਨ, ਤੂੰ ਆਪਣੀ ਜੁਆਨੀ ਵਿੱਚ ਮੌਜ ਕਰ। . . . ਅਤੇ ਆਪਣੇ ਮਨ ਦਿਆਂ ਰਾਹਾਂ ਵਿੱਚ ਅਤੇ ਆਪਣੀਆਂ ਅੱਖੀਆਂ ਦੇ ਵੇਖਣ ਅਨੁਸਾਰ ਤੁਰ, ਪਰ ਤੂੰ ਜਾਣ ਲੈ ਜੋ ਏਹਨਾਂ ਸਾਰੀਆਂ ਗੱਲਾਂ ਦੇ ਲਈ ਪਰਮੇਸ਼ੁਰ ਤੇਰਾ ਨਿਆਉਂ ਕਰੇਗਾ” (ਉਪਦੇਸ਼ਕ ਦੀ ਪੋਥੀ

11:9)। ਪੌਲੁਸ ਨੇ ਮਾਰਸ ਪਹਾੜੀ ਤੇ ਫਿਲਾਸਫ਼ਰਾਂ ਨੂੰ ਕਿਹਾ ਸੀ ਕਿ "ਪਰਮੇਸ਼ੁਰ . . . ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੋਬਾ ਕਰਨ ਕਿਉਂ ਜੋ ਉਸ ਨੇ ਇੱਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿੱਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ . . ." (ਰਸੂਲਾਂ ਦੇ ਕਰਤੱਬ 17:30, 31)। ਕੁਰਿੰਥੁਸ ਵਿੱਚ ਉਸ ਨੇ ਮਸੀਹੀ ਲੋਕਾਂ ਨੂੰ ਲਿਖਿਆ, "ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ . . ." (2 ਕੁਰਿੰਥੀਆਂ 5:10)। ਇਬਰਾਨੀਆਂ ਦੇ ਲੇਖਕ ਨੇ ਕਿਹਾ ਸੀ ਕਿ "ਅਤੇ ਜਿਵੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ" (ਇਬਰਾਨੀਆਂ 9:27)।

ਵਚਨ ਵਿੱਚ ਨਿਆਉਂ ਦੇ ਅਨੇਕ ਵਰਣਨ ਆਉਂਦੇ ਹਨ, ਜਿਵੇਂ ਕਿ ਮੱਤੀ 25:31-46 ਵਿੱਚ ਇੱਕ ਵਰਣਨ ਹੈ। ਪਰਕਾਸ਼ ਦੀ ਪੋਥੀ 20 ਵਿੱਚ ਨਿਆਉਂ ਦੇ ਦਿਨ ਦਾ "ਇੱਕ ਤਿੱਖੀ ਅਰਥ ਵਿਵਸਥਾ ਨਾਲ ਵਰਣਨ ਕੀਤਾ ਗਿਆ ਹੈ।"[43] ਜਿਵੇਂ ਟੀ. ਐਫ. ਗਲਾਸੋਨ ਨੇ ਕਿਹਾ ਹੈ, "ਇਹ ਇਸ ਦੀ ਸੰਖੇਪਤਾ ਦੇ ਬਾਵਜੂਦ ਆਖ਼ਰੀ ਨਿਆਉਂ ਬਾਰੇ ਹੁਣ ਤੱਕ ਦੇ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਵਰਣਨਾਂ ਵਿੱਚੋਂ ਇੱਕ ਹੈ।"[44]

ਸ਼ਾਇਦ ਸਭ ਤੋਂ ਪਹਿਲਾਂ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਪਰਕਾਸ਼ ਦੀ ਪੋਥੀ 20:11-15 ਅੰਤ ਦੇ ਦਿਨ ਦੇ ਨਿਆਉਂ ਦੀ ਗੱਲ ਕਰ ਰਹੀ *ਹੈ*। ਕੁਝ ਲੋਕ ਸੋਚਦੇ ਹਨ ਕਿ ਇਹ ਸਿਰਫ ਦੁਨਿਆਵੀ ਨਿਆਉਂ ਦਾ ਇੱਕ ਹੋਰ ਪ੍ਰਤੀਕਾਤਮਕ ਵਰਣਨ ਹੈ ਜੋ ਰੋਮ ਤੇ ਪਿਆ ਸੀ, ਪਰ ਜ਼ਿਆਦਾਤਰ ਲੇਖਕਾਂ ਦਾ ਮੰਨਣਾ ਹੈ ਕਿ ਇੱਥੇ ਆਖ਼ਰੀ ਨਿਆਉਂ ਨਜ਼ਰ ਆਉਂਦਾ ਹੈ। ਹੇਠ ਲਿਖੀਆਂ ਗੱਲਾਂ ਤੇ ਵਿਚਾਰ ਕਰੋ:

1. ਨਿਆਉਂ ਦਾ ਇੱਕ ਦ੍ਰਿਸ਼ ਇੱਕ ਤੱਤ ਤੋਂ ਪਹਿਲਾਂ ਆਉਂਦਾ ਹੈ ਜਿਸ ਤੋਂ ਪਹਿਲਾਂ ਪਰਕਾਸ਼ ਦੀ ਪੋਥੀ ਵਿੱਚ ਨਿਆਉਂ ਦਾ ਹੋਰ ਕੋਈ ਪ੍ਰਤੀਕ ਨਹੀਂ ਆਉਂਦਾ: ਸ਼ਤਾਨ ਨੂੰ ਕੱਢ ਦੇਣਾ (20:10)। ਸ਼ਤਾਨ ਨੂੰ ਇਸ ਵਰਤਮਾਨ ਯੁੱਗ ਦੇ ਅੰਤ ਤੱਕ ਨਰਕ ਵਿੱਚ ਨਹੀਂ ਸੁੱਟਿਆ ਜਾਵੇਗਾ।

2. ਇਸ ਹਵਾਲੇ ਵਿੱਚ ਨਿਆਉਂ ਦੇ ਅੰਤ ਦੇ ਦਿਨ ਬਾਰੇ ਮੂਲ ਤੱਕ ਸ਼ਾਮਲ ਹਨ: ਮੁਰਦੇ ਜਿਵਾਲੇ ਗਏ ਹਨ; ਹਰ ਕੋਈ ਨਿਆਉਂ ਦੇ ਲਈ ਪ੍ਰਭੂ ਦੇ ਸਾਹਮਣੇ ਖੜ੍ਹਾ ਹੁੰਦਾ ਹੈ। ਬੁਰੇ ਲੋਕ ਨਰਕ ਵਿੱਚ ਜਾਂਦੇ ਹਨ, ਜਦ ਕਿ ਧਰਮੀ ਲੋਕ ਸੁਰਗ ਵਿੱਚ (ਮੱਤੀ 25:34, 41, 46)। ਇੱਥੇ ਨਿਆਉਂ ਦਾ ਦ੍ਰਿਸ਼ ਨਵੇਂ ਨੇਮ ਵਿੱਚ ਪਾਏ ਜਾਣ ਵਾਲੇ ਵੱਡੇ ਦਿਨ ਬਾਰੇ ਹੋਰ ਹਰੇਕ ਗੱਲ ਨਾਲ ਪੂਰੀ ਤਰ੍ਹਾਂ ਇਕਸਾਰ ਹੈ।

3. ਇਸ ਨਿਆਉਂ ਦੇ ਦ੍ਰਿਸ਼ ਵਿੱਚ ਇੱਕ ਹੋਰ ਤੱਤ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਹੜਾ ਕਿ ਪਰਕਾਸ਼ ਦੀ ਪੋਥੀ ਵਿੱਚ ਹੋਰ ਕਿਸੇ ਨਿਆਉਂ ਦੇ ਦ੍ਰਿਸ਼ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ: ਮੌਤ ਨੂੰ ਖਤਮ ਕਰਨਾ (20:14)। ਮੌਤ ਨੂੰ ਮਸੀਹ ਦੇ ਵਰਤਮਾਨ ਰਾਜ ਦੇ ਅੰਤ ਤੱਕ ਖਤਮ ਨਹੀਂ ਕੀਤਾ ਜਾਵੇਗਾ (1 ਕੁਰਿੰਥੀਆਂ 15:25, 26)।

4. ਪਰਕਾਸ਼ ਦੀ ਪੋਥੀ ਇੱਕ ਅੰਤ ਦੇ ਲਈ ਤਿਆਰੀ ਕਰ ਰਹੀ ਹੈ। ਜੇਕਰ 20 ਤੋਂ 22 ਅਧਿਆਇ "ਇੱਕੋ ਜਿਹੇ ਹਨ," ਤਾਂ ਇਹ ਪੁਸਤਕ ਦੁਖਾਂਤ ਨਾਲ ਖਤਮ ਹੁੰਦੀ ਹੈ। ਵੈਸਟ ਨੇ ਲਿਖਿਆ, "ਪਰਕਾਸ਼ ਦੀ ਪੋਥੀ ਦਾ ਅੰਤ 20 ਅਧਿਆਇ ਦੇ ਆਖ਼ਰੀ ਭਾਗ ਅਤੇ 21ਵੇਂ ਅਤੇ 22ਵੇਂ ਪੂਰੇ ਅਧਿਆਵਾਂ ਵਿੱਚ ਹੈ। ਉਹ ਸਮੁੱਚੇ ਸਾਰ ਨੂੰ ਪੇਸ਼ ਕਰਦੇ ਹਨ। ਉਨ੍ਹਾਂ ਤੋਂ ਬਿਨਾਂ ਪੁਸਤਕ ਅਧੂਰੀ ਹੈ।"[45] ਇਨ੍ਹਾਂ ਕਾਰਣਾਂ ਕਰਕੇ, ਸੰਭਵ ਤੌਰ ਤੇ 20:11-15 ਆਇਤਾਂ ਨਿਆਉਂ ਦੇ ਅੰਤ ਦੇ ਦਿਨ ਬਾਰੇ ਗੱਲ ਕਰ ਰਹੀਆਂ ਹਨ।

ਇਹ ਜ਼ੋਰ ਦੇਣਾ ਜ਼ਰੂਰੀ ਹੈ ਕਿ ਬਾਈਬਲ ਸਿਰਫ *ਇੱਕੋ* ਵੱਡੇ ਨਿਆਉਂ ਦੇ ਦਿਨ ਬਾਰੇ ਗੱਲ

ਕਰਦੀ ਹੈ। ਪਹਿਲਾਂ ਵੀ ਇਹ ਜ਼ਿਕਰ ਕੀਤਾ ਗਿਆ ਸੀ ਕਿ ਹਜ਼ਾਰ ਵਰ੍ਹੇ ਦੇ ਰਾਜ ਵਿੱਚ ਵਿਸ਼ਵਾਸ ਕਰਨ ਵਾਲੇ ਜ਼ਿਆਦਾਤਰ ਲੋਕ ਕਈ ਤਰ੍ਹਾਂ ਦੇ ਜੀ ਉੱਠਣ ਬਾਰੇ ਸਿੱਖਿਆ ਦਿੰਦੇ ਹਨ। ਜ਼ਿਆਦਾਤਰ ਕਈ ਤਰ੍ਹਾਂ ਦੇ ਨਿਆਂ ਦੇ ਦਿਨਾਂ ਬਾਰੇ ਵੀ ਸਿੱਖਿਆ ਦਿੰਦੇ ਹਨ। ਯੁੱਗਾਂ ਵਿੱਚ ਵਿਸ਼ਵਾਸ ਕਰਨ ਵਾਲੇ ਜ਼ਿਆਦਾਤਰ ਲੋਕ ਚਾਰ ਜਾਂ ਇਸ ਤੋਂ ਵੱਧ ਨਿਆਵਾਂ ਬਾਰੇ ਸਿੱਖਿਆ ਦਿੰਦੇ ਹਨ।[46] ਫਿਰ ਵੀ, ਬਾਈਬਲ ਸਿਰਫ ਇੱਕੋ ਦੀ ਸਿੱਖਿਆ ਦਿੰਦੀ ਹੈ। ਯਿਸੂ ਨੇ ਅਕਸਰ "ਅੰਤ ਦੇ ਦਿਨ" (ਯੂਹੰਨਾ 6:39, 40, 44, 45; ਜ਼ੋਰ ਦਿੱਤਾ ਗਿਆ ਹੈ) ਦੀ ਗੱਲ ਕੀਤੀ ਸੀ: ਧਰਮੀ "*ਅੰਤ* ਦੇ ਦਿਨ" ਜੀ ਉੱਠਣਗੇ (ਯੂਹੰਨਾ 11:24) ਅਤੇ ਦੁਸ਼ਟ ਦਾ "ਅੰਤ ਦੇ ਦਿਨ" ਨਿਆਉਂ ਕੀਤਾ ਜਾਵੇਗਾ (ਯੂਹੰਨਾ 12:48)। "ਅੰਤ ਦਾ ਦਿਨ" ਸਿਰਫ *ਇੱਕੋ* ਹੋ ਸਕਦਾ ਹੈ – ਉਹ ਦਿਨ ਜਦੋਂ ਮੁਰਦੇ ਜ਼ਿੰਦਾ ਹੋ ਜਾਣਗੇ, ਜਦੋਂ ਹਰੇਕ ਦਾ ਨਿਆਉਂ ਹੋਵੇਗਾ।

ਪਰਕਾਸ਼ ਦੀ ਪੋਥੀ 20 ਦੇ ਪਹਿਲੇ ਭਾਗ ਵਿੱਚ, ਅਸੀਂ ਸ਼ਤਾਨ ਦੇ ਭਵਿੱਖ ਦਾ ਵਰਣਨ ਵੇਖਿਆ ਸੀ। ਅੱਗੇ ਚੱਲ ਕੇ, 21 ਅਤੇ 22 ਅਧਿਆਵਾਂ ਵਿੱਚ, ਉਨ੍ਹਾਂ ਦੇ ਭਵਿੱਖ ਨੂੰ ਵੇਖਾਂਗੇ ਜਿਹੜੇ ਪਰਮੇਸ਼ੁਰ ਦੇ ਪਿੱਛੇ ਚੱਲਦੇ ਹਨ। ਅਧਿਆਇ 20 ਦਾ ਅੰਤਲਾ ਭਾਗ 20:1-10 ਅਤੇ ਪਰਕਾਸ਼ ਦੀ ਪੋਥੀ ਦੇ ਆਖ਼ਰੀ ਦੋ ਅਧਿਆਵਾਂ ਵਿਚਕਾਰ ਇੱਕ ਪੁਲ ਹੈ: ਇਹ ਉਨ੍ਹਾਂ ਦੇ ਭਵਿੱਖ ਨੂੰ ਪਰਗਟ ਕਰਦਾ ਹੈ ਜਿਹੜੇ ਸ਼ਤਾਨ ਦੇ ਪਿੱਛੇ ਚੱਲਣ ਦੀ ਜਿੱਦ ਕਰਦੇ ਹਨ।

**ਆਇਤ 11.** ਜਦੋਂ ਯੂਹੰਨਾ ਨੇ ਉਸ ਦਿਨ ਦਾ ਵਰਣਨ ਕਰਨਾ ਸ਼ੁਰੂ ਕੀਤਾ, ਉਸ ਨੇ ਕਿਹਾ, **ਫੇਰ ਮੈਂ ਇੱਕ ਵੱਡਾ ਅਤੇ ਚਿੱਟਾ ਸਿੰਘਾਸਣ ਅਤੇ ਉਹ ਨੂੰ ਜਿਹੜਾ ਓਸ ਉੱਤੇ ਬਿਰਾਜਮਾਨ ਸੀ ਵੇਖਿਆ**। ਇਹ **ਸਿੰਘਾਸਣ** ਪਹਿਲਾਂ 4 ਅਧਿਆਇ ਵਿੱਚ ਵੇਖਿਆ ਗਿਆ ਸੀ: ਕਾਇਨਾਤ ਦੇ ਅੱਧ ਵਿਚਾਲੇ ਸਿੰਘਾਸਣ। ਇੱਥੇ ਇਸ ਦਾ ਵਰਣਨ **ਚਿੱਟੇ** ਸਿੰਘਾਸਣ ਦੇ ਰੂਪ ਵਿੱਚ ਕੀਤਾ ਗਿਆ ਹੈ ਕਿਉਂਕਿ ਉਹ ਜਿਹੜਾ ਇਸ ਸਿੰਘਾਸਣ ਉੱਤੇ ਬਿਰਾਜਮਾਨ ਹੈ ਪਵਿੱਤਰ ਹੈ। ਇਸ ਨੂੰ ਇਸ ਲਈ ਵੱਡਾ ਕਿਹਾ ਗਿਆ ਹੈ ਕਿਉਂਕਿ ਇਹ ਸਿੰਘਾਸਣ ਬਾਕੀ ਸਾਰੇ ਸਿੰਘਾਸਣਾਂ ਤੋਂ ਉੱਪਰ ਹੈ।

ਉਹ **ਕੌਣ ਹੈ** ਜਿਹੜਾ ਓਸ **ਉੱਤੇ ਬਿਰਾਜਮਾਨ ਸੀ**? ਸਿੰਘਾਸਣ ਨੂੰ "ਪਰਮੇਸ਼ੁਰ ਦੇ ਨਿਆਉਂ ਦਾ ਸਿੰਘਾਸਣ" ਕਿਹਾ ਗਿਆ ਹੈ (ਰੋਮੀਆਂ 14:10) ਅਤੇ ਇਸ ਨੂੰ "ਮਸੀਹ ਦੇ ਨਿਆਉਂ ਦਾ ਸਿੰਘਾਸਣ" ਕਿਹਾ ਗਿਆ ਹੈ (2 ਕੁਰਿੰਥੀਆਂ 5:10)। ਪਿਤਾ ਅਤੇ ਪੁੱਤਰ ਦੋਹਾਂ ਨੂੰ ਸਿੰਘਾਸਣ ਉੱਤੇ ਬਿਰਾਜਮਾਨ ਹੁੰਦਿਆਂ ਵਿਖਾਇਆ ਗਿਆ ਹੈ (ਵੇਖੋ ਮੱਤੀ 19:28; ਲੂਕਾ 1:32; ਰਸੂਲਾਂ ਦੇ ਕਰਤੱਬ 2:30; ਇਬਰਾਨੀਆਂ 1:8; 12:2; ਪਰਕਾਸ਼ ਦੀ ਪੋਥੀ 3:21; 12:5) ਅਤੇ ਦੋਵੇਂ ਨਿਆਉਂ ਵਿੱਚ ਸ਼ਾਮਲ ਹਨ। ਪੌਲੁਸ ਨੇ ਕਿਹਾ ਹੈ ਕਿ ਪਰਮੇਸ਼ੁਰ ਨੇ "ਇੱਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿੱਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ ਓਸ ਮਨੁੱਖ ਦੇ *ਰਾਹੀਂ* ਜਿਸ ਨੂੰ ਉਸ ਨੇ ਠਹਿਰਾਇਆ ਅਤੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ" (ਰਸੂਲਾਂ ਦੇ ਕਰਤੱਬ 17:31; ਜ਼ੋਰ ਦਿੱਤਾ ਗਿਆ ਹੈ)। ਫੇਰ, ਪੌਲੁਸ ਨੇ ਲਿਖਿਆ, "ਪਰਮੇਸ਼ੁਰ . . . ਯਿਸੂ ਮਸੀਹ ਦੇ *ਰਾਹੀਂ* ਮਨੁੱਖਾਂ ਦੀਆਂ ਗੁਪਤ ਗੱਲਾਂ ਦਾ ਨਿਆਉਂ ਕਰੇਗਾ" (ਰੋਮੀਆਂ 2:16; ਜ਼ੋਰ ਦਿੱਤਾ ਗਿਆ ਹੈ; ਵੇਖੋ ਮੱਤੀ 25:31; ਯੂਹੰਨਾ 5:22, 23; 2 ਤਿਮੋਥਿਉਸ 4:1; ਪਰਕਾਸ਼ ਦੀ ਪੋਥੀ 19:11)। ਪਰਕਾਸ਼ ਦੀ ਪੋਥੀ 2:7, 10 ਕਹਿੰਦੀ ਹੈ ਕਿ *ਯਿਸੂ* ਧਰਮੀ ਨੂੰ ਜੀਵਨ ਦਾ ਮੁਕਟ ਅਤੇ ਜੀਵਨ ਦੇ ਬਿਰਛ ਤੋਂ ਖਾਣ ਦਾ ਹੱਕ ਦੇਵੇਗਾ। ਯਿਸੂ ਦੇ ਨਿਆਈ ਹੋਣ ਦੇ ਵਿਚਾਰ ਪ੍ਰਤੀ ਮੁਢਲਾ ਇਤਰਾਜ ਇਹ ਹੈ ਕਿ ਪਰਕਾਸ਼ ਦੀ ਪੋਥੀ ਵਿੱਚ ਹੁਣ ਤੱਕ, ਪਰਮੇਸ਼ੁਰ ਪਿਤਾ ਨੂੰ ਸਿੰਘਾਸਣ ਉੱਤੇ ਬਿਰਾਜਾਮਾਨ ਹੁੰਦਾ ਵਿਖਾਇਆ ਗਿਆ ਸੀ। ਨਿਆਉਂ ਦੇ ਸਿੰਘਾਸਣ ਉੱਤੇ ਪਿਤਾ ਬਿਰਾਜਮਾਨ ਹੈ ਜਾਂ ਪੁੱਤਰ ਬਿਰਾਜਮਾਨ ਹੈ ਇਹ ਗੱਲ ਕੋਈ ਜ਼ਿਆਦਾ ਮਾਇਨੇ ਨਹੀਂ ਰੱਖਦੀ; ਕਿਉਂਕਿ ਜਿਹੜਾ ਕੰਮ ਇੱਕ ਜਣਾ ਕਰਦਾ ਹੈ, ਦੂਜੇ ਨੂੰ ਉਹ ਕਰਨ ਲਈ

ਕਿਹਾ ਜਾ ਸਕਦਾ ਹੈ। ਦੋਵੇਂ ਇੱਕ ਹਨ (ਯੂਹੰਨਾ 10:30; 14:10)। ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਇੱਕ ਵਿਅਕਤੀ ਹਨ, ਪਰ ਇਹ ਕਿ ਉਹ "ਪਰਮੇਸ਼ੁਰਤਾਈ, ਉਦੇਸ਼ ਅਤੇ ਕੰਮ ਵਿੱਚ ਇੱਕ ਹਨ।"[47]

ਉਸ ਦੇ ਸੰਬੰਧ ਵਿੱਚ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਯੂਹੰਨਾ ਨੇ ਕਿਹਾ, **ਜਿਹ** [ਉਹ] **ਦੇ ਸਾਹਮਣਿਓਂ ਧਰਤੀ ਅਤੇ ਅਕਾਸ਼ ਨੱਸ ਗਏ ਅਤੇ ਓਹਨਾਂ ਦੇ ਲਈ ਕੋਈ ਥਾਂ ਨਾ ਮਿਲਿਆ।** ਇਹ ਕਥਨ ਕਾਇਨਾਤ ਦੇ ਅੰਤ ਦਾ ਹਵਾਲਾ ਦੇ ਸਕਦਾ ਹੈ ਜਿਵੇਂ ਕਿ ਅਸੀਂ ਇਸ ਨੂੰ ਜਾਣਦੇ ਹਾਂ। ਯਿਸੂ ਨੇ ਕਿਹਾ ਸੀ ਕਿ "ਅਕਾਸ਼ ਅਤੇ ਧਰਤੀ ਟਲ ਜਾਣਗੇ" (ਮੱਤੀ 5:18)। ਪਤਰਸ ਨੇ ਲਿਖਿਆ, "ਪਰੰਤੂ ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਣਗੀਆਂ" (2 ਪਤਰਸ 3:10; ਵੇਖੋ ਜ਼ਬੂਰ 102:25, 26; ਯਸਾਯਾਹ 40:8; 51:6; ਇਬਰਾਨੀਆਂ 1:10, 11; 12:27)। ਜਿਵੇਂ ਕਿ ਅਗਲੇ ਅਧਿਆਇ ਵਿੱਚ ਵੇਖਿਆ ਜਾਵੇਗਾ, "ਪਹਿਲੇ" ਅਕਾਸ਼ ਅਤੇ ਧਰਤੀ ਦਾ ਹਟਾਇਆ ਜਾਣਾ "ਨਵੇਂ" ਅਕਾਸ਼ ਅਤੇ ਧਰਤੀ ਨੂੰ ਸੰਭਵ ਬਣਾਵੇਗਾ (21:1)।

ਫਿਰ ਵੀ, ਸੰਦਰਭ ਵਿੱਚ ਜ਼ੋਰ ਉਨਾ ਜ਼ਿਆਦਾ ਕਾਇਨਾਤ ਦੇ ਗੁਜਰ ਜਾਣ ਤੇ ਨਹੀਂ ਦਿੱਤਾ ਗਿਆ ਹੈ ਜਿੰਨਾ ਕਿ ਇਹ ਪ੍ਰਭੂ ਦੀ ਮਹਿਮਾ ਤੇ ਦਿੱਤਾ ਗਿਆ ਹੈ। "ਉਹ ਜਿਹੜਾ ਸਿੰਘਾਸਣ ਤੇ ਬਿਰਾਜਮਾਨ ਹੈ ਇੰਨਾ ਜ਼ਿਆਦਾ ਪਰਕਾਸ਼ਮਾਨ ਅਤੇ ਭਸਮ ਕਰਨਾ ਵਾਲਾ ਹੈ ਕਿ ਧਰਤੀ ਅਤੇ ਅਕਾਸ਼ ਇਸ ਤਰ੍ਹਾਂ ਗਾਇਬ ਹੋ ਜਾਂਦੇ ਹਨ ਜਿਵੇਂ ਸੂਰਜ ਦੀ ਰੌਸ਼ਨੀ ਵਿੱਚ ਤ੍ਰੇਲ ਗਾਇਬ ਹੋ ਜਾਂਦੀ ਹੈ।"[48]

**ਆਇਤ 12.** ਯੂਹੰਨਾ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, **ਅਤੇ ਮੈਂ ਮੁਰਦਿਆਂ ਨੂੰ ਕੀ ਵੱਡੇ ਕੀ ਛੋਟੇ ਸਿੰਘਾਸਣ ਦੇ ਅੱਗੇ ਖਲੋਤਿਆਂ ਵੇਖਿਆ।** ਸਗੋਂ ਨਿਆਉਂ ਵਿੱਚ ਵੀ, "ਪਰਮੇਸ਼ੁਰ ਦੇ ਹਜ਼ੂਰ ਵਿੱਚ ਕਿਸੇ ਦਾ ਪੱਖਪਾਤ ਨਹੀਂ ਹੋਵੇਗਾ" (ਰੋਮੀਆਂ 2:11; ਵੇਖੋ ਰਸੂਲਾਂ ਦੇ ਕਰਤੱਬ 10:34)। "ਵੱਡੇ" ਅਤੇ "ਛੋਟੇ" ਸਭਨਾਂ ਨੂੰ ਨਿਆਉਂ ਦੇ ਲਈ ਬੁਲਾਇਆ ਗਿਆ। "ਉੱਥੇ ਕੋਈ ਗੈਰ-ਹਾਜ਼ਰ ਅਤੇ ਕੋਈ ਛੋਟਾਂ ਨਹੀਂ ਹਨ।"[49]

ਯੂਹੰਨਾ ਦੇ ਦਰਸ਼ਣ ਵਿੱਚ, ਜਦੋਂ ਉਹ ਵੱਡੀ ਭੀੜ ਸਿੰਘਾਸਣ ਦੇ ਸਾਹਮਣੇ ਖਲੋਤੀ, ਪੋਥੀਆਂ ਖੋਲ੍ਹੀਆਂ ਗਈਆਂ ਅਤੇ ਇੱਕ ਹੋਰ ਪੋਥੀ ਜਿਹੜੀ ਜੀਵਨ ਦੀ ਪੋਥੀ ਹੈ ਖੋਲ੍ਹੀ ਗਈ ਅਤੇ ਮੁਰਿਦਆਂ ਦਾ ਨਿਆਉਂ ਪੋਥੀਆਂ ਵਿੱਚ ਲਿਖੀਆਂ ਹੋਈਆਂ ਗੱਲਾਂ ਤੋਂ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ। ਇਸ ਕਥਨ ਦੀ ਤੁਲਨਾ ਦਾਨੀਏਲ 7:10 ਨਾਲ ਕਰੋ ਜਿੱਥੇ ਪੋਥੀਆਂ ਵਿੱਚ ਪਰਤੱਖ ਰੂਪ ਵਿੱਚ ਦਰਿੰਦੇ ਬਾਰੇ ਘਾਤਕ ਜਾਣਕਾਰੀ ਸੀ।

ਲਿਖਤ ਉਨ੍ਹਾਂ **ਪੋਥੀਆਂ** ਬਾਰੇ ਜੋ ਖੋਲ੍ਹੀਆਂ ਗਈਆਂ ਸਨ ਵਿਸਤਰਤ ਵੇਰਵਾ ਨਹੀਂ ਦਿੰਦੀ, ਪਰ ਅਸੀਂ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਉਨ੍ਹਾਂ ਵਿੱਚ ਪ੍ਰਮੁੱਖ ਹੋਵੇਗਾ। ਯਿਸੂ ਨੇ ਕਿਹਾ ਸੀ "ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹ ਨੂੰ ਇੱਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਬਚਨ ਮੈਂ ਕਿਹਾ ਓਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ" (ਯੂਹੰਨਾ 12:48)। ਲੋਕਾਂ ਦਾ ਨਿਆਉਂ ਮਨੁੱਖਾਂ ਦੀਆਂ ਲਿਖਤਾਂ ਦੁਆਰਾ ਨਹੀਂ, ਪਰ ਬਾਈਬਲ ਦੁਆਰਾ ਕੀਤਾ ਜਾਵੇਗਾ।

ਇੱਕ ਆਖ਼ਰੀ ਪੋਥੀ ਖੋਲ੍ਹੀ ਗਈ ਸੀ ਜਿਹੜੀ **ਜੀਵਨ ਦੀ ਪੋਥੀ** ਹੈ। ਇਸ ਵਾਕ ਦੀ ਤੁਲਨਾ ਦਾਨੀਏਲ 12:1 ਨਾਲ ਕਰੋ, ਜਿਹੜੀ ਉਨ੍ਹਾਂ ਦੇ ਉੱਲੇਖ ਦੀ ਗੱਲ ਕਰਦੀ ਹੈ ਜਿਨ੍ਹਾਂ ਨੂੰ ਛੁਡਾਇਆ ਗਿਆ ਸੀ। ਜੀਵਨ ਦੀ ਪੋਥੀ ਦਾ ਪੂਰੀ ਪਰਕਾਸ਼ ਦੀ ਪੋਥੀ ਵਿੱਚ ਜ਼ਿਕਰ ਕੀਤਾ ਗਿਆ ਹੈ (3:5;

13:8; 17:8; 21:27)। (KJV ਬਾਈਬਲ ਵਿੱਚ ਵੀ 22:19 ਵਿੱਚ "ਜੀਵਨ ਦੀ ਪੋਥੀ" ਵਾਕ ਹੈ, ਪਰ ਜ਼ਿਆਦਾਤਰ ਹੱਥਲਿਖਤਾਂ ਵਿੱਚ ਉਸ ਥਾਂ ਤੇ "ਜੀਵਨ ਦਾ ਬਿਰਛ" ਹੈ।) ਜੀਵਨ ਦੀ ਪੋਥੀ ਪਰਮੇਸ਼ੁਰ ਦੇ ਵਫ਼ਾਦਾਰ ਲੋਕਾਂ ਦਾ ਉੱਲੇਖ ਕਰਦੀ ਹੈ (3:5 ਤੇ ਟਿੱਪਣੀਆਂ ਵੇਖੋ)। "ਪ੍ਰਾਚੀਨ ਸੰਸਾਰ ਵਿੱਚ ਹਾਕਮ ਉਨ੍ਹਾਂ ਦੇ ਲੋਕਾਂ ਦੇ ਲਈ ਰਜਿਸਟਰ ਰੱਖਦੇ ਸਨ ਜਿਹੜੇ ਉਨ੍ਹਾਂ ਦੇ ਇਲਾਕਿਆਂ ਦੇ ਨਾਗਰਿਕ ਹੁੰਦੇ ਸਨ; ਸਿਰਫ ਉਦੋਂ ਹੀ ਜਦੋਂ ਕੋਈ ਮਨੁੱਖ ਮਰ ਜਾਂਦਾ ਸੀ ਜਾਂ ਇੱਕ ਨਾਗਰਿਕ ਦੇ ਤੌਰ ਤੇ ਆਪਣੇ ਹੱਕਾਂ ਨੂੰ ਗੁਆ ਦਿੰਦਾ ਸੀ, ਤਾਂ ਉਸ ਦਾ ਨਾਮ ਉਸ ਰਜਿਸਟਰ ਵਿੱਚੋਂ ਹਟਾ ਦਿੱਤਾ ਜਾਂਦਾ ਸੀ। ਜੀਵਨ ਦੀ ਪੋਥੀ ਉਨ੍ਹਾਂ ਲੋਕਾਂ ਦਾ ਰਜਿਸਟਰ ਹੈ ਜਿਹੜੇ ਪਰਮੇਸ਼ੁਰ ਦੇ ਹਨ।"[50] ਇਸੇ ਗੱਲ ਨੂੰ ਜੇਕਰ ਹੋਰ ਤਰੀਕੇ ਨਾਲ ਕਹੀਏ ਤਾਂ ਇਸ ਪੋਥੀ ਵਿੱਚ ਉਨ੍ਹਾਂ ਲੋਕਾਂ ਦੇ ਨਾਮ ਦਰਜ ਸਨ ਜਿਨ੍ਹਾਂ ਦੇ ਪਾਪ ਯਿਸੂ ਦੇ ਲਹੂ ਨਾਲ ਢੱਕੇ ਜਾ ਚੁੱਕੇ ਹਨ।

ਸਪੱਸ਼ਟ ਤੌਰ ਤੇ, ਕੁਝ ਪੋਥੀਆਂ ਵਿੱਚ ਲੋਕਾਂ ਦੇ ਜੀਵਨਾਂ – ਉਨ੍ਹਾਂ ਦੇ ਵਿਚਾਰਾਂ, ਉਨ੍ਹਾਂ ਦੀਆਂ ਗੱਲਾਂ ਅਤੇ ਉਨ੍ਹਾਂ ਦੇ ਕੰਮਾਂ – ਦਾ ਉੱਲੇਖ ਸੀ ਕਿਉਂਕਿ ਪਾਠਕ ਨੂੰ ਦੋ ਵਾਰ ਦੱਸਿਆ ਗਿਆ ਹੈ ਕਿ ਮੁਰਦਿਆਂ ਦਾ ਨਿਆਉਂ **ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ** ਕੀਤਾ ਜਾਵੇਗਾ।

ਬਹੁਤ ਸਾਰੇ ਲੋਕ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਲੋਕਾਂ ਦਾ ਨਿਆਉਂ ਕੀਤੇ ਜਾਣ ਦੇ ਵਿਚਾਰ ਦਾ ਵਿਰੋਧ ਕਰਦੇ ਹਨ, ਪਰ ਇਹ ਸਿਧਾਂਤ ਪੂਰੀ ਬਾਈਬਲ ਵਿੱਚ ਸਿਖਾਇਆ ਗਿਆ ਹੈ। ਬੁੱਧਵਾਨ ਮਨੁੱਖ ਨੇ ਕਿਹਾ, "ਪਰਮੇਸ਼ੁਰ ਤਾਂ ਇੱਕ ਇੱਕ ਕੰਮ ਦਾ ਅਤੇ ਇੱਕ ਇੱਕ ਗੁੱਝੀ ਗੱਲ ਦਾ ਨਿਆਉਂ ਕਰੇਗਾ ਭਾਵੇਂ ਚੰਗੀ ਹੋਵੇ ਭਾਵੇਂ ਮਾੜੀ" (ਉਪਦੇਸ਼ਕ ਦੀ ਪੋਥੀ 12:14)। ਪੌਲੁਸ ਨੇ ਲਿਖਿਆ ਕਿ ਨਿਆਉਂ ਦੇ ਦਿਨ, ਪਰਮੇਸ਼ੁਰ "ਹਰੇਕ ਨੂੰ ਉਹ ਦੀਆਂ ਕਰਨੀਆਂ ਦੇ ਅਨੁਸਾਰ ਫਲ ਦੇਵੇਗਾ" (ਰੋਮੀਆਂ 2:6)। ਯਿਸੂ ਨੇ ਕਿਹਾ ਸੀ ਕਿ ਜਦੋਂ ਉਹ ਆਪਣੇ ਦੂਤਾਂ ਸਣੇ ਆਪਣੇ ਤੇਜ ਨਾਲ ਆਵੇਗਾ ਤਾਂ ਉਹ "ਹਰੇਕ ਨੂੰ ਉਹ ਦੀ ਕਰਨੀ ਮੂਜਬ ਫਲ ਦੇਵੇਗਾ" (ਮੱਤੀ 16:27)। ਉਸ ਨੇ ਥੂਆਤੀਰੇ ਦੇ ਮਸੀਹੀ ਲੋਕਾਂ ਨੂੰ ਆਖਿਆ, "ਮੈਂ ਤੁਹਾਡੇ ਵਿੱਚੋਂ ਹਰੇਕ ਨੂੰ ਤੁਹਾਡੀਆਂ ਕਰਨੀਆਂ ਦੇ ਅਨੁਸਾਰ ਫਲ ਦਿਆਂਗਾ" (ਪਰਕਾਸ਼ ਦੀ ਪੋਥੀ 2:23; ਵੇਖੋ ਯਿਰਮਿਯਾਹ 17:10; ਮੱਤੀ 25:34-36; 2 ਕੁਰਿੰਥੀਆਂ 5:10; 11:15; 2 ਤਿਮੋਥਿਉਸ 4:14)।

ਕੋਈ ਵਿਰੋਧ ਕਰ ਸਕਦਾ ਹੈ, "ਪਰ ਸਾਡੇ ਵਿੱਚੋਂ ਕੋਈ ਵੀ ਬਚਾਏ ਜਾਣ ਨਾਲ ਇੰਨੇ ਸ਼ੁਭ ਕਰਮ ਨਹੀਂ ਕਰ ਸਕਦਾ।" ਇਹ ਸੱਚ ਹੈ (ਅਫ਼ਸੀਆਂ 2:8, 9); ਪਰ, ਜਿਵੇਂ ਰੌਬਰਟ ਮਾਊਂਸ ਨੇ ਜ਼ੋਰ ਦਿੱਤਾ ਸੀ, "ਮੁੱਦਾ ਕਰਨੀਆਂ ਰਾਹੀਂ ਮੁਕਤੀ ਦਾ ਨਹੀਂ ਹੈ ਪਰ ਕਰਨੀਆਂ ਮਨੁੱਖ ਦੇ ਪਰਮੇਸ਼ੁਰ ਨਾਲ ਅਸਲੀ ਰਿਸ਼ਤੇ ਦਾ ਅਟੁੱਟ ਪ੍ਰਮਾਣ ਹੈ।"[51] ਸਾਡੀਆਂ ਕਰਨੀਆਂ ਸਾਡੀ ਨਿਹਚਾ ਨੂੰ ਵਿਖਾਉਂਦੀਆਂ ਹਨ (ਯਾਕੂਬ 2:18), ਸਾਡੇ ਪ੍ਰੇਮ ਨੂੰ ਪਰਗਟ ਕਰਦੀਆਂ ਹਨ (ਯੂਹੰਨਾ 14:15; 1 ਯੂਹੰਨਾ 5:3) ਅਤੇ ਪ੍ਰਭੂ ਪ੍ਰਤੀ ਸਾਡੇ ਜਵਾਬ ਨੂੰ ਪੂਰਾ ਕਰਦੀਆਂ ਹਨ (ਯਾਕੂਬ 2:21, 22; ਅਫ਼ਸੀਆਂ 2:10)।

ਕਲਪਨਾ ਕੀਤੀ ਗਈ ਹੈ ਕਿ "ਲਿਖਣ ਵਾਲੇ ਦੂਤਾਂ" ਨੇ ਉਹ ਸਭ ਕੁਝ ਲਿਖਣਾ ਹੈ ਜੋ ਲੋਕ ਕਹਿੰਦੇ ਜਾਂ ਕਰਦੇ ਹਨ। ਸੰਭਵ ਤੌਰ ਤੇ, ਪੋਥੀਆਂ "ਨਿਆਈਂ ਪਰਮੇਸ਼ੁਰ ਦੀ ਸਰਬਗਿਆਨਤਾ ਨੂੰ ਦਰਸਾਉਂਦੀਆਂ ਹਨ, ਜਿਸ ਦੇ ਲਈ ਕੁਝ ਵੀ ਅਗਿਆਤ ਨਹੀਂ ਹੈ।"[52]

ਆਇਤ 13. ਅਤੇ ਸਮੁੰਦਰ ਨੇ ਓਹ ਮੁਰਦੇ ਜਿਹੜੇ ਉਹ ਦੇ ਵਿੱਚ ਸਨ ਮੋੜ ਦਿੱਤੇ, ਅਤੇ ਕਾਲ ਅਤੇ ਪਤਾਲ ਨੇ ਓਹ ਮੁਰਦੇ ਜਿਹੜੇ ਓਹਨਾਂ ਵਿੱਚ ਸਨ ਮੋੜ ਦਿੱਤੇ, ਅਤੇ ਹਰੇਕ ਦਾ ਨਿਆਉਂ ਉਹ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ। ਪੂਰੀ ਪਰਕਾਸ਼ ਦੀ ਪੋਥੀ ਵਿੱਚ, ਕਾਲ ਅਤੇ ਪਤਾਲ ਨੂੰ ਜੋੜਿਆ ਜਾ ਚੁੱਕਾ ਹੈ। ਅਧਿਆਇ 1 ਵਿੱਚ, ਯਿਸੂ ਨੂੰ ਉਸ ਵਜੋਂ ਵਿਖਾਇਆ ਗਿਆ ਹੈ ਜਿਸ ਦੇ ਕੋਲ "ਮੌਤ ਅਤੇ ਪਤਾਲ ਦੀਆਂ ਕੁੰਜੀਆਂ ਹਨ" (1:18 ਤੇ ਟਿੱਪਣੀਆਂ ਵੇਖੋ)।

ਅਧਿਆਇ 6 ਵਿੱਚ ਚੌਥਾ ਘੁੜਸਵਾਰ "ਮੌਤ" ਸੀ ਅਤੇ ਉਸ ਦੇ ਬਾਅਦ "ਪਤਾਲ" ਸੀ (6:8 ਤੇ ਟਿੱਪਣੀਆਂ ਵੇਖੋ)। "'ਮੌਤ' ਮਨੁੱਖਾਂ ਦਾ ਆਮ ਅੰਤ ਹੈ . . . ਅਤੇ 'ਪਤਾਲ' ਉਨ੍ਹਾਂ ਦੀ ਆਮ ਮੰਜਿਲ ਹੈ . . . ।"[53] ਦੁਨੀਆ ਦੇ ਇਤਿਹਾਸ ਵਿੱਚ, ਮੌਤ ਨੇ ਮਨੁੱਖਾਂ ਦੇ ਸਰੀਰਾਂ ਤੇ ਹੱਕ ਜਤਾਇਆ ਹੈ, ਜਦ ਕਿ ਪਤਾਲ ਨੇ ਉਨ੍ਹਾਂ ਦੀਆਂ ਰੂਹਾਂ ਤੇ। ਉਸ "ਆਖ਼ਰੀ ਵੱਡੇ ਦਿਨ" ਵਿੱਚ ਮੌਤ ਅਤੇ ਪਤਾਲ ਨੂੰ ਸਰੀਰਾਂ ਅਤੇ ਰੂਹਾਂ ਨੂੰ ਅਜ਼ਾਦ ਕਰਨ ਦੇ ਲਈ ਮਜ਼ਬੂਤ ਕੀਤਾ ਜਾਵੇਗਾ ਜਿਨ੍ਹਾਂ ਨੂੰ ਉਨ੍ਹਾਂ ਨੇ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ।

**ਪਤਾਲ ਨੇ ਓਹ ਮੁਰਦੇ ਜਿਹੜੇ ਓਹਨਾਂ ਵਿੱਚ ਸਨ ਮੋੜ ਦਿੱਤੇ** ਸ਼ਬਦ ਉਲਝਣ ਵਿੱਚ ਪਾਉਣ ਵਾਲੇ ਹਨ, ਕਿਉਂਕਿ ਉਨ੍ਹਾਂ ਦੇ ਸਰੀਰ ਅਤੇ ਰੂਹਾਂ ਜਿਹੜੇ ਸਮੁੰਦਰ ਵਿੱਚ ਮਰ ਗਏ ਸਨ ਮੌਤ ਅਤੇ ਪਤਾਲ ਵਿੱਚ ਹਨ, ਉਨ੍ਹਾਂ ਦੇ ਵਾਂਗ ਜਿਹੜੇ ਧਰਤੀ ਉੱਤੇ ਮਰਦੇ ਹਨ। ਬਹੁਤ ਸਾਰੇ ਲੇਖਕ ਸੋਚਦੇ ਹਨ ਕਿ ਇਹ ਰਹੱਸਮਈ ਸ਼ਬਦ ਪੁਰਾਣੇ ਜ਼ਮਾਨੇ ਦੀ ਆਮ ਧਾਰਣਾ ਨੂੰ ਪਰਗਟ ਕਰਦੇ ਹਨ ਜੋ ਇਹ ਸੀ ਕਿ ਉਚਿਤ ਢੰਗ ਨਾਲ ਦਫ਼ਨਾਇਆ ਜਾਣਾ – ਜੋ ਕਿ ਸਮੁੰਦਰ ਵਿੱਚ ਗੁਆਚੇ ਹੋਏ ਲੋਕਾਂ ਨੂੰ ਨਹੀਂ ਸੀ ਮਿਲਿਆ – ਇਸ ਜੀਵਨ ਤੋਂ ਬਾਅਦ ਆਉਣ ਵਾਲਾ ਜੋ ਜੀਵਨ ਹੈ ਉਸ ਦੇ ਲਈ ਬਹੁਤ ਹੀ ਮਹੱਤਵਪੂਰਣ ਸੀ। ਇਸ ਤਰ੍ਹਾਂ 13 ਆਇਤ ਦੇ ਸ਼ਬਦਾਂ ਨੇ ਇਹ ਭਰੋਸਾ ਦਿੱਤਾ ਕਿ ਪਰਮੇਸ਼ੁਰ ਸਾਰੇ ਮੁਰਦਿਆਂ ਨੂੰ ਜਿਵਾਲ ਸਕਦਾ ਅਤੇ ਜਿਵਾਲੇਗਾ, ਭਾਵੇਂ ਉਹ ਜਿੱਥੇ ਕਿਤੇ ਜਾਂ ਜਿਸ ਤਰੀਕੇ ਨਾਲ ਵੀ ਮਰੇ ਹੋਣ। ਕੁਝ ਲੇਖਕ ਇਸ ਆਇਤ ਨੂੰ ਉਨ੍ਹਾਂ ਹਵਾਲਿਆਂ ਨਾਲ ਜੋੜਦੇ ਹਨ ਜੋ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਪਰਮੇਸ਼ੁਰ ਤੋਂ ਨਹੀਂ ਲੁਕਾ ਸਕਦਾ, ਸਗੋਂ "ਸਮੁੰਦਰ ਦੀਆਂ ਗਹਿਰਾਈਆਂ ਵਿੱਚ ਵੀ ਨਹੀਂ।" ਦੂਜੇ ਸ਼ਬਦਾਂ ਵਿੱਚ, ਇਹੋ ਜਿਹਾ ਕੋਈ ਥਾਂ ਨਹੀਂ ਹੈ ਜਿੱਥੇ ਪਾਪੀ ਲੋਕ ਆਪਣੇ ਆਪ ਨੂੰ ਪਰਮੇਸ਼ੁਰ ਦੇ ਨਿਆਉਂ ਤੋਂ ਲੁਕਾ ਸਕਣ। ਇਨ੍ਹਾਂ ਸ਼ਬਦਾਂ ਦਾ ਜੋ ਵੀ ਅਰਥ ਹੈ, ਸੰਦੇਸ਼ ਇਹ ਹੈ ਕਿ *ਕੋਈ ਵੀ ਵਿਅਕਤੀ* ਨਿਆਉਂ ਤੋਂ ਨਹੀਂ ਬਚ ਸਕਦਾ।

ਸਮੁੰਦਰ, ਮੌਤ ਅਤੇ ਪਤਾਲ ਦੇ ਉਨ੍ਹਾਂ ਦੇ ਮੁਰਦਿਆਂ ਨੂੰ ਮੋੜ ਦੇਣ ਦਾ ਹਵਾਲਾ ਮੁਰਦਿਆਂ ਦੇ ਜੀ ਉੱਠਣ ਬਾਰੇ ਗੱਲ ਕਰਨ ਦਾ ਇੱਕ ਪ੍ਰਤੀਕਾਤਮਕ ਤਰੀਕਾ ਹੈ। ਯਿਸੂ ਨੇ ਕਿਹਾ ਹੈ ਕਿ "ਉਹ ਘੜੀ ਆਉਂਦੀ ਹੈ ਜਿਹ ਦੇ ਵਿਚ ਓਹ ਸਭ ਜਿਹੜੇ ਕਬਰਾਂ ਵਿਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਦੀ ਕਿਆਮਤ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਨਿਆਉਂ ਦੀ ਕਿਆਮਤ ਲਈ" (ਯੂਹੰਨਾ 5:28, 29)। ਪੌਲੁਸ ਦੇ ਅਨੁਸਾਰ, "ਭਾਵੇਂ ਧਰਮੀ, ਭਾਵੇਂ ਕੁਧਰਮੀ ਦੋਹਾਂ ਦਾ ਜੀ ਉੱਠਣਾ ਹੋਵੇਗਾ" (ਰਸੂਲਾਂ ਦੇ ਕਰਤੱਬ 24:15)। ਨਵੇਂ ਨੇਮ ਵਿੱਚ, ਜੀ ਉੱਠਣ ਤੇ ਜ਼ਿਆਦਾਤਰ ਹਵਾਲੇ ਧਰਮੀ ਦੇ ਸੰਬੰਧ ਵਿੱਚ ਹਨ। ਆਖ਼ਰਕਾਰ, ਜੀ ਉੱਠਣਾ ਇੱਕ ਸ਼ਾਨਦਾਰ ਉਮੀਦ ਹੈ ਸਿਰਫ ਉਨ੍ਹਾਂ ਦੇ ਲਈ ਜਿਹੜੇ ਮਹਿਮਾ ਅਤੇ ਆਦਰ ਦੇ ਲਈ ਜਿਵਾਲੇ ਜਾਣਗੇ। ਫਿਰ ਵੀ, ਬਹੁਤ ਸਾਰੇ ਹਵਾਲੇ ਅਜਿਹੇ ਹਨ ਜਿਵੇਂ ਕਿ ਇੱਥੇ ਹਵਾਲਾ ਦਿੱਤਾ ਗਿਆ ਹੈ ਜੋ ਮਸੀਹੀ ਲੋਕਾਂ ਨੂੰ ਇਹ ਦੱਸਦੇ ਹਨ ਕਿ ਜੀ ਉੱਠਣਾ ਸਾਰਿਆਂ ਦੇ ਲਈ ਹੋਵੇਗਾ; ਧਰਮੀ ਅਤੇ ਕੁਧਰਮੀ ਦੋਵੇਂ ਜੀ ਉੱਠਣਗੇ। ਜਦੋਂ ਮਸੀਹ ਦੁਬਾਰਾ ਆਵੇਗਾ, "ਮੁਰਦੇ ਜੀ ਉੱਠਣਗੇ," ਜੀਉਂਦੇ ਲੋਕ "ਹੋਰ ਦੇ ਹੋਰ ਹੋ ਜਾਣਗੇ" (1 ਕੁਰਿੰਥੀਆਂ 15:52) ਅਤੇ ਫਿਰ ਹਰੇਕ ਦਾ ਨਿਆਉਂ ਹੋਵੇਗਾ।

ਪੌਲੁਸ ਨੇ ਮਸੀਹੀ ਲੋਕਾਂ ਨੂੰ ਲਿਖਿਆ ਸੀ, "ਕਿਉਂ ਜੋ *ਸਭਨਾਂ* ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ *ਭਾਵੇਂ ਭਲਾ ਭਾਵੇਂ ਬੁਰਾ* ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ" (2 ਕੁਰਿੰਥੀਆਂ 5:10; ਜ਼ੋਰ ਦਿੱਤਾ ਗਿਆ ਹੈ)। ਰੋਮੀਆਂ 2:6-8 ਵਿੱਚ, ਉਹ ਨੇ ਉਸ ਦਾ ਵਰਣਨ ਕੀਤਾ ਜੋ ਪ੍ਰਭੂ ਦੇ

ਧਰਮੀ ਨਿਆਉਂ ਦੇ "ਦਿਨ" ਹੋਵੇਗਾ:

> ਉਹ [ਪਰਮੇਸ਼ੁਰ] ਹਰੇਕ ਨੂੰ ਉਹ ਦੀਆ ਕਰਨੀਆਂ ਦੇ ਅਨੁਸਾਰ ਫਲ ਦੇਵੇਗਾ। ਜਿਹੜੇ *ਸ਼ੁਭ ਕਰਮਾਂ* ਵਿੱਚ ਦ੍ਰਿੜ੍ਹ ਹੋ ਕੇ ਮਹਿਮਾ, ਆਦਰ ਅਤੇ ਅਬਨਾਸ਼ ਨੂੰ ਭਾਲਦੇ ਹਨ ਉਹ ਉਨ੍ਹਾਂ ਨੂੰ *ਸਦੀਪਕ ਜੀਵਨ* ਦੇਵੇਗਾ। ਪਰ ਜਿਹੜੇ ਆਕੀ ਹਨ ਅਰ ਸਤ ਨੂੰ ਨਹੀ ਮੰਨਦੇ ਸਗੋਂ ਕੁਧਰਮ ਨੂੰ ਮੰਨਦੇ ਹਨ ਉਨ੍ਹਾਂ ਉੱਤੇ ਗੁੱਸਾ ਅਤੇ ਕ੍ਰੋਧ ਹੋਵੇਗਾ (ਜ਼ੋਰ ਦਿੱਤਾ ਗਿਆ ਹੈ)।

ਕੁਝ ਲੋਕ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਧਰਮੀ ਨਿਆਉਂ ਦੇ ਦਿਨ ਸਿੰਘਾਸਣ ਦੇ ਸਾਹਮਣੇ ਖੜਾ ਹੋਵੇਗਾ; ਉਹ ਸਮਝਦੇ ਹਨ ਕਿ ਇਹ ਵੱਡੀ ਘਟਨਾ ਸਿਰਫ ਦੁਸ਼ਟ ਦੇ ਲਈ ਹੋਵੇਗੀ। ਇਹ ਲੋਕ ਆਮ ਤੌਰ ਤੇ ਇਹ ਸਿੱਖਿਆ ਦਿੰਦੇ ਹਨ ਕਿ ਧਰਮੀ ਬੰਦਾ ਜਦੋਂ ਮਰ ਜਾਂਦਾ ਹੈ ਤਾਂ ਉਹ ਸਿੱਧਾ ਸੁਰਗ ਵਿੱਚ ਜਾਂਦਾ ਹੈ। ਜਦ ਕਿ ਕੁਝ ਹਵਾਲੇ ਮਸੀਹੀ ਲੋਕਾਂ ਦੇ ਜਦੋਂ ਉਹ ਮਰ ਜਾਣਗੇ "ਪ੍ਰਭੂ ਕੋਲ ਜਾ ਕੇ ਵੱਸਣ" ਦੀ ਗੱਲ ਕਰਦੇ ਹਨ (2 ਕੁਰਿੰਥੀਆਂ 5:8; ਵੇਖੋ ਫ਼ਿਲਿੱਪੀਆਂ 1:23), ਉਨ੍ਹਾਂ ਹਵਾਲਿਆਂ ਦਾ ਉਦੇਸ਼ ਮੁਰਦਿਆਂ ਦੀ ਵਿਚਕਾਰਲੀ ਅਵਸਥਾ ਤੇ ਇੱਕ ਨਿਸ਼ਚਤ ਗੱਲ ਦੱਸਣਾ ਨਹੀਂ ਹੈ, ਪਰ ਇਹ ਜ਼ੋਰ ਦੇਣਾ ਹੈ ਕਿ ਮੌਤ ਵਿਸ਼ਵਾਸੀ ਦੇ ਲਈ ਇੱਕ ਜਿੱਤ ਹੈ। ਜਿਨ੍ਹਾਂ ਲੋਕਾਂ ਦਾ ਇਹ ਮੰਨਣਾ ਹੈ ਕਿ ਧਰਮੀ ਨਿਆਉਂ ਦੇ ਦਿਨ ਉੱਥੇ ਮੌਜੂਦ ਨਹੀਂ ਹੋਣਗੇ ਇਹੋ ਜਿਹੇ ਹਵਾਲਿਆਂ ਦਾ ਵੀ ਹਵਾਲਾ ਦਿੰਦੇ ਹਨ ਜੋ ਕਹਿੰਦੇ ਹਨ ਕਿ ਗੈਰ-ਵਿਸ਼ਵਾਸੀ "ਨਿਆਉਂ ਵਿੱਚ ਨਹੀਂ ਆਉਣਗੇ" (ਯੂਹੰਨਾ 5:24); ਪਰ ਉਹ ਹਵਾਲੇ ਸਜ਼ਾ ਬਾਰੇ ਨਾ ਕਿ ਨਿਆਉਂ ਦੇ ਦਿਨ ਬਾਰੇ ਗੱਲ ਕਰਨ ਦੇ ਲਈ "ਨਿਆਉਂ" ਸ਼ਬਦ ਦੀ ਵਰਤੋਂ ਕਰਦੇ ਹਨ। ਪਤਾਲ, ਜੀ ਉੱਠਣ ਅਤੇ ਨਿਆਉਂ ਤੇ ਬਾਈਬਲ ਦੀ ਆਮ ਸਿੱਖਿਆ ਇਹ ਕਹਿੰਦੀ ਹੈ ਉਹ *ਸਭ* ਜੋ ਮਰ ਗਏ ਹਨ ਮੌਜੂਦਾ ਸਮੇਂ ਵਿੱਚ ਨਿਆਉਂ ਦੀ ਉਡੀਕ ਕਰ ਰਹੇ ਹਨ। ਉਦਾਹਰਣ ਦੇ ਲਈ, ਧਿਆਨ ਦਿਓ ਕਿ "ਪ੍ਰਭੂ ਕੋਲ ਜਾ ਕੇ ਵੱਸਣ" ਦੀ ਗੱਲ ਕਰਨ ਤੋਂ ਤੁਰੰਤ ਬਾਅਦ ਇਹ ਐਲਾਨ ਕੀਤਾ ਗਿਆ ਹੈ ਕਿ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ (2 ਕੁਰਿੰਥੀਆਂ 5:8, 10)। ਦੂਜੇ ਪਾਸੇ, ਬਾਈਬਲ ਇਹ ਸਿੱਖਿਆ ਦਿੰਦੀ ਹੈ ਕਿ ਧਰਮੀ *ਖੁਸ਼* ਹਨ ਜਦੋਂ ਉਹ ਨਿਆਉਂ ਦੀ ਉਡੀਕ ਕਰਦੇ ਹਨ, ਜਦ ਕਿ ਕੁਧਰਮੀ ਬਹੁਤ ਜ਼ਿਆਦਾ ਨਾਖੁਸ਼ ਹਨ (ਲੂਕਾ 16:19-31)। ਧਰਮੀ ਲੋਕ ਜਾਣਦੇ ਹਨ ਕਿ ਉਹ ਯਿਸੂ ਦੇ ਲਹੂ ਦੇ ਦੁਆਰਾ ਬਚਾਏ ਗਏ ਹਨ।

20:11-15 ਵਿੱਚ *ਜ਼ੋਰ* ਗੈਰ-ਵਿਸ਼ਵਾਸੀਆਂ ਦੀ ਤਕਦੀਰ ਤੇ ਹੈ ਅਤੇ ਹਵਾਲੇ ਦਾ ਮੁਢਲਾ ਉਦੇਸ਼ ਉਨ੍ਹਾਂ ਦੀ ਸਦੀਪਕ ਮੰਜਿਲ ਨੂੰ ਵਿਖਾਉਣਾ ਹੈ ਜਿਹੜੇ ਸ਼ਤਾਨ ਅਤੇ ਦੋ ਦਰਿੰਦਿਆਂ ਦੇ ਪਿੱਛੇ ਚੱਲੇ ਸਨ। ਫਿਰ ਵੀ, 20:11-15 ਦੇ ਵੇਰਵੇ ਬਾਈਬਲ ਦੀ ਸਧਾਰਣ ਸਿੱਖਿਆ ਨਾਲ ਸਹਿਮਤ ਹੁੰਦੇ ਹਨ ਕਿ ਨਿਆਉਂ ਦਾ ਦਿਨ ਧਰਮੀ ਅਤੇ ਕੁਧਰਮੀ ਦੋਹਾਂ ਦੇ ਲਈ ਹੈ। ਵੱਡੇ ਅਤੇ ਛੋਟੇ ਦੋਵੇਂ ਸਿੰਘਾਸਣ ਦੇ ਅੱਗੇ ਖੜ੍ਹੇ ਹੋਣਗੇ; ਹਰ ਕੋਈ ਜਿਸ ਨੂੰ ਮੌਤ, ਪਤਾਲ ਅਤੇ ਸਮੁੰਦਰ ਨੇ ਲੈ ਲਿਆ ਸੀ ਪ੍ਰਭੂ ਦੇ ਸਾਹਮਣੇ ਖੜ੍ਹਾ ਹੋਵੇਗਾ। ਫਿਰ ਹਵਾਲੇ ਵਿੱਚ ਗੈਰ-ਵਿਸ਼ਵਾਸੀਆਂ ਦੀ ਮੰਜਿਲ ਬਾਰੇ ਦੱਸਿਆ ਗਿਆ ਅਤੇ ਵਿਸ਼ਵਾਸੀਆਂ ਦੀ ਮੰਜਿਲ ਦਾ ਵਰਣਨ 21 ਅਤੇ 22 ਅਧਿਆਵਾਂ ਵਿੱਚ ਕਰਨ ਦੇ ਲਈ ਛੱਡ ਦਿੱਤਾ ਗਿਆ ਹੈ।

**ਆਇਤ 14. ਤਾਂ ਕਾਲ ਅਤੇ ਪਤਾਲ ਅੱਗ ਦੀ ਝੀਲ ਵਿੱਚ ਸੁੱਟੇ ਗਏ।** ਕਾਲ ਅਤੇ ਪਤਾਲ ਪਰਕਾਸ਼ ਦੀ ਪੋਥੀ ਵਿੱਚ "ਦੋ ਪੇਟੂ ਅਤੇ ਲਾਲਚੀ ਰਾਖਸ਼ਸਾਂ" ਦੇ ਰੂਪ ਹਨ ਜਿਨ੍ਹਾਂ ਦਾ ਇਰਾਦਾ ਸਾਰੀ ਮਨੁੱਖਜਾਤੀ ਨੂੰ ਨਿੱਗਲਣਾ ਹੈ। ਆਇਤ 13 ਵਿੱਚ, ਉਨ੍ਹਾਂ ਨੂੰ ਆਪਣੇ ਸ਼ਿਕਾਰ ਨੂੰ ਉਗਲੱਛਣ ਦੇ ਲਈ ਮਜਬੂਰ ਕੀਤਾ ਗਿਆ ਸੀ।[54] ਇੱਕ ਵਾਰ ਜਦੋਂ ਉਨ੍ਹਾਂ ਦਾ ਉਦੇਸ਼ ਪੂਰਾ ਹੋ ਗਿਆ, ਉਨ੍ਹਾਂ ਨੂੰ ਖੁਦ ਵੀ ਬਾਹਰ ਕੱਢ ਦਿੱਤਾ ਗਿਆ। ਪੌਲੁਸ ਨੇ ਲਿਖਿਆ, "ਛੇਕੜਲਾ ਵੈਰੀ ਜਿਹ ਦਾ ਨਾਸ

ਹੋਣਾ ਹੈ ਸੋ ਮੌਤ ਹੈ" (1 ਕੁਰਿੰਥੀਆਂ 15:26)।

ਮੌਤ ਅਤੇ ਪਤਾਲ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ। ਹਵਾਲਾ ਫਿਰ ਉਸ ਮੰਜਿਲ ਦੇ ਬਾਰੇ ਇਹ ਟਿੱਪਣੀ ਕਰਦਾ ਹੈ: **ਇਹ ਦੂਈ ਮੌਤ ਹੈ।** "ਦੂਈ ਮੌਤ" ਸ਼ਬਦ ਪਹਿਲਾਂ ਵੀ ਵਰਤਿਆ ਗਿਆ ਸੀ, ਸਮੁਰਨੇ ਦੀ ਕਲੀਸੀਆ ਨੂੰ ਲਿਖੇ ਗਏ ਪੱਤਰ ਵਿੱਚ (2:11 ਤੇ ਟਿੱਪਣੀਆਂ ਵੇਖੋ)। ਬਾਈਬਲ ਵਿੱਚ, "ਮੌਤ" ਸ਼ਬਦ ਨੂੰ ਵਿਛੋੜੇ ਦੇ ਭਾਵ ਵਿੱਚ ਵਰਤਿਆ ਗਿਆ ਹੈ। ਸਰੀਰਕ ਮੌਤ ਉਦੋਂ ਹੁੰਦੀ ਹੈ ਜਦੋਂ ਸਰੀਰ ਅਤੇ ਆਤਮਾ ਵਿਛੜ ਜਾਂਦੇ ਹਨ (ਯਾਕੂਬ 2:26), ਆਤਮਿਕ ਮੌਤ ਉਦੋਂ ਹੁੰਦੀ ਹੈ ਜਦੋਂ ਇੱਕ ਵਿਅਕਤੀ ਦੇ ਪਾਪ ਇਸ ਜੀਵਨ ਵਿੱਚ ਉਸ ਨੂੰ ਪਰਮੇਸ਼ੁਰ ਤੋਂ ਵੱਖ ਕਰ ਦਿੰਦੇ ਹਨ (ਯਸਾਯਾਹ 59:1, 2; ਅਫ਼ਸੀਆਂ 2:1; 1 ਤਿਮੋਥਿਉਸ 5:6) ਅਤੇ "ਦੂਈ ਮੌਤ" ਆਉਣ ਵਾਲੇ ਜੀਵਨ ਵਿੱਚ ਪਰਮੇਸ਼ੁਰ ਤੋਂ *ਸਦੀਪਕ ਵਿਛੋੜਾ* ਹੈ (2 ਥੱਸਲੁਨੀਕੀਆਂ 1:8, 9; ਵੇਖੋ ਮੱਤੀ 7:23; 25:12)।

"ਦੂਈ ਮੌਤ" **ਅੱਗ ਦੀ ਝੀਲ** ਵਿੱਚ ਹੋਵੇਗੀ। ਅਗਲੇ ਅਧਿਆਇ ਵਿੱਚ ਅਸੀਂ ਪੜ੍ਹਦੇ ਹਾਂ, "ਪਰ ਡਰਾਕਲਾਂ, ਬੇਪਰਤੀਤਿਆਂ, ਘਿਣਾਉਣਿਆਂ, ਖੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਤੇ ਸਾਰਿਆਂ ਝੂਠਿਆਂ ਦਾ ਹਿੱਸਾ ਓਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ! ਇਹ ਦੂਈ ਮੌਤ ਹੈ" (21:8)। ਸ਼ਤਾਨ ਦੇ ਸਾਥੀਆਂ ਨੂੰ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ ਸੀ (19:20); ਸ਼ਤਾਨ ਨੂੰ ਉੱਥੇ ਸੁੱਟਿਆ ਗਿਆ ਸੀ (20:10); ਹੁਣ ਇਹ ਉਨ੍ਹਾਂ ਦੇ ਲਈ ਤਿਆਰ ਹੈ ਜਿਨ੍ਹਾਂ ਨੇ ਸ਼ਤਾਨ ਅਤੇ ਉਸ ਦੇ ਸਹਿਕਰਮੀਆਂ ਨੂੰ ਆਪਣੇ ਜੀਵਨਾਂ ਦਾ ਮਾਰਗ ਦਰਸ਼ਣ ਕਰਨ ਦਿੱਤਾ ਸੀ।

ਹਾਲਾਂਕਿ "ਨਰਕ" (γέεννα, *ਗੇਹੰਨਾ*) ਸ਼ਬਦ ਪਰਕਾਸ਼ ਦੀ ਪੋਥੀ ਵਿੱਚ ਨਹੀਂ ਵਰਤਿਆ ਗਿਆ ਹੈ, ਇਹ ਉਸ ਥਾਂ ਦੇ ਸਮਾਨ ਹੈ ਜਿਸ ਨੂੰ ਯੂਹੰਨਾ "ਅੱਗ ਦੀ ਝੀਲ" ਕਹਿੰਦਾ ਹੈ। *ਗੇਹੰਨਾ* ਜੋ ਕਿ "ਹਿੰਨੋਮ ਦੇ ਪੁੱਤਰ ਦੀ ਵਾਦੀ" ਦਾ ਸੰਖੇਪ ਰੂਪ ਹੈ ਇਸ ਨੂੰ ਉਸ ਵਾਦੀ ਦਾ ਨਾਮ ਦਿੱਤਾ ਗਿਆ ਸੀ ਜੋ ਯਰੂਸ਼ਲਮ ਦੇ ਦੱਖਣ ਅਤੇ ਪੱਛਮ ਵੱਲ ਹੈ ਅਤੇ ਇਸ ਦਾ ਆਧੁਨਿਕ ਨਾਂ *ਵਾਦੀ ਏਰ ਰਬਾਬੀ* ਹੈ। ਇੱਕ ਸੰਪਰਦਾਇ ਮੰਦਿਰ ਦੀ ਥਾਂ ਹੋਣ ਦੇ ਨਾਤੇ ਜਿੱਥੇ ਮਨੁੱਖਾਂ ਦੀਆਂ ਬਲੀਆਂ ਚੜ੍ਹਾਈਆਂ ਜਾਂਦੀਆਂ ਸਨ (2 ਰਾਜਿਆਂ 23:10; ਯਿਰਮਿਯਾਹ 7:31), ਇਸ ਨੇ ਅਪਵਿੱਤਰ ਰੁਤਬਾ ਹਾਸਲ ਕਰ ਲਿਆ ਸੀ। ਭਿਆਣਕ ਬੁਰਿਆਈ ਵਾਲੀ ਇਸ ਥਾਂ ਦੇ ਵਿਰੁੱਧ ਨਬੀਆਂ ਦੇ ਨਿੰਦਾ ਕਰਨ ਦੇ ਕਾਰਣ (ਯਿਰਮਿਯਾਹ 7:32; 19:6), ਇਹ ਅਪੋਕਲਿਪਟਿਕ ਸਾਹਿਤ ਵਿੱਚ ਨਰਕ ਦੀ ਆਖ਼ਰੀ ਸਜ਼ਾ ਦੇ ਬਰਾਬਰ ਸਮਝੀ ਜਾਣ ਲੱਗੀ। ਨਵੇਂ ਨੇਮ ਦੇ ਸਮਿਆਂ ਵਿੱਚ, ਇਹ ਵਾਦੀ ਕੂੜਾ ਕਰਕਟ ਸੁੱਟਣ ਦੀ ਜ਼ਮੀਨ ਵਜੋਂ ਵਰਤੀ ਜਾਣ ਲੱਗ ਪਈ। ਸੜ ਰਹੇ ਕੂੜੇ ਦਿਆਂ ਢੇਰਾਂ ਦੀ ਅੱਗ ਤੋਂ ਧੂੰਆ ਅਕਾਸ਼ ਵੱਲ ਨੂੰ ਉੱਠਦਾ ਸੀ। ਯਿਸੂ ਅਤੇ ਹੋਰਨਾਂ ਨੇ ਇਸ ਨੂੰ "ਅੱਗ ਦੀ ਝੀਲ" ਅਰਥਾਤ ਦੁਸ਼ਟ ਮੁਰਦਿਆਂ ਦੇ ਨਿਵਾਸ ਸਥਾਨ ਦੇ ਲਈ ਇੱਕ ਢੁਕਵਾਂ ਪ੍ਰਤੀਕ ਸਮਝਿਆ ਸੀ (ਮੱਤੀ 5:22; ਮਰਕੁਸ 9:43)।

ਯਿਸੂ ਨੇ ਇਸ ਭਿਆਣਕ ਥਾਂ ਨੂੰ "ਭਖਦਾ ਭੱਠਾ" ਕਿਹਾ ਸੀ (ਮੱਤੀ 13:42)। ਇੱਕ ਹੋਰ ਮੌਕੇ ਤੇ ਉਸ ਨੇ ਇਸ ਥਾਂ ਦਾ "ਅੰਧਘੋਰ" ਵਜੋਂ ਹਵਾਲਾ ਦਿੱਤਾ ਸੀ (ਮੱਤੀ 22:13)। ਕਿਉਂਕਿ, ਆਮ ਤੌਰ ਤੇ, ਅੱਗ ਹਨੇਰੇ ਦੀ ਬਜਾਇ ਚਾਣਨ ਪੈਦਾ ਕਰਦੀ ਹੈ, ਯਿਸੂ ਜੋ ਵਰਣਨ ਯੋਗ ਨਹੀਂ ਹੈ ਉਸ ਦਾ ਵਰਣਨ ਕਰਨ ਦੇ ਲਈ ਪ੍ਰਤੀਕਵਾਦ ਦੀ ਵਰਤੋਂ ਕਰ ਰਿਹਾ ਸੀ। ਇਹ ਵਰਤੋਂ ਨਰਕ ਦੇ ਡਰਾਂ ਨੂੰ ਘਟਾਉਂਦੀ ਨਹੀਂ ਹੈ, ਬਲਕਿ ਉਨ੍ਹਾਂ ਨੂੰ ਵਧਾਉਂਦੀ ਹੈ। ਜ਼ਰਾ ਰਾਤ ਦੇ ਡਰਾਂ ਬਾਰੇ ਮੁੜ ਸੋਚੋ; ਬਹੁਤ ਤੇਜ਼ ਜਲਨ ਦੇ ਦੁੱਖ ਨੂੰ ਚੇਤੇ ਕਰੋ। ਉਸ ਡਰ ਅਤੇ ਦੁੱਖ ਨੂੰ ਕਰੋੜਾਂ ਅਰਬਾਂ ਵਾਰ ਗੁਣਾ ਕਰ ਲਓ, ਉਨ੍ਹਾਂ ਨੂੰ ਅਨੰਤਤਾ ਤੱਕ ਵਧਾ ਦਿਓ ਅਤੇ ਤੁਸੀਂ ਹਾਲੇ ਵੀ ਜਾਹਿਰ ਨਹੀਂ ਕੀਤਾ ਹੈ ਕਿ

ਨਰਕ ਸੱਚਮੁੱਚ ਕਿੰਨਾ ਭਿਆਣਕ ਹੈ।

ਬਹੁਤ ਸਾਰੇ ਲੋਕ ਸੁਰਗ ਵਿੱਚ ਵਿਸ਼ਵਾਸ ਕਰਨਾ ਚਾਹੁੰਦੇ ਹਨ, ਪਰ ਨਰਕ ਵਿੱਚ ਨਹੀਂ। ਫਿਰ ਵੀ, ਉਹ ਪੁਸਤਕ ਜਿਹੜੀ ਇੱਕ ਨੂੰ ਪਰਗਟ ਕਰਦੀ ਹੈ ਉਹੀ ਪੁਸਤਕ ਹੈ ਜੋ ਦੂਜੇ ਬਾਰੇ ਦੱਸਦੀ ਹੈ। ਜੇਕਰ ਅਸੀਂ ਉਸ ਤੇ ਭਰੋਸਾ ਨਹੀਂ ਕਰ ਸਕਦੇ ਜੋ ਬਾਈਬਲ ਨਰਕ ਦੇ ਬਾਰੇ ਦੱਸਦੀ ਹੈ, ਤਾਂ ਅਸੀਂ ਉਸ ਦੇ ਵੀ ਭਰੋਸਾ ਨਹੀਂ ਕਰ ਸਕਦੇ ਜੋ ਇਹ ਸੁਰਗ ਦੇ ਬਾਰੇ ਕਹਿੰਦੀ ਹੈ। ਲੋਕ ਭਾਵੇਂ ਇਹ ਪਸੰਦ ਕਰਨ ਜਾਂ ਨਾ ਕਰਨ, ਇੱਕ "ਝੀਲ ਹੈ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ।"

**ਆਇਤ 15.** ਨਿਆਉਂ ਦਾ ਲੋਕਾਂ ਦੇ ਜੀਵਨਾਂ ਦੇ ਰਿਕਾਰਡ ਦੀ ਤੁਲਨਾ ਪਰਮੇਸ਼ੁਰ ਦੇ ਵਚਨ ਨਾਲ ਕਰਨ ਅਤੇ ਫਿਰ ਜੀਵਨ ਦੀ ਪੋਥੀ ਵਿੱਚੋਂ ਆਖ਼ਰੀ ਅਧਿਕਾਰ ਦੇ ਰੂਪ ਵਿੱਚ ਜਾਂਚਣ ਵਜੋਂ ਵਰਣਨ ਕੀਤਾ ਜਾ ਸਕਦਾ ਹੈ। ਆਇਤ 15 ਕਹਿੰਦੀ ਹੈ ਕਿ **ਅਤੇ ਜੇ ਕੋਈ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ** (12, 14 ਆਇਤਾਂ ਤੇ ਟਿੱਪਣੀਆਂ ਵੇਖੋ)। ਨਿਸ਼ਚਤ ਰੂਪ ਵਿੱਚ ਕੋਈ ਨਹੀਂ ਜਾਣਦਾ ਕਿ ਨਿਆਉਂ ਵਿੱਚ ਕੀ ਹੋਵੇਗਾ – ਪਰ ਅਸੀਂ ਉਹ ਜ਼ਰੂਰ ਜਾਣਦੇ ਹਾਂ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਜਾਣੀਏ। ਜਦੋਂ ਲੋਕ ਪਰਮੇਸ਼ੁਰ ਦੇ ਸਾਹਮਣੇ ਖੜ੍ਹੇ ਹੋਣਗੇ, ਪੋਥੀ ਖੋਲ੍ਹੀ ਜਾਵੇਗੀ ਅਤੇ ਉਨ੍ਹਾਂ ਦਾ ਨਿਆਉਂ ਇਸ ਜੀਵਨ ਵਿੱਚ ਜੋ ਉਨ੍ਹਾਂ ਨੇ ਕੀਤਾ ਹੈ ਉਨ੍ਹਾਂ ਪੋਥੀਆਂ ਦੇ ਅਨੁਸਾਰ ਕੀਤਾ ਜਾਵੇਗਾ।

ਆਇਤ 15 ਦੇ ਸਮਾਪਤੀ ਸ਼ਬਦ ਦਿਲ ਤੋੜਨ ਵਾਲੇ ਹਨ: **ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।** ਪਰਮੇਸ਼ੁਰ ਨਹੀਂ ਚਾਹੁੰਦਾ ਕਿ ਕਿਸੇ ਦਾ ਨਾਸ ਹੋਵੇ (2 ਪਤਰਸ 3:9)। ਉਸ ਨੇ ਲੋਕਾਂ ਨੂੰ ਨਰਕ ਵਿੱਚ ਜਾਣ ਤੋਂ ਰੋਕਣ ਲਈ ਆਪਣੀ ਭੂਮਿਕਾ ਅਦਾ ਕਰ ਦਿੱਤੀ ਹੈ। ਕੌਫਮੈਨ ਨੇ ਲਿਖਿਆ, "ਮਸੀਹ ਨੇ ਮਨੁੱਖ ਨੂੰ ਨਾਸ ਦੀ ਸਜ਼ਾ ਸਹਿਣ ਤੋਂ ਰੋਕਣ ਦੇ ਲਈ ਸਲੀਬ ਉੱਤੇ ਆਪਣੇ ਲਹੂ ਵਾਲੇ ਹੱਥ ਪਸਾਰੇ ਹਨ; ਪਰ ਉਹ ਮਨੁੱਖ ਜਿਹੜੇ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ ਉਨ੍ਹਾਂ ਨੂੰ ਆਪਣੀ ਅਸਫ਼ਲਤਾ ਦੇ ਨਤੀਜੇ ਲਈ ਪੂਰੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।"[55] ਜੇਕਰ ਕਿਸੇ ਵਿਅਕਤੀ ਨੇ ਪਾਣੀ ਵਿੱਚ ਇੱਕ ਡੁੱਬਦੇ ਹੋਏ ਵਿਅਕਤੀ ਦੇ ਲਈ ਬਾਹਰ ਨਿੱਕਲਣ ਨੂੰ ਰੱਸਾ ਸੁੱਟਿਆ ਹੈ ਅਤੇ ਉਹ ਵਿਅਕਤੀ ਇਸ ਰੱਸੇ ਨੂੰ ਫੜਨ ਤੋਂ ਇਨਕਾਰ ਕਰ ਦਿੰਦਾ ਹੈ, ਤਾਂ ਡੁੱਬਦੇ ਹੋਏ ਵਿਅਕਤੀ ਨੂੰ ਉਸ ਦੇ ਕੰਮ ਲਈ ਜ਼ਿੰਮੇਵਾਰੀ ਸਵੀਕਰ ਕਰਨੀ ਪਵੇਗੀ।

# ਪ੍ਰਾਸੰਗਿਕਤਾ

### ਸੁਰੱਖਿਆ ਜਾਲ (20:1-10)

ਇੱਕ ਵਾਰ ਦੀ ਗੱਲ ਹੈ ਕਿ ਇੱਕ ਮਨੁੱਖ ਸਰਕਸ ਦੇ ਕਲਾਬਾਜ ਨਾਲ ਉਸ ਜਾਲ ਦੇ ਉਦੇਸ਼ ਬਾਰੇ ਗੱਲ ਕਰ ਰਿਹਾ ਸੀ ਜੋ ਕਿ ਹੇਠਾਂ ਉਸ ਇਲਾਕੇ ਵਿੱਚ ਵਿਛਾਇਆ ਗਿਆ ਹੁੰਦਾ ਹੈ ਜਿੱਥੇ ਉਹ ਅਤੇ ਉਸ ਦੇ ਸਾਥੀ ਆਪਣੀ ਕਲਾ ਦਾ ਪ੍ਰਦਰਸ਼ਣ ਕਰਦੇ ਹਨ। ਉਸ ਕਲਾਬਾਜ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਹੇਠਾਂ ਜੋ ਜਾਲ ਵਿਛਾਇਆ ਗਿਆ ਹੁੰਦਾ ਹੈ ਉਹ ਉਨ੍ਹਾਂ ਦੀਆਂ ਧੌਣਾਂ ਨੂੰ ਟੁੱਟਣ ਤੋਂ ਬਚਾਉਣ ਲਈ ਹੁੰਦਾ ਹੈ, ਪਰ ਉਸ ਨੇ ਇਹ ਵੀ ਕਿਹਾ, "ਇਸ ਜਾਲ ਤੋਂ ਬਿਨਾਂ, ਸੰਭਵ ਤੌਰ ਤੇ ਅਸੀਂ ਘਬਰਾ ਕੇ ਡਿੱਗ ਜਾਵਾਂਗੇ। ਜੇਕਰ ਇਹ ਜਾਲ ਨਾ ਹੁੰਦਾ, ਤਾਂ ਅਸੀਂ ਉਹ ਕੰਮ ਨਹੀਂ ਕਰ ਪਾਵਾਂਗੇ ਜੋ ਅਸੀਂ ਕਰਨ ਦੀ ਦਿਲੇਰੀ ਵਿਖਾਉਂਦੇ ਹਾਂ।"[56]

20:1-10 ਵਿੱਚ, ਮਸੀਹੀ ਲੋਕਾਂ ਨੂੰ ਮੁੜ ਭਰੋਸਾ ਦਿੱਤਾ ਗਿਆ ਹੈ ਕਿ (1) ਸ਼ਤਾਨ ਦੀ ਸ਼ਕਤੀ ਸੀਮਤ ਹੈ (ਆਇਤਾਂ 1-3), (2) ਮਰੇ ਵਿਸ਼ਵਾਸੀ ਮਸੀਹ ਦੇ ਨਾਲ ਰਾਜ ਕਰਦੇ ਹਨ

(ਆਇਤਾਂ 4-6) ਅਤੇ (3) ਸ਼ਤਾਨ ਆਖ਼ਰ ਵਿੱਚ ਨਾਸ ਹੋਵੇਗਾ (ਆਇਤਾਂ 7-10)। ਅਜਿਹੀਆਂ ਭਰੋਸੇ ਵਾਲੀਆਂ ਗੱਲਾਂ ਪਰਮੇਸ਼ੁਰ ਦਾ ਆਪਣੇ ਲੋਕਾਂ ਲਈ "ਸੁਰੱਖਿਆ ਜਾਲ" ਹਨ। ਇਹ "ਸੁਰੱਖਿਆ ਦਾ ਜਾਲ" ਮਸੀਹੀ ਵਿਅਕਤੀ ਨੂੰ ਉਹ ਪੂਰਾ ਕਰਨ ਦੇ ਲਈ ਸਮਰੱਥ ਬਣਾਉਂਦਾ ਹੈ ਜੋ ਉਹ ਓਦਾਂ ਕਦੀ ਪੂਰਾ ਨਹੀਂ ਸੀ ਕਰ ਸਕਦਾ।

## ਸ਼ਤਾਨ ਬੰਨ੍ਹਿਆ ਹੋਇਆ ਹੈ (20:1-3)

ਸ਼ਤਾਨ ਸਲੀਬ ਦੁਆਰਾ ਹਰਾ ਦਿੱਤਾ ਗਿਆ ਸੀ। ਉਹ ਜਿਸ ਨੇ ਸਾਨੂੰ ਅਜ਼ਾਦ ਕੀਤਾ ਸੀ ਉਸ ਨੇ ਸ਼ਤਾਨ ਨੂੰ ਬੰਨ੍ਹ ਦਿੱਤਾ।[57] ਇਹ ਤਬਦੀਲੀ ਸਾਡੇ ਲਈ ਅਨੰਦ ਕਰਨ ਦਾ ਸਬੱਬ ਬਣਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਇਹ ਸਾਡੇ ਕੰਮਾਂ ਲਈ ਸਾਡੇ ਵਾਸਤੇ ਨਿੱਜੀ ਜ਼ਿੰਮੇਵਾਰੀ ਨੂੰ ਕਬੂਲ ਕਰਨ ਦਾ ਸਬੱਬ ਬਣਨੀ ਚਾਹੀਦੀ ਹੈ। ਕੁਝ ਲੋਕ ਇਹ ਕਹਿਣ ਦੁਆਰਾ ਆਪਣੇ ਪਾਪਾਂ ਦੇ ਲਈ ਬਹਾਨੇ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਸ਼ਤਾਨ ਨੇ "ਉਨ੍ਹਾਂ ਕੋਲੋਂ ਇਹ ਕਰਵਾਇਆ ਹੈ।" ਸ਼ਤਾਨ ਧਮਕੀ ਦੇ ਸਕਦਾ ਹੈ, ਸ਼ਤਾਨ ਪਰਖ ਸਕਦਾ ਹੈ ਅਤੇ ਸ਼ਤਾਨ ਸਤਾਅ ਸਕਦਾ ਹੈ – ਪਰ ਸ਼ਤਾਨ ਕਿਸੇ ਕੋਲੋਂ ਕੁਝ *ਕਰਵਾ* ਨਹੀਂ ਸਕਦਾ। ਉਹ ਬੰਨ੍ਹਿਆ ਹੋਇਆ ਹੈ। ਇਸ ਲਈ, ਸਾਡੇ ਵਿੱਚੋਂ ਹਰੇਕ ਸਾਡੇ ਆਪਣੇ ਕੰਮਾਂ ਦੇ ਲਈ ਜ਼ਿੰਮੇਵਾਰ ਹੈ। ਇੱਕ ਦਿਨ, "ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ" (ਰੋਮੀਆਂ 14:12)। ਜੇਕਰ ਤੁਸੀਂ ਗੁਆਚ ਚੁੱਕੇ ਹੋ, ਤੁਸੀਂ ਖੁਦ ਤੋਂ ਇਲਾਵਾ ਕਿਸੇ ਤੇ ਦੋਸ਼ ਨਹੀਂ ਲਾ ਸਕਦੇ।

ਬੀਤੇ ਦਿਨਾਂ ਵਿੱਚ, ਅਕਸਰ ਵਰਤੀ ਜਾਣ ਵਾਲੀ ਉਦਾਹਰਣ ਸ਼ਤਾਨ ਦੇ ਬੰਨ੍ਹਣ ਦੀ ਤੁਲਨਾ ਇੱਕ ਜੰਗਲੀ ਦਰਿੰਦੇ ਦੇ ਜੰਜੀਰਾਂ ਨਾਲ ਬੰਨ੍ਹਣ ਨਾਲ ਕੀਤੀ ਜਾਂਦੀ ਸੀ। ਪਰਚਾਰਕ ਇਹ ਗੱਲ ਕਹਿੰਦੇ ਸਨ ਕਿ ਜਿੰਨੀ ਦੇਰ ਤੱਕ ਅਸੀਂ ਸ਼ਤਾਨ ਦੀ ਪਹੁੰਚ ਤੋਂ ਦੂਰ ਰਹਾਂਗੇ, ਪ੍ਰਾਣੀ ਸਾਡੇ ਤੇ ਚਿਲਾ ਸਕਦਾ ਹੈ, ਪਰ ਉਹ ਸਾਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਫਿਰ ਵੀ, ਜੇਕਰ ਅਸੀਂ ਆਪਣੇ ਇਲਾਕੇ ਤੋਂ ਭਟਕ ਜਾਂਦੇ ਹਾਂ, ਜੰਜੀਰਾਂ ਨਾਲ ਬੰਨ੍ਹੇ ਹੋਏ ਹਾਂ ਜਾਂ ਨਹੀਂ, ਉਹ ਸਾਨੂੰ ਚੀਰ ਕੇ ਟੁਕੜੇ-ਟੁਕੜੇ ਕਰ ਸਕਦਾ ਹੈ। ਇਹ ਉਦਾਹਰਣ ਇੰਨੀ ਵਾਰ ਵਰਤੀ ਜਾ ਚੁੱਕੀ ਹੈ ਕਿ ਇਹ ਘਿਸੀ-ਪਿਟੀ ਜਾਪ ਸਕਦੀ ਹੈ। ਘਿਸੀ-ਪਿਟੀ ਹੈ ਜਾਂ ਨਹੀਂ, ਫਿਰ ਵੀ ਇਸ ਦਾ ਮਹੱਤਵ ਹੈ। ਜਿੰਨੀ ਦੇਰ ਤੱਕ ਅਸੀਂ ਪ੍ਰਭੂ ਦੇ ਝੁੰਡ ਦੇ ਮੈਂਬਰ ਹਾਂ, "ਧਾਰਮਿਕਤਾ ਦੇ ਮਾਰਗਾਂ" ਵਿੱਚ ਅੱਛੇ ਅਯਾਲੀ ਦੇ ਪਿੱਛੇ-ਪਿੱਛੇ ਚੱਲ ਰਹੇ ਹਾਂ (ਜ਼ਬੂਰ 23:3), ਸ਼ਤਾਨ ਦਾ ਸਾਡੇ ਜੀਵਨਾਂ ਤੇ ਬਹੁਤ ਘੱਟ ਪ੍ਰਭਾਵ ਹੋ ਸਕਦਾ ਹੈ। ਉਸ ਸਾਨੂੰ ਸਰੀਰਕ ਤੌਰ ਤੇ ਮਾਰ ਸਕਦਾ ਹੈ, ਪਰ ਜਿੰਨੀ ਦੇਰ ਤੱਕ ਅਸੀਂ ਪ੍ਰਭੂ ਦੇ ਨੇੜੇ ਰਹਿੰਦੇ ਹਾਂ ਉਹ ਸਾਨੂੰ ਆਤਮਿਕ ਤੌਰ ਤੇ ਨਾਸ ਨਹੀਂ ਕਰ ਸਕਦਾ। "ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ," ਸੰਬੰਧੀ, ਯੂਹੰਨਾ ਨੇ ਕਿਹਾ ਹੈ ਕਿ "ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ" (1 ਯੂਹੰਨਾ 5:18)। ਫਿਰ ਵੀ, ਜੇਕਰ ਅਸੀਂ ਝੁੰਡ ਤੋਂ ਭਟਕ ਜਾਂਦੇ ਹਾਂ "ਬੁਕਦਾ ਸ਼ੀਂਹ" (1 ਪਤਰਸ 5:8) ਸਾਡੇ ਇੱਕ ਇੱਕ ਅੰਗ ਨੂੰ ਪਾੜ ਸਕਦਾ ਹੈ।

## ਸਾਰੇ ਵਿਸ਼ਵਾਸੀਆਂ ਲਈ ਬਰਕਤਾਂ (20:4-6)

ਤੁਸੀਂ ਤੁਲਨਾ ਕਰਨ ਦੇ ਲਈ ਦੋ ਕਾਲਮ ਵਾਲਾ ਚਾਰਟ ਬਣਾ ਸਕਦੇ ਹੋ: ਪਹਿਲੇ ਕਾਲਮ ਦੇ ਉਪਰਲੇ ਹਿੱਸੇ ਤੇ, "ਸਾਰੇ ਮਸੀਹੀ ਲੋਕ" ਲਿਖ ਦਿਓ ਅਤੇ ਦੂਜੇ ਕਾਲਮ ਦੇ ਉਪਰਲੇ ਹਿੱਸੇ ਤੇ "ਸ਼ਹੀਦ" ਲਿਖੋ। ਹਰ ਸਿਰਲੇਖ ਦੇ ਥੱਲੇ, 20:4-6 ਵਿੱਚ ਦੱਸੀਆਂ ਗਈਆਂ ਬਰਕਤਾਂ ਦੀ ਸੂਚੀ ਬਣਾਓ, ਇਹ ਜ਼ੋਰ ਦਿੰਦੇ ਹੋਏ ਕਿ 20 ਅਧਿਆਇ ਵਿੱਚ ਸ਼ਹੀਦਾਂ ਦੇ ਨਾਵੇਂ ਲਾਈ ਗਈ ਹਰੇਕ ਬਰਕਤ ਦਾ ਵਾਅਦਾ ਹੋਰ ਕਿਤੇ ਵੀ ਮਸੀਹੀ ਲੋਕਾਂ ਨੂੰ ਦਿੱਤਾ ਗਿਆ ਹੈ। ਫਿਰ, ਇਹ ਸਮਝਾਓ

ਕਿ ਕਿਉਂ ਇਹ ਜ਼ੋਰ ਦਿੱਤਾ ਗਿਆ ਸੀ ਕਿ ਸ਼ਹੀਦਾਂ ਕੋਲ *ਹਾਲੇ ਵੀ* ਉਹ ਬਰਕਤਾਂ ਸਨ।

### ਤੁਸੀਂ ਜਿੱਤ ਜਾਂਦੇ ਹੋ (20:4-6)

20:4-6 ਦਾ ਮੁੱਖ ਜ਼ੋਰ ਇਹ ਹੈ: ਜੇਕਰ ਤੁਸੀਂ ਪ੍ਰਭੂ ਦੇ ਪ੍ਰਤੀ ਵਫ਼ਾਦਾਰ ਰਹਿੰਦੇ ਹੋ, ਸ਼ਤਾਨ ਹਾਰ ਜਾਂਦਾ ਹੈ ਅਤੇ ਤੁਸੀਂ ਜਿੱਤ ਜਾਂਦੇ ਹੋ! ਮੂਲ ਲਿਖਤ ਵਿੱਚ ਜ਼ੋਰ ਉਨ੍ਹਾਂ ਤੇ ਹੈ ਜਿਹੜੇ ਪਹਿਲੀ ਸਦੀ ਵਿੱਚ ਆਪਣੀ ਨਿਹਚਾ ਦੇ ਲਈ ਮਰ ਗਏ ਸੀ। ਇਹ ਦੱਸਿਆ ਗਿਆ ਸੀ ਕਿ ਮੌਤ ਨੇ ਹਰੇਕ ਮਸੀਹੀ ਵਿਅਕਤੀ ਨੂੰ ਦਿੱਤੇ ਗਏ ਵਾਅਦਿਆਂ ਨੂੰ ਰੱਦ ਨਹੀਂ ਸੀ ਕੀਤਾ, ਇਹ ਕਿ ਵਿਸ਼ਵਾਸੀ ਜਿਹੜੇ ਮਰ ਗਏ ਸਨ ਹਾਲੇ ਵੀ ਉਨ੍ਹਾਂ ਵਾਅਦਿਆਂ ਦਾ ਅਨੰਦ ਮਾਣ ਰਹੇ ਸਨ। ਪਰਕਾਸ਼ ਦੀ ਪੋਥੀ 20 ਵਿੱਚ ਉਹ ਬਰਕਤਾਂ ਜਿਨ੍ਹਾਂ ਦਾ ਸ਼ਹੀਦਾਂ ਨੂੰ ਵਾਅਦਾ ਦਿੱਤਾ ਗਿਆ ਸੀ *ਤੁਹਾਡੀਆਂ* ਵੀ ਹੋ ਸਕਦੀਆਂ ਹਨ: *ਤੁਸੀਂ* ਅਸਲ ਜੀਵਨ ਨੂੰ ਜਾਣ ਸਕਦੇ ਹੋ; *ਤੁਸੀਂ* ਪ੍ਰਭੂ ਦੇ ਲਈ ਯਾਜਕ ਬਣ ਸਕਦੇ ਹੋ; *ਤੁਸੀਂ* ਮਸੀਹ ਨਾਲ ਰਾਜ ਕਰ ਸਕਦੇ ਹੋ। ਇਸ ਤੋਂ ਇਲਾਵਾ, ਤੁਸੀਂ ਇਹ "ਹਜ਼ਾਰ ਵਰ੍ਹਿਆਂ" ਦੇ ਲਈ ਕਰ ਸਕਦੇ ਹੋ – ਅਰਥਾਤ, ਪੂਰੀ ਤਰ੍ਹਾਂ ਅਤੇ ਮੁਕੰਮਲ ਤੌਰ ਤੇ। ਕੀ ਇਹ ਅਨੋਖੀ ਗੱਲ ਨਹੀਂ ਹੈ?

### ਸ਼ਤਾਨ ਨੂੰ ਹਰਾ ਦਿੱਤਾ ਗਿਆ (20:7-10)

20:7-10 ਤੇ ਅਧਾਰਿਤ ਪਾਠ ਦੇ ਲਈ ਹੇਠ ਲਿਖਿਆਂ ਵਿੱਚੋਂ ਇੱਕ ਸਿਰਲੇਖ ਵਰਤਿਆ ਜਾ ਸਕਦਾ ਹੈ: "ਨਾਸ ਕਰਨ ਵਾਲੇ ਦਾ ਨਾਸ," "ਸ਼ਤਾਨ ਦੇ ਜਨਾਜ਼ੇ ਦਾ ਗੀਤ," "ਸ਼ਤਾਨ ਦੀ ਮੰਜਿਲ ਅਤੇ ਬਰਬਾਦੀ," "ਅਤੇ ਚੰਗੀ ਨਜਾਤ!"

20 ਅਧਿਆਇ ਦੇ ਪਹਿਲੇ ਭਾਗ ਵਿੱਚ, ਸ਼ਤਾਨ ਨੂੰ ਰੋਕਿਆ ਗਿਆ ਸੀ; 7 ਤੋਂ 10 ਆਇਤਾਂ ਵਿੱਚ ਉਸ ਨੂੰ ਹਟਾ ਦਿੱਤਾ ਜਾਵੇਗਾ। ਸ਼ਬਦ ਇਸ ਘਟਨਾ ਦੇ ਮਹੱਤਵ ਨੂੰ ਵਿਅਕਤ ਨਹੀਂ ਕਰ ਸਕਦੇ। ਇੱਕ ਸਥਾਨਕ ਅਖ਼ਬਾਰ ਦੇ ਦਫ਼ਤਰ ਵਿੱਚ ਅਖ਼ਬਾਰਾਂ ਨੂੰ ਫਰੇਮ ਕਰਕੇ ਲਗਾਇਆ ਜਾਂਦਾ ਹੈ – ਇਸ ਦੀ ਕੰਧ ਤੇ, ਵੱਡੀਆਂ-ਵੱਡੀਆਂ ਘਟਨਾਵਾਂ ਦੀਆਂ ਸੁਰਖੀਆਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਵੱਡੇ-ਵੱਡੇ ਅੱਖਰਾਂ ਵਿੱਚ, ਇੱਕ ਸੁਰਖੀ ਇਹ ਸੀ ਕਿ "ਅਮਰੀਕਾ ਨੇ ਯੁੱਧ ਦਾ ਐਲਾਨ ਕੀਤਾ।" ਇੱਕ ਹੋਰ ਸੁਰਖੀ ਇਹ ਸੀ "ਯੁੱਧ ਖਤਮ ਹੋ ਜਾਵੇਗਾ।" ਇੱਕ ਹੋਰ ਸੁਰਖੀ ਜੋ ਕਿ ਜ਼ਿਆਦਾ ਪੁਰਾਣੀ ਨਹੀਂ ਸੀ ਕੁਝ ਇਸ ਤਰ੍ਹਾਂ ਲਿਖੀ ਹੋਈ ਪੜ੍ਹੀ ਜਾ ਸਕਦੀ ਸੀ, "ਬੰਦੇ ਚੰਦਰਮਾ ਤੇ ਪੁੱਜੇ।" ਜੇਕਰ ਪਰਕਾਸ਼ ਦੀ ਪੋਥੀ ਨੂੰ ਇੱਕ ਅਖ਼ਬਾਰ ਦੇ ਰੂਪ ਵਿੱਚ ਛਾਪਿਆ ਜਾਂਦਾ, ਤਾਂ ਇਸ ਦੀ ਸੁਰਖੀ ਪੰਜ ਇੰਚ ਦੇ ਅੱਖਰਾਂ ਵਿੱਚ ਹੋਵੇਗੀ: "ਸ਼ਤਾਨ ਹਾਰ ਗਿਆ!" ਪਰਮੇਸ਼ੁਰ ਦੇ ਹਰੇਕ ਬੱਚੇ ਦੇ ਲਈ ਇਹ ਗੱਲ ਕਿੰਨੀ ਮਜ਼ੇਦਾਰ ਹੋਣੀ ਚਾਹੀਦੀ ਹੈ!

### ਆਖ਼ਰੀ ਦਿਨ (20:11-15)

ਡਬਲਿਯੂ. ਬੀ. ਵੈਸਟ, ਜੂਨੀਅਰ, ਨੇ 20:11-15 ਦੇ ਲਈ "ਸੰਸਾਰ ਦਾ ਆਖ਼ਰੀ ਦਿਨ" ਸਿਰਲੇਖ ਵਰਤਿਆ ਹੈ। ਇਸ ਹਵਾਲੇ ਨੂੰ ਅਤੇ ਯੂਹੰਨਾ 6:39, 40, 44, 54 ਨੂੰ ਹਵਾਲਾ ਬਣਾਉਂਦੇ ਹੋਏ ਇਸ ਪਾਠ ਨੂੰ "ਆਖ਼ਰੀ ਦਿਨ" ਸਿਰਲੇਖ ਦਿੱਤਾ ਜਾ ਸਕਦਾ ਹੈ। ਇੱਕ ਹੋਰ ਢੁਕਵਾਂ ਸਿਰਲੇਖ ਇਹ ਹੋਵੇਗਾ "ਅਤੇ ਇਹ ਦੇ ਪਿੱਛੋਂ ਨਿਆਉਂ ਹੁੰਦਾ ਹੈ" (ਇਬਰਾਨੀਆਂ 9:27)। ਹੋਰ ਸੰਭਵ ਸਿਰਲੇਖ ਹਨ "ਨਿਆਉਂ," "ਆਖ਼ਰੀ ਵਾਰ ਪਰਦਾ ਉਠਾਇਆ ਜਾਣਾ" ਅਤੇ "ਮੌਤ ਦੀ ਮੌਤ।"

ਜੇਅ ਲੌਕਹਾਰਟ ਨੇ ਇੱਕ ਚੰਗੀ ਰੂਪਰੇਖਾ ਦਿੱਤੀ ਹੈ: (1) ਸਦੀਪਕ ਸਿੰਘਾਸਣ (ਆਇਤ 11); (2) ਸਦੀਪਕ ਪੋਥੀਆਂ (ਆਇਤ 12); (3) ਸਦੀਪਕ ਵਿਛੋੜਾ (ਆਇਤਾਂ 13-15);

(4) ਸਦੀਪਕ ਫ਼ੈਸਲਾ।[58]

ਤਿੰਨ ਪੋਥੀਆਂ ਨੂੰ ਦਰਸਾਉਣ ਦੇ ਲਈ ਜੋ ਨਿਆਉਂ ਦੇ ਦਿਨ ਖੋਲ੍ਹੀਆਂ ਜਾਣਗੀਆਂ ਤੁਸੀਂ ਤਸਵੀਰਾਂ ਦੀ ਸਹਾਇਤਾ ਨਾਲ ਤਿੰਨ ਪੁਸਤਕਾਂ ਦਾ ਇੱਕ ਸੈਟ ਬਣਾ ਸਕਦੇ ਹੋ (ਕਾਲੇ ਰੰਗ ਦੀਆਂ ਖੁੱਲ੍ਹੇ ਪੰਨੇ ਵਾਲੀਆਂ ਨੋਟਬੁੱਕਾਂ ਦੀ ਵਰਤੋਂ ਕਰਕੇ)। ਇਨ੍ਹਾਂ ਪੁਸਤਕਾਂ ਨੂੰ "ਪਰਮੇਸ਼ੁਰ ਦਾ ਵਚਨ," "ਕਰਨੀਆਂ ਦਾ ਰਿਕਾਰਡ" ਅਤੇ "ਜੀਵਨ ਦਾ ਪੋਥੀ" ਸਿਰਲੇਖ ਦਿੱਤਾ ਜਾ ਸਕਦਾ ਹੈ। ਇਨ੍ਹਾਂ ਪੰਨਿਆਂ ਦੇ ਅੰਦਰ ਤੁਸੀਂ ਉਹ ਗੱਲਾਂ ਲਿਖ ਸਕਦੇ ਹੋ ਜੋ ਤੁਸੀਂ ਕਹਿਣਾ ਚਾਹੁੰਦੇ ਹੋ। ਇਨ੍ਹਾਂ ਪੁਸਤਕਾਂ ਨੂੰ ਪੁਲਪਿਟ ਤੇ ਵਿਖਾਇਆ ਜਾ ਸਕਦਾ ਹੈ ਅਤੇ ਮਿਊਜਿਕ ਸਟੈਂਡ ਰੱਖਿਆ ਜਾ ਸਕਦਾ ਹੈ।

**ਨਿਆਉਂ (20:11-15)**

ਇੱਕ ਦਿਨ ਸਵੇਰੇ ਤੜਕੇ, ਇੱਕ ਨੌਜਵਾਨ ਵਕੀਲ ਜਿਸ ਨੂੰ ਨੀਂਦ ਨਹੀਂ ਸੀ ਆ ਰਹੀ ਉਸ ਨੇ ਆਪਣੇ ਭਵਿੱਖ ਤੇ ਵਿਚਾਰ ਕੀਤਾ। ਉਸ ਦੇ ਮਨ ਵਿੱਚ ਕਈ ਸਵਾਲ ਆਏ ਜਿਨ੍ਹਾਂ ਬਾਰੇ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ:

"ਜਦੋਂ ਤੂੰ ਆਪਣੀ ਵਕਾਲਤ ਦੀ ਪੜ੍ਹਾਈ ਪੂਰੀ ਕਰ ਲਵੇਂਗਾ ਤਾਂ ਕੀ ਕਰੇਂਗਾ?"

"ਵਕਾਲਤ ਕਰਾਂਗਾ।"

"ਫਿਰ?"

"ਮੈਂ ਅਮੀਰ ਹੋ ਜਾਵਾਂਗਾ।"

"ਫਿਰ?"

"ਮੈਂ ਰਿਟਾਇਰ ਹੋ ਜਾਵਾਂਗਾ।"

"ਫਿਰ?"

"ਮੈਂ ਮਰ ਜਾਵਾਂਗਾ।"

"ਫਿਰ?"

ਇਸ ਤੋਂ ਪਹਿਲਾਂ ਕਿ ਕੋਈ ਜਵਾਬ ਆਉਂਦਾ ਇੱਕ ਪਲ ਗੁਜਰ ਗਿਆ ਅਤੇ ਫਿਰ ਇੱਕ ਲੜਖੜਾਉਂਦੀ ਹੋਈ ਅਵਾਜ਼ ਵਿੱਚ ਜਵਾਬ ਆਇਆ: "ਨਿਆਉਂ।"

ਨਿਆਉਂ ਵਿੱਚ ਪਰਮੇਸ਼ੁਰ ਦਾ ਸਾਹਮਣਾ ਕਰਨ ਦੀ ਸੋਚ ਨੇ ਉਸ ਨੌਜਵਾਨ ਦੇ ਜੀਵਨ ਨੂੰ ਬਦਲ ਦਿੱਤਾ[59] – ਅਤੇ ਇਹ ਤੁਹਾਡਾ ਜੀਵਨ ਵੀ ਬਦਲ ਸਕਦੀ ਹੈ।

**ਨਿਆਂ ਬਾਰੇ ਪੰਜ ਤੱਥ (20:11-15)**

ਜਦ ਕਿ ਮੌਤ ਤੋਂ ਬਾਅਦ ਜੀਵਨ ਅਤੇ ਅੰਤ ਦੇ ਸਮੇਂ ਬਾਰੇ ਬਹੁਤ ਸਾਰੇ ਸਿਧਾਂਤ ਹਨ, 20:11-15 ਨਿਆਂ ਬਾਰੇ ਉਨ੍ਹਾਂ ਪੰਜ ਤੱਥਾਂ ਨੂੰ ਪਰਗਟ ਕਰਦੀਆਂ ਹਨ ਜਿਸ ਦੇ ਬਾਰੇ ਹਰੇਕ ਨੂੰ ਜਾਣਨ ਦੀ ਲੋੜ ਹੈ।

1. *ਨਿਆਉਂ ਦਾ ਇੱਕ ਦਿਨ ਹੋਵੇਗਾ* (ਆਇਤ 12)। ਰਸੂਲ ਯੂਹੰਨਾ ਨੇ ਆਪਣੇ ਇਨ੍ਹਾਂ ਸ਼ਬਦਾਂ ਕਿ "ਮੁਰਦਿਆਂ ਦਾ ਨਿਆਉਂ ਕੀਤਾ ਗਿਆ" ਨਾਲ ਨਿਸ਼ਚਤਤਾ ਪਰਗਟ ਕੀਤੀ ਹੈ। ਐਡਵਰਡ ਮੈਕਡੋਵੈਲ ਨੇ ਲਿਖਿਆ, "ਅਸੀਂ ਬਹੁਤ ਜ਼ਿਆਦਾ ਆਪਣੇ ਪਰਚਾਰ . . . ਇਤਹਾਸ ਵਿੱਚ ਪਰਮੇਸ਼ੁਰ ਦੇ ਹੱਥ ਦੇ ਭਾਵ, ਇੱਕ ਨਿਸ਼ਾਨੇ ਅਤੇ ਸੰਪੂਰਣਤਾ ਦੇ ਪ੍ਰਤੀ ਇਤਹਾਸ ਦੀ ਉਸ ਦੀ ਦਿਸ਼ਾ ਵਿੱਚ ਗੁਆਚ ਚੁੱਕੇ ਹਾਂ। ਸਾਨੂੰ ਮਜ਼ਬੂਤ ਨਿਸ਼ਚਤਤਾ ਦੀ ਲੋੜ ਹੈ ਕਿ ਇੱਕ ਸੰਪੂਰਣਤਾ ਹੈ ਜੋ ਪਰਮੇਸ਼ੁਰ ਲਿਆਉਣ ਵਾਲਾ ਹੈ।"[60] ਉਹ "ਸੰਪੂਰਣਤਾ" – ਨਿਆਉਂ ਦਾ ਦਿਨ ਹੈ। ਇਸ

ਧਰਤੀ ਤੇ ਜੋ ਜੀਵਨ ਹੈ ਉਹ ਮੌਸਮੀ ਘਟਨਾ ਵੱਲ ਤੇਜ਼ੀ ਨਾਲ ਆ ਰਿਹਾ ਹੈ। ਸੰਸਾਰ ਦਾ ਇਤਹਾਸ ਉਸ ਇੱਕ ਪਲ ਤੇ ਜਾ ਕੇ ਠਹਿਰ ਜਾਵੇਗਾ।[61]

2. *ਪਰਮੇਸ਼ੁਰ ਤੁਹਾਡਾ ਨਿਆਈ ਹੋਵੇਗਾ* (ਆਇਤ 11)। ਯੂਹੰਨਾ ਨੇ ਵਰਣਨ ਕੀਤਾ ਕਿ ਪਰਮੇਸ਼ੁਰ "ਚਿੱਟੇ ਸਿੰਘਾਸਣ" ਉੱਤੇ ਬਿਰਾਜਮਾਨ ਹੈ ਅਤੇ ਨਿਆਉਂ ਕਰਨ ਦੇ ਲਈ ਤਿਆਰ ਹੈ। ਇੱਕ ਵਾਰ ਇੱਕ ਵੇਸਵਾ ਦੇ ਪ੍ਰਾਰਥਨਾ ਜੀਵਨ ਬਾਰੇ ਇੰਟਰਵਿਊ ਲਈ ਗਈ। ਸਵਾਲਾਂ ਦਾ ਜਵਾਬ ਦਿੰਦੇ ਹੋਏ, ਉਸ ਨੇ ਕਿਹਾ, "[ਪਰਮੇਸ਼ੁਰ] ਮੇਰਾ ਨਿਆਉਂ ਨਹੀਂ ਕਰੇਗਾ। ਮੈਂ ਨਹੀਂ ਸੋਚਦੀ ਕਿ ਪਰਮੇਸ਼ੁਰ ਕਿਸੇ ਦਾ ਨਿਆਉਂ ਕਰਦਾ ਹੈ।"[62] ਇਸ ਵਿਸ਼ਵਾਸ ਨੇ ਉਸ ਨੂੰ ਚੰਗਾ ਮਹਿਸੂਸ ਕਰਵਾਇਆ – ਪਰ ਇਹ ਝੂਠ ਸੀ। ਨਿਆਉਂ ਵਿੱਚ, ਪ੍ਰਭੂ ਨਿਆਈ ਹੋਵੇਗਾ ਅਤੇ "ਉਹ ਦੇ ਨਿਆਉਂ ਤਾਂ ਸੱਚੇ ਅਤੇ ਜਥਾਰਥ ਹਨ" (19:2)।

3. *ਤੁਸੀਂ ਉੱਥੇ ਹੋਵੋਗੇ* (ਆਇਤਾਂ 12, 13)। ਯੂਹੰਨਾ ਦੇ ਦਰਸ਼ਣ ਵਿੱਚ, ਉਸ ਨੇ "ਮੁਰਦਿਆਂ ਨੂੰ ਕੀ ਵੱਡੇ ਕੀ ਛੋਟੇ" ਨਿਆਉਂ ਦੇ ਸਿੰਘਾਸਣ ਦੇ ਅੱਗੇ ਖਲੋਤਿਆਂ ਵੇਖਿਆ। ਦੂਜੇ ਸ਼ਬਦਾਂ ਵਿੱਚ, ਹਰ ਕੋਈ ਉੱਥੇ ਸੀ। ਪਤਰਸ ਨੇ ਟਿੱਪਣੀ ਕੀਤੀ ਸੀ ਕਿ ਨਿਆਉਂ "ਪਰਮੇਸ਼ੁਰ ਦੇ ਘਰੋਂ *ਸ਼ੁਰੂ* ਹੋਵੇਗਾ" (1 ਪਤਰਸ 4:17; ਜ਼ੋਰ ਦਿੱਤਾ ਗਿਆ ਹੈ)। ਮੱਤੀ 25 ਵਿੱਚ ਜਿਨ੍ਹਾਂ ਨੇ ਚੰਗੇ ਕੰਮ ਕੀਤੇ ਸਨ ਉਨ੍ਹਾਂ ਦਾ ਨਿਆਉਂ ਉਨ੍ਹਾਂ ਦੇ ਨਾਲ ਹੀ ਹੋਇਆ ਸੀ ਜਿਹੜੇ ਚੰਗੇ ਕੰਮ ਕਰਨ ਵਿੱਚ ਅਸਫ਼ਲ ਹੋਏ ਸਨ (ਮੱਤੀ 25:31-46)। ਸਗੋਂ ਪਰਕਾਸ਼ ਦੀ ਪੋਥੀ ਵੀ ਇਹ ਇਸ਼ਾਰਾ ਕਰਦੀ ਹੈ ਕਿ ਵਿਸ਼ਵਾਸੀਆਂ ਨੂੰ ਇਨਾਮ ਦੇਣ ਦਾ ਮੌਕਾ ਸਧਾਰਣ ਸਮੇਂ ਤੇ ਹੋਵੇਗਾ ਜਦੋਂ ਮੁਰਦਿਆਂ ਦਾ ਨਿਆਉਂ ਕੀਤਾ ਜਾਵੇਗਾ (ਪਰਕਾਸ਼ ਦੀ ਪੋਥੀ 11:18)। ਵਚਨ ਦੀ ਸਿੱਖਿਆ ਇਹ ਹੈ ਕਿ ਇੱਕ ਦਿਨ ਸਾਨੂੰ *ਸਭਨਾਂ* ਨੂੰ ਪਰਮੇਸ਼ੁਰ ਦਾ ਸਾਹਮਣਾ ਕਰਨਾ ਪਵੇਗਾ। ਨਿਆਉਂ ਦੇ ਦਿਨ ਦਾ ਉਦੇਸ਼, ਜਿੱਥੋਂ ਤੱਕ ਵਿਸ਼ਵਾਸੀਆਂ ਦੀ ਗੱਲ ਹੈ, ਧਰਮੀਆਂ ਨੂੰ ਸਹੀ ਜਾਂ ਨਿਰਦੋਸ਼ ਸਾਬਤ ਕਰਨਾ ਪ੍ਰਤੀਤ ਹੁੰਦਾ ਹੈ। ਕੁਝ ਅਜਿਹੇ ਲੋਕ ਹਨ ਜਿਨ੍ਹਾਂ ਤੇ ਨਜਾਇਜ਼ ਦੋਸ਼ ਲਗਾਇਆ ਗਿਆ ਸੀ ਅਤੇ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੇ ਲਈ "ਅਦਾਲਤ ਵਿੱਚ ਸਮਾਂ" *ਚਾਹੁੰਦੇ* ਸਨ।

ਕੀ ਤੁਸੀਂ ਨਿਆਉਂ ਬਾਰੇ ਸਭ ਕੁਝ ਜਾਣਦੇ ਹੋ? ਕੀ ਅਸੀਂ ਨਿਸ਼ਚਤ ਰੂਪ ਵਿੱਚ ਜਾਣਦੇ ਹਾਂ ਕਿ ਕੀ ਹੋਵੇਗਾ? ਕੀ ਅਸੀਂ ਨਿਆਉਂ ਸੰਬੰਧੀ ਹਰ ਮੁਸ਼ਕਲ ਨੂੰ ਹੱਲ ਕਰ ਸਕਦੇ ਹਾਂ? ਨਹੀਂ, ਨਹੀਂ, ਨਹੀਂ। ਜਦੋਂ ਅਸੀਂ ਇਸ ਜੀਵਨ ਤੋਂ ਪਰੇ ਦੀਆਂ ਗੱਲਾਂ ਤੇ ਚਰਚਾ ਕਰਦੇ ਹਾਂ, ਅਸੀਂ ਅਣਜੰਮੇ ਬੱਚਿਆਂ ਦੇ ਵਾਂਗ ਹਾਂ ਜਿਹੜੇ ਕੁੱਖ ਤੋਂ ਬਾਅਦ ਜੀਵਨ ਦੇ ਸੁਭਾਅ ਤੇ ਚਰਚਾ ਕਰਦੇ ਹਨ। ਫਿਰ ਵੀ, ਅਸੀਂ ਉਹ ਜਾਣਦੇ ਹਾਂ ਜੋ ਪਰਮੇਸ਼ੁਰ ਸਾਨੂੰ ਦੱਸਣਾ ਚਾਹੁੰਦਾ ਸੀ: ਇੱਕ ਨਿਆਉਂ ਦਾ ਦਿਨ ਹੋਵੇਗਾ, ਹਰ ਵਿਅਕਤੀ ਉੱਥੇ ਹੋਵੇਗਾ ਅਤੇ ਹਰ ਵਿਅਕਤੀ ਦਾ ਨਿਆਉਂ ਕੀਤਾ ਜਾਵੇਗਾ।

4. *ਤੁਹਾਡਾ ਨਿਆਉਂ ਤੁਹਾਡੀਆਂ ਕਰਨੀਆਂ ਦੇ ਅਨੁਸਾਰ ਕੀਤਾ ਜਾਵੇਗਾ* (ਆਇਤਾਂ 12, 13, 15)। ਇਹ ਤੱਥ ਕਿ ਸੁਰਗ ਵਿੱਚ ਹਰੇਕ ਦੇ ਜੀਵਨ ਦਾ "ਰਿਕਾਰਡ" ਹੈ ਦੋ ਗੱਲਾਂ ਕਹਿੰਦਾ ਹੈ: ਇਹ ਕਹਿੰਦਾ ਹੈ ਕਿ ਸਾਡੇ ਵਿੱਚੋਂ ਹਰ ਕੋਈ ਮਹੱਤਵਪੂਰਣ ਹੈ ਅਤੇ ਹਰ ਕੰਮ ਜੋ ਅਸੀਂ ਕਰਦੇ ਹਾਂ ਮਹੱਤਵਪੂਰਣ ਹੁੰਦਾ ਹੈ। ਇਹ ਇਹ ਵੀ ਕਹਿੰਦਾ ਹੈ ਕਿ, ਭਾਵੇਂ ਅਸੀਂ ਇਹ ਸਮਝੀਏ ਜਾਂ ਨਾ ਸਮਝੀਏ, ਹਰੇਕ ਵਿਚਾਰ, ਹਰੇਕ ਗੱਲ ਅਤੇ ਹਰੇਕ ਕੰਮ ਦੇ ਸਦੀਪਕ ਪਰਿਣਾਮ ਹੋ ਸਕਦੇ ਹਨ (ਵੇਖੋ ਮੱਤੀ 12:36)।

ਦੂਜਿਆਂ ਦੇ ਸਾਹਮਣੇ ਸਾਡੀ ਹਰ ਕਮਜ਼ੋਰੀ ਅਤੇ ਪਾਪ ਦੇ ਉਜਾਗਰ ਕੀਤੇ ਜਾਣ ਤੋਂ ਵੱਧ ਸ਼ਰਮਨਾਕ, ਅਪਮਾਨਜਨਕ, ਜਾਂ ਭਿਆਣਕ ਹੋਰ ਕੀ ਹੋ ਸਕਦਾ ਹੈ। ਇਸ ਲਈ, ਛੇਤੀ ਹੀ ਇਹ ਨੋਟ ਕਰਨਾ ਜ਼ਰੂਰੀ ਹੈ ਕਿ "ਉਨ੍ਹਾਂ ਪੋਥੀਆਂ ਵਿੱਚ ਜੋ ਲਿਖਿਆ ਹੈ ਉਹ ਉਸ ਦੁਆਰਾ ਨਿਰਧਾਰਤ

ਹੁੰਦਾ ਹੈ ਜੋ ਪਰਮੇਸ਼ੁਰ ਚੇਤੇ ਰੱਖਣ ਦਾ ਫ਼ੈਸਲਾ ਕਰਦਾ ਹੈ ਅਤੇ ਜੋ ਉਹ ਭੁੱਲਣ ਦਾ ਫ਼ੈਸਲਾ ਕਰਦਾ ਹੈ।"[63] ਪਰਮੇਸ਼ੁਰ ਦਾ ਧੰਨਵਾਦ ਹੋਵੇ, ਉਸ ਨੇ ਕੁਝ ਗੱਲਾਂ ਨੂੰ ਭੁੱਲਣ ਦਾ ਵਾਅਦਾ ਕੀਤਾ *ਹੈ* (ਯਿਰਮਿਯਾਹ 31:34; ਇਬਰਾਨੀਆਂ 8:12)! ਵਿਸ਼ੇਸ਼ ਕਰਕੇ, ਉਹ ਉਨ੍ਹਾਂ ਪਾਪਾਂ ਨੂੰ ਚੇਤੇ ਨਹੀਂ ਰੱਖਦਾ ਜਿਹੜੇ ਉਸ ਦੇ ਪੁੱਤਰ ਦੇ ਲਹੂ ਦੇ ਦੁਆਰਾ ਮਿਟਾ ਦਿੱਤੇ ਗਏ ਹਨ (ਰੋਮੀਆਂ 5:9; ਅਫ਼ਸੀਆਂ 1:7)। "ਚੇਤੇ ਰੱਖਣਾ" ਸਰਲ ਭਾਵ ਵਿੱਚ ਵਰਤਿਆ ਗਿਆ ਹੈ। ਪਰਮੇਸ਼ੁਰ ਸਾਡੇ ਪਾਪਾਂ ਨੂੰ ਇਸ ਭਾਵ ਵਿੱਚ "ਚੇਤੇ" ਨਹੀਂ ਰੱਖਦਾ ਕਿ ਉਹ ਬਾਅਦ ਵਿੱਚ ਸਾਨੂੰ ਉਨ੍ਹਾਂ ਦੇ ਵਿਰੁੱਧ ਜ਼ਿੰਮੇਵਾਰ ਠਹਿਰਾਵੇਗਾ; ਇੱਕ ਵਾਰ ਜਦੋਂ ਸਾਡੇ ਪਾਪ ਮਾਫ਼ ਕਰ ਦਿੱਤੇ ਜਾਂਦੇ ਹਨ, ਉਹ ਉਨ੍ਹਾਂ ਨੂੰ ਫੇਰ ਚੇਤੇ ਨਹੀਂ ਕਰਦਾ।

> ਮਾਰਟਿਨ ਲੂਥਰ ਨੇ ਆਪਣੇ ਇੱਕ ਸੁਫ਼ਨੇ ਬਾਰੇ ਦੱਸਿਆ ਹੈ ਜਿਸ ਵਿੱਚ ਸ਼ਤਾਨ ਉਸ ਦੇ ਕਮਰੇ ਵਿੱਚ ਆਇਆ ਅਤੇ ਉਸ ਨੇ ਮਾਰਟਿਨ ਲੂਥਰ ਦੀ ਅਲਮਾਰੀ ਵਿੱਚ ਬਹੁਤ ਸਾਰੀਆਂ ਪੁਸਤਕਾਂ ਪਈਆਂ ਵੇਖੀਆਂ ਅਤੇ ਉਸ ਨੂੰ ਪੜ੍ਹਨ ਦਾ ਹੁਕਮ ਦਿੱਤਾ। ਉਸ ਨੇ ਜਲਦ ਹੀ ਵੇਖ ਲਿਆ ਕਿ ਉਨ੍ਹਾਂ ਪੁਸਤਕਾਂ ਵਿੱਚ ਉਸ ਦੇ ਆਪਣੇ ਜੀਵਨ ਦਾ ਲੇਖਾ ਜੋਖਾ ਸੀ ਜੋ ਉਸ ਨੇ ਆਪਣੇ ਹੱਥ ਨਾਲ ਲਿਖੀਆਂ ਸਨ। ਸ਼ਤਾਨ ਨੇ ਪੁੱਛਿਆ, "ਕੀ ਇਹ ਸੱਚ ਹੈ? ਕੀ ਤੂੰ ਇਹ ਪੁਸਤਕਾਂ ਲਿਖੀਆਂ ਹਨ?" ਲੂਥਰ ਨੂੰ ਚੇਤੇ ਹੈ ਕਿ ਉਹ ਡਰਿਆ ਹੋਇਆ ਸੀ, ਦੁਖੀ ਸੀ ਅਤੇ ਉਸ ਦੇ ਮੂੰਹੋਂ ਕੋਈ ਗੱਲ ਨਹੀਂ ਸੀ ਨਿੱਕਲੀ, ਜਦੋਂ ਤੱਕ ਸ਼ਤਾਨ ਉਨ੍ਹਾਂ ਪੁਸਤਕਾਂ ਨੂੰ ਲੈ ਕੇ ਉੱਥੋਂ ਜਾਣ ਨਾ ਲੱਗਾ। ਲੂਥਰ ਨੇ ਫਿਰ ਚੀਕ ਕੇ ਕਿਹਾ, "ਇਹ ਸੱਚ ਹੈ, ਇਸ ਦਾ ਹਰੇਕ ਸ਼ਬਦ ਸੱਚਾ ਹੈ। ਮੇਰੇ ਆਪਣੇ ਹੱਥਾਂ ਨੇ ਇਸ ਨੂੰ ਲਿਖਿਆ ਹੈ, ਪਰ ਇਸ ਪੂਰੀ ਪੁਸਤਕ ਤੇ ਇਹ ਲਿਖ 'ਲਹੂ ਦਾ।'"[64]

ਜੇਕਰ ਮਸੀਹ ਦੇ ਲਹੂ ਨਾਲ ਧੋਤੇ ਜਾਣ ਨਾਲੋਂ ਮਸੀਹ ਵਿੱਚ ਬਪਤਿਸਮਾ ਲੈਣ ਦਾ ਹੋਰ ਕੋਈ ਕਾਰਣ ਨਹੀਂ ਸੀ (ਰਸੂਲਾਂ ਦੇ ਕਰਤੱਬ 22:16), ਉਹ ਕਾਫੀ ਹੋਣਾ ਚਾਹੀਦਾ ਹੈ। ਜੇਕਰ ਲਹੂ ਦੁਆਰਾ ਲਗਾਤਾਰ ਸ਼ੁੱਧ ਕੀਤੇ ਜਾਣ ਨਾਲੋਂ ਪਰਮੇਸ਼ੁਰ ਦੇ ਵਚਨ ਦੇ "ਚਾਨਣ ਵਿੱਚ ਚੱਲਣ" ਦੇ ਲਈ ਹੋਰ ਪ੍ਰੇਰਣਾ ਨਹੀਂ ਸੀ (1 ਯੂਹੰਨਾ 1:7), ਉਹ ਕਾਫੀ ਹੋਣਾ ਚਾਹੀਦਾ ਹੈ। ਕਿਹੜੀ ਚੀਜ਼ ਇੱਕ ਵਿਅਕਤੀ ਦੇ ਲਈ ਉਸ ਦੀ ਲੋੜ ਨੂੰ ਅਤੇ ਸ਼ੁੱਧ ਕੀਤੇ ਜਾਣ ਦੀ ਇੱਛਾ ਨੂੰ ਪਛਾਣਨ ਦਾ ਕਾਰਣ ਬਣ ਸਕਦੀ ਹੈ?

> 19ਵੀਂ ਸਦੀ ਦੇ ਅੰਤ ਵਿੱਚ, ਸਵੀਡਨ ਦਾ ਰਹਿਣ ਵਾਲਾ ਐਲਫਰੈਡ ਨੋਬਲ ਨਾਮ ਦਾ ਇੱਕ ਰਸਾਇਣ ਵਿਗਿਆਨੀ ਜਦੋਂ ਇੱਕ ਸਵੇਰੇ ਨੂੰ ਉੱਠਿਆ ਤਾਂ ਉਸ ਨੇ ਇੱਕ ਸਥਾਨਕ ਅਖ਼ਬਾਰ ਵਿੱਚ ਆਪਣੀ ਹੀ ਮੌਤ ਦੀ ਖ਼ਬਰ ਪੜ੍ਹੀ: "ਵਿਸਫੋਟਕ ਪਦਾਰਥਾਂ ਦੀ ਖੋਜ ਕਰਨ ਵਾਲਾ ਐਲਫਰੈਡ ਨੋਬਲ, ਜਿਸ ਦੀ ਕੱਲ੍ਹ ਮੌਤ ਹੋ ਗਈ ਸੀ, ਉਸ ਨੇ ਯੁੱਧ ਵਿੱਚ ਪਹਿਲਾਂ ਨਾਲੋਂ ਜ਼ਿਆਦਾ ਲੋਕਾਂ ਦੇ ਮਰਨ ਦੇ ਲਈ ਇੱਕ ਤਰੀਕਾ ਈਜਾਦ ਕੀਤਾ ਹੈ ਅਤੇ ਉਹ ਬਹੁਤ ਹੀ ਅਮੀਰ ਹੋ ਕੇ ਮਰਿਆ ਹੈ।"
>
> ਅਸਲ ਵਿੱਚ, ਜਿਸ ਦੀ ਮੌਤ ਹੋਈ ਸੀ ਉਹ ਐਲਫਰੈਡ ਦਾ ਵੱਡਾ ਭਰਾ ਸੀ; ਅਖ਼ਬਾਰ ਦੇ ਕਿਸੇ ਪੱਤਰਕਾਰ ਨੇ ਸਮਾਧੀ-ਲੇਖ ਵਿੱਚ ਘਪਲਾ ਕੀਤਾ ਸੀ।
>
> ਪਰ ਇਸ ਵਿਰਤਾਂਤ ਦਾ ਨੋਬਲ ਤੇ ਬਹੁਤ ਗਹਿਰਾ ਪ੍ਰਭਾਵ ਪਿਆ। ਉਸ ਨੇ ਲੋਕਾਂ ਨੂੰ ਮਾਰਨ ਦੇ ਵਸੀਲੇ ਵਿਕਸਤ ਕਰਨ ਦੀ ਬਜਾਇ ਕੁਝ ਹੋਰ ਕਰਕੇ ਪ੍ਰਸਿੱਧ ਬਣਨ ਦਾ ਫ਼ੈਸਲਾ ਕੀਤਾ। ਇਸ ਲਈ ਉਸ ਨੇ ਨੋਬਲ ਪਰਾਈਜ਼ ਦੀ ਸ਼ੁਰੂਆਤ ਕੀਤੀ ਜੋ ਕਿ ਉਨ੍ਹਾਂ ਵਿਗਿਆਨੀਆਂ ਅਤੇ ਲੇਖਕਾਂ ਨੂੰ ਦਿੱਤਾ ਜਾਂਦਾ ਹੈ ਜਿਹੜੇ ਸ਼ਾਂਤੀ ਨੂੰ ਬੜ੍ਹਾਵਾ ਦਿੰਦੇ ਹਨ।
>
> ਨੋਬਲ ਨੇ ਕਿਹਾ, "ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਦੇ ਅੱਧ ਵਿਚਾਲੇ ਆਪਣੇ ਸਮਾਧੀ ਲੇਖ ਨੂੰ ਸੁਧਾਰਣ ਅਤੇ ਇੱਕ ਨਵਾਂ ਸਮਾਧੀ ਲੇਖ ਲਿਖਣ ਦਾ ਮੌਕਾ ਮਿਲਣਾ ਚਾਹੀਦਾ ਹੈ।"[65]

ਅੱਜ ਤੁਹਾਡੇ ਕੋਲ ਇਹੋ ਜਿਹਾ ਮੌਕਾ ਹੈ। ਆਪਣੇ ਜੀਵਨ ਵੱਲ ਝਾਤੀ ਮਾਰੋ ਜੋ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਖਤਮ ਹੋ ਚੁੱਕਾ ਹੈ। ਕਲਪਨਾ ਕਰੋ ਕਿ ਜੇਕਰ ਹੁਣੇ ਤੁਹਾਡੀ ਮੌਤ ਹੋ ਜਾਂਦੀ ਹੈ ਤਾਂ ਨਿਆਉਂ ਵਿੱਚ ਤੁਹਾਡੇ ਬਾਰੇ ਲੋਕਾਂ ਵਿੱਚ ਕੀ ਉਜਾਗਰ ਕੀਤਾ ਜਾਵੇਗਾ। ਜੇਕਰ ਤੁਹਾਨੂੰ ਉਹ ਪਸੰਦ ਨਹੀਂ ਹੈ ਜੋ ਤੁਸੀਂ ਵੇਖਦੇ ਹੋ ਤਾਂ ਆਪਣੇ ਜੀਵਨ ਦਾ ਲੇਖਾ ਜੋਖਾ "ਦੁਬਾਰਾ ਲਿਖੋ" – ਇੱਕੋ ਵਾਰ ਪ੍ਰੇਮੀ ਅਤੇ ਕਿਰਪਾਲੂ ਪ੍ਰਭੂ ਦੀ ਵੱਲ ਭੱਜ ਕੇ ਜਾਣ ਦੇ ਦੁਆਰਾ।

> ਉਸ ਦਿਨ, ਬਹੁਤ ਸਾਰੇ ਲੋਕ ਇੱਕ ਛੋਟਾ ਜਿਹਾ ਬਦਲਾਅ ਕਰਨ ਦੇ ਲਈ ਵੀ ਆਪਣਾ ਸਭ ਕੁਝ ਦੇਣ ਨੂੰ ਤਿਆਰ ਹੋਣਗੇ – ਪਰ ਤਦ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਪਰ ਅੱਜ ਤੁਸੀਂ ਯਿਸੂ ਮਸੀਹ ਤੇ ਭਰੋਸਾ ਕਰ ਸਕਦੇ ਹੋ ਅਤੇ ਆਪਣੇ ਆਪ ਨੂੰ ਉਸ ਦੀ ਇੱਛਾ ਦੇ ਅਧੀਨ ਕਰ ਸਕਦੇ ਹੋ ਅਤੇ ਇਸ ਤਰ੍ਹਾਂ ਕਰਕੇ ਤੁਸੀਂ ਆਪਣੇ ਜੀਵਨ ਦਾ ਸਿਰਫ ਛੋਟਾ ਜਿਹਾ ਭਾਗ ਹੀ ਨਹੀਂ ਪਰ ਪੂਰਾ ਜੀਵਨ ਬਦਲ ਸਕਦੇ ਹੋ – ਯਿਸੂ ਮਸੀਹ ਦੇ ਲਹੂ ਦੁਆਰਾ ਧੋਤੇ ਅਤੇ ਸ਼ੁੱਧ ਕੀਤੇ ਗਏ![66]

5. *ਤੁਸੀਂ ਜਾਂ ਤਾਂ ਸੁਰਗ ਵਿੱਚ ਜਾਂ ਨਰਕ ਵਿੱਚ ਭੇਜੇ ਜਾਓਗੇ* (ਆਇਤਾਂ 14, 15)। ਉਹ ਜਿਨ੍ਹਾਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਨਹੀਂ ਲੱਭੇ "ਅੱਗ ਦੀ ਝੀਲ ਵਿੱਚ ਸੁੱਟ ਦਿੱਤੇ ਜਾਣਗੇ," ਜਦ ਕਿ ਵਿਸ਼ਵਾਸੀ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਰਹਿਣਗੇ (ਅਧਿਆਇ 21, 22)। ਇੱਕ ਉਪਦੇਸ਼ ਦੇ ਅੰਤ ਵਿੱਚ, ਇੱਕ ਵਿਅਕਤੀ ਨੇ ਇਹ ਕਹਿੰਦੇ ਹੋਏ ਜਵਾਬ ਦਿੱਤਾ ਕਿ ਉਹ ਪ੍ਰਭੂ ਦੇ ਕੋਲ ਵਾਪਸ ਜਾਣਾ ਚਾਹੁੰਦਾ ਹੈ। ਉਸ ਨੇ ਇੱਕ ਭਿਆਣਕ ਸੁਫ਼ਨੇ ਦੇ ਬਾਰੇ ਦੱਸਿਆ: ਇਹ ਨਿਆਉਂ ਦਾ ਦਿਨ ਸੀ ਅਤੇ ਪ੍ਰਭੂ ਜੀਵਨ ਦੀ ਪੋਥੀ ਵਿੱਚੋਂ ਨਾਵਾਂ ਨੂੰ ਪੜ੍ਹ ਰਿਹਾ ਸੀ। ਪਰਮੇਸ਼ੁਰ ਨੇ ਪਹਿਲਾਂ ਇੱਕ ਨੂੰ ਅਤੇ ਫਿਰ ਦੂਜੇ ਨੂੰ ਆਖਿਆ, "ਸ਼ਾਬਾਸ਼!" ਪ੍ਰਭੂ ਜੀਵਨ ਦੀ ਪੋਥੀ ਵਿੱਚੋਂ ਨਾਵਾਂ ਨੂੰ ਪੜ੍ਹਦਾ ਹੋਇਆ ਉਸ ਥਾਂ ਤੇ ਆ ਗਿਆ ਜਿੱਥੇ ਇਸ ਵਿਅਕਤੀ ਦਾ ਨਾਮ ਹੋਣਾ ਚਾਹੀਦਾ ਸੀ, ਪਰ ਇਸ ਵਿਅਕਤੀ ਨੇ ਆਪਣਾ ਨਾਮ ਨਾ ਸੁਣਿਆ। ਉਹ ਸਿੰਘਾਸਣ ਦੇ ਪਿਛਲੇ ਪਾਸੇ ਗਿਆ ਅਤੇ ਪ੍ਰਭੂ ਦੇ ਮੋਢੇ ਉੱਤੇ ਆਪਣਾ ਹੱਥ ਰੱਖਦੇ ਹੋਏ ਜੀਵਨ ਦੀ ਪੋਥੀ ਵੱਲ ਤੱਕਿਆ। ਉਹ ਇਹ ਵੇਖ ਕੇ ਬਹੁਤ ਹੀ ਜ਼ਿਆਦਾ ਡਰ ਗਿਆ ਕਿ ਉਸ ਦਾ ਨਾਮ ਜੀਵਨ ਦੀ ਪੋਥੀ ਵਿੱਚੋਂ ਮਿਟਾ ਦਿੱਤਾ ਗਿਆ ਸੀ। ਇਸ ਵਿਅਕਤੀ ਨੇ ਪਰਚਾਰਕ ਦੇ ਅੱਗੇ ਇਸ ਗੱਲ ਨੂੰ ਕਬੂਲ ਕੀਤਾ, "ਮੈਨੂੰ ਪਤਾ ਸੀ ਕਿ ਮਸੀਹੀ ਹੋਣ ਦੇ ਨਾਤੇ ਮੈਨੂੰ ਕੀ ਕਰਨਾ ਚਾਹੀਦਾ ਹੈ, ਪਰ ਮੈਂ ਉਹ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹੁਣ ਮੈਂ ਵਾਪਸ ਆਉਣਾ ਚਾਹੁੰਦਾ ਹੈ। ਮੈਂ ਚਾਹੁੰਦਾ ਹਾਂ ਕਿ ਮੇਰਾ ਨਾਮ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਫੇਰ ਲਿਖ ਦਿੱਤਾ ਜਾਵੇ!"

ਪਰਕਾਸ਼ ਦੀ ਪੋਥੀ 20 ਅਧਿਆਇ ਦੇ ਬਹੁਤ ਸਾਰੇ ਪਹਿਲੂਆਂ ਨੂੰ ਸਮਝਣਾ ਮੁਸ਼ਕਲ ਹੈ, ਪਰ ਜਿਹੜੀ ਗੱਲ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ ਉਸ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਜੇਮ ਲੌਕਹਾਰਟ ਨੇ ਇਹ ਸ਼ਾਨਦਾਰ ਸਲਾਹ ਦਿੱਤੀ ਸੀ: "ਸੰਦੇਹ ਦੇ ਸੰਵੇਦਨਾਤਮਕਵਾਦ ਵਿੱਚ ਫਸਣ ਦੀ ਬਜਾਇ, ਆਓ ਅਸੀਂ ਇਸ ਗੱਲ ਵਿੱਚ ਨਿਸ਼ਚਤ ਬਣੀਏ ਕਿ ਸਾਡੇ ਨਾਮ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ!"[67]

ਕੀ ਤੁਹਾਡਾ ਨਾਮ ਲੇਲੇ ਦੀ ਪੋਥੀ ਵਿੱਚ ਲਿਖਿਆ ਹੋਇਆ *ਹੈ*? ਕੀ ਤੁਸੀਂ ਤੋਬਾ ਅਤੇ ਬਪਤਿਸਮੇ ਰਾਹੀਂ ਯਿਸੂ ਵਿੱਚ ਆਪਣੀ ਨਿਹਚਾ ਨੂੰ ਪਰਗਟ ਕਰ ਚੁੱਕੇ ਹੋ (ਰਸੂਲਾਂ ਦੇ ਕਰਤੱਬ 2:37, 38; ਗਲਾਤੀਆਂ 3:26, 27)? ਕੀ ਤੁਸੀਂ ਪਰਮੇਸ਼ੁਰ ਦੇ ਪ੍ਰਤੀ ਵਫ਼ਾਦਾਰ ਰਹੇ ਹੋ (ਪਰਕਾਸ਼ ਦੀ ਪੋਥੀ 2:10; 3:5)? ਜੇਕਰ ਤੁਹਾਡਾ ਨਾਮ ਕਦੇ ਜੀਵਨ ਦੀ ਪੋਥੀ ਵਿੱਚ ਨਹੀਂ ਲਿਖਿਆ ਗਿਆ, ਜਾਂ ਇਹ ਨਾਮ ਜੀਵਨ ਦੀ ਪੋਥੀ ਵਿੱਚੋਂ ਮਿਟਾ ਦਿੱਤਾ ਗਿਆ ਹੈ, ਤਾਂ ਉਡੀਕ ਨਾ

ਕਰੋ; ਝਿੱਜਕੋ ਨਾ। ਅੱਜ ਹੀ ਆਪਣਾ ਨਾਮ ਜੀਵਨ ਦੀ ਪੋਥੀ ਵਿੱਚ ਲਿਖਵਾਓ।

**ਨਿਆਉਂ ਦਾ ਉਦੇਸ਼ (20:11-15)**

ਇੱਕ ਮੁਸ਼ਕਲ ਸਵਾਲ ਇਹ ਹੈ ਕਿ "ਜੇਕਰ ਵਿਅਕਤੀ ਮੌਤ ਤੋਂ ਜਾਣਦਾ ਹੈ ਕਿ ਉਸ ਦੀ ਅਵਸਥਾ ਕੀ ਹੈ ਅਤੇ ਉਸ ਦੀ ਮੰਜਿਲ ਕੀ ਹੋਵੇਗੀ ਤਾਂ ਨਿਆਉਂ ਕਿਉਂ?" (ਵੇਖੋ ਲੂਕਾ 16:19-31)। ਨਿਆਉਂ ਦੇ ਦਿਨ ਤੇ ਲਿਖੀ ਇੱਕ ਪੁਸਤਕ ਵਿੱਚ, ਇਹ ਜਵਾਬ ਸੁਝਾਇਆ ਗਿਆ ਸੀ: "ਨਿਰਦੋਸ਼ਪੁਣਾ ਜਾਂ ਅਪਰਾਧ ਦੀ ਗੱਲ ਉਨੀ ਜ਼ਿਆਦਾ ਮਾਇਨੇ ਨਹੀਂ ਰੱਖਦੀ ਜਿੰਨਾ ਕਿ ਨਿਆਉਂ ਵਿਖਾਉਣ ਅਤੇ ਸਜ਼ਾ ਦੇਣ ਦੀ ਗੱਲ ਮਾਇਨੇ ਰੱਖਦੀ ਹੈ।"[68] ਹੇਲੀ ਨੇ ਸੁਝਾਅ ਦਿੱਤਾ ਸੀ ਕਿ "ਇਹ ਮੌਕਾ ਮੁੱਖ ਤੌਰ ਤੇ ਧਰਮੀ ਲੋਕਾਂ ਨੂੰ ਇਨਾਮ ਦੇਣ ਅਤੇ ਦੁਸ਼ਟ ਲੋਕਾਂ ਨੂੰ ਸਜ਼ਾ ਦੇਣ ਦਾ ਹੈ।"[69]

---

## ਟਿੱਪਣੀਆਂ

[1]ਜੀ. ਬੀ. ਕੇਅਰਡ, *ਏ ਕਮੈਂਟਰੀ ਆਨ ਦ ਪਰਕਾਸ਼ ਆਫ਼ ਸੇਂਟ ਜੌਨ ਦ ਡਿਵਾਈਨ,* ਹਾਰਪਰਸ ਨਿਊ ਟੈਸਟਾਮੈਂਟ ਕਮੈਂਟਰੀਜ਼, ਸੰਪਾ. ਹੈਨਰੀ ਚੈਡਵਿਕ (ਲੰਡਨ: ਐਡਮ ਐਂਡ ਚਾਰਲਸ ਬਲੈਕ, 1966), 249. [2]ਜੌਨ ਰਿਸੇ ਦੁਆਰਾ 30 ਜੂਨ 1991 ਨੂੰ ਸਦਨ ਹਿਲਸ ਚਰਚ ਆਫ਼ ਕ੍ਰਾਈਸਟ, ਐਬੀਲੀਨ, ਟੈਕਸਸ ਵਿੱਚ "ਦ ਮੀਨਿੰਗ ਆਫ਼ ਦ ਮਿਲੇਨੀਅਮ," ਵਿਸ਼ੇ ਤੇ ਕੀਤਾ ਗਿਆ ਪਰਚਾਰ। [3]ਫਰੈਂਕ ਪੈਕ, *ਪਰਕਾਸ਼,* ਭਾਗ 2 (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1965), 45. [4]ਡੱਗਲਸ ਈਜ਼ੈਲ, *ਪਰਕਾਸ਼ ਆਨ ਪਰਕਾਸ਼: ਨਿਊ ਸਾਊਂਡਸ ਫਰਾਮ ਓਲਡ ਸਿੰਬਲਸ* (ਵਾਕੋ, ਟੈਕਸਸ: ਵਰਡ ਬੁਕਸ, 1977), 88-89. [5]ਡਬਲਿਯੂ. ਬੀ. ਵੈਸਟ, ਜੂਨੀਅਰ, *ਪਰਕਾਸ਼ ਥਰੂ ਫਸਟ-ਸੈਂਚੁਰੀ ਗਲਾਸਸ,* ਸੰਪਾ. ਬੋਬ ਪਰਿਚਾਰਡ (ਨੈਸ਼ਵਿਲੇ: ਗਾਸਪਲ ਐਡਵੋਕੇਟ ਕੰਪਨੀ, 1997), 133. [6]ਜਿਮ ਮੈਕਗਿਊਗਨ ਦੁਆਰਾ *ਦ ਬੁਕ ਆਫ਼ ਪਰਕਾਸ਼,* ਲੁਕਿੰਗ ਇੰਟੂ ਦ ਬਾਈਬਲ ਸੀਰੀਜ਼ (ਲੱਬੌਕ, ਟੈਕਸਸ: ਇੰਟਰਨੈਸ਼ਨਲ ਬਿਬਲੀਕਲ ਰਿਸੋਰਸਸ, 1976) ਵਿੱਚੋਂ ਸਫ਼ਾ 287 ਤੋਂ ਲਿਆ ਗਿਆ। [7]ਰੇਅ ਸੱਮਰਜ਼, *ਵਰਥੀ ਇਜ ਦ ਲੈਂਬ* (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1951), 202. [8]ਵੈਸਟ, 133. [9]ਰੌਬਰਟ ਐਚ. ਮਾਊਂਸ, *ਦ ਬੁਕ ਆਫ਼ ਪਰਕਾਸ਼,* ਦ ਨਿਊ ਟੈਸਟਾਮੈਂਟ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ, ਸੰਪਾ. ਐਫ. ਐਫ. ਬਰੂਸ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 352. [10]ਥੌਮਸ ਐਫ. ਟੋਰੈਂਸ, *ਦਿ ਅਪੋਕਲਿਪਸ ਟੁਡੇ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1959), 133.

[11]ਹੋਮਰ ਹੇਲੀ, *ਰੈਵੇਲੇਸ਼ਨ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1979), 391. [12]ਓਵੈਨ ਐਲ. ਕਰਾਊਚ, *ਇਕਸਪੋਜਿਟਰੀ ਪਰੀਚਿੰਗ ਐਂਡ ਟੀਚਿੰਗ: ਪਰਕਾਸ਼* (ਜੋਪਲਿਨ, ਮਿਸੋਰੀ: ਕਾਲਜ ਪ੍ਰੈਸ ਪਬਲਿਸ਼ਿੰਗ ਕੰਪਨੀ, 1985), 348. [13]ਇਸ ਵਿਸ਼ੇ ਤੇ ਸੰਖੇਪ ਸਰਵੇਖਣ ਵਿਲੀਅਮ ਬਾਰਕਲੇਅ ਦੀ ਪੁਸਤਕ *ਦ ਪਰਕਾਸ਼ ਆਫ਼ ਜੌਨ,* ਜਿਲਦ 2, ਸੋਧਿਆ ਸੰਸਕਰਣ, ਦ ਡੇਲੀ ਸਟੱਡੀ ਬਾਈਬਲ ਸੀਰੀਜ਼ (ਫਿਲਾਡੈਲਫੀਆ: ਵੈਸਟ-ਮਿੰਸਟਰ ਪ੍ਰੈਸ, 1976), ਵਿੱਚ ਸਫ਼ਾ 190-91 ਅਤੇ ਆਰ. ਸੀ. ਐਚ. ਲੈਂਸਕੀ ਦੀ ਪੁਸਤਕ *ਇੰਟਰਪਰਟੇਸ਼ਨ ਆਫ਼ ਸੇਂਟ ਜੌਨਸ ਪਰਕਾਸ਼* (ਮਿਨੇਪੋਲਿਸ, ਮਿਨੇਪੋਲਿਸ: ਔਗਸਬਰਗ ਪਬਲਿਸ਼ਿੰਗ ਹਾਊਸ, 1963), 570 ਵਿੱਚ ਸ਼ਾਮਲ ਕੀਤੇ ਗਏ ਹਨ। [14]ਕੇਅਰਡ, 251. [15]ਸੱਮਰਜ਼, 203. [16]ਵਿਲੀਅਮ ਹੈਂਡਰਿਕਸਨ, *ਮੋਰ ਦੈਨ ਕੋਨਕਰਰਸ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1954), 230-31. [17]ਜੇਮਸ ਐਮ. ਈਫਰਡ, *ਪਰਕਾਸ਼ ਫ਼ਾਰ ਟੁਡੇ* (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1989), 118. [18]ਇਸ ਬਾਰੇ ਹੋਰ ਚਰਚਾ ਮੈਕਗਿਊਗਨ ਦੀ ਪੁਸਤਕ ਵਿੱਚ ਸਫ਼ਾ 303 ਤੇ ਕੀਤੀ ਗਈ ਹੈ। [19]ਪੈਕ, 48. [20]ਬਰੂਸ ਐਮ. ਮੈਟਜ਼ਗਰ, *ਬਰੇਕਿੰਗ ਦ ਕੋਡ: ਅੰਡਰਸਟੈਂਡਿੰਗ ਦ ਬੁਕ ਆਫ਼ ਪਰਕਾਸ਼* (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1993), 95.

[21]ਡੈਨੀਏਲ ਰੱਸਲ, *ਪਰੀਚਿੰਗ ਦਿ ਅਪੋਕਲਿਪਸ* (ਨਿਊ ਯਾਰਕ: ਅਬਿੰਗਡਨ ਪ੍ਰੈਸ, 1935), 227. [22]ਬੱਰਟਨ ਕੌਫਮੈਨ, *ਕਮੈਂਟਰੀ ਆਨ ਪਰਕਾਸ਼* (ਔਸਟਿਨ, ਟੈਕਸਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1979), 469. [23]ਹੈਂਡਰਿਕਸਨ, 230. [24]ਬਾਰਕਲੇਅ, 192. [25]ਉਸੇ ਸਥਾਨ ਤੇ। ਬਾਰਕਲੇਅ ਨੇ ਇਸ ਵਿਚਾਰ ਦਾ ਖੁਲਾਸਾ ਹੈਨਰੀ ਬੀ. ਸਵੀਟ ਦੀ ਲਿਖੀ ਪੁਸਤਕ *ਦਿ ਅਪੋਕ-ਲਿਪਸ ਆਫ਼ ਸੇਂਟ ਜੌਨ,* ਤੀਜਾ ਸੰਸਕਰਣ (ਲੰਡਨ: ਮੈਕਮਿਲਨ ਕੰਪਨੀ, 1909; ਦੂਜੀ ਛਾਪ, ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1954) ਵਿੱਚੋਂ

ਸਫ਼ਾ 262 ਤੋਂ ਕੀਤਾ ਹੈ। [26]ਡੋਨਲਡ ਗੁਥਰੀ, *ਦ ਰੈਲੇਵੰਸ ਆਫ਼ ਜੌਨਸ ਅਪੋਕਲਿਪਸ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 102-3. [27]ਪੈਕ, 52. [28]ਬਾਰਕਲੇਅ, 194. [29]ਮੈਕਗਿਊਗਨ, 304. [30]ਕੇਅਰਡ, 256.

[31]ਹੇਲੀ, 398. [32]ਸਵੀਟ, 269. [33]ਕੌਫਮੈਨ, 478. [34]ਲੀਓਨ ਮੋਰਿਸ, *ਪਰਕਾਸ਼,* ਸੋਧਿਆ ਸੰਸਕਰਣ, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼, ਸੰਪਾ. ਲੀਓਨ ਮੋਰਿਸ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 233. [35]ਮਾਰਟਿਨ ਐਚ. ਫਰੈਂਜ਼ਮੈਨ, *ਦ ਪਰਕਾਸ਼ ਟੂ ਜੌਨ* (ਸੇਂਟ ਲੂਇਸ: ਕੋਨਕੋਰਡੀਆ ਪਬਲਿਸ਼ਿੰਗ ਹਾਊਸ, 1976), 134. [36]ਕਰਾਊਚ, 362. [37]*ਪੈਰਾਡਾਇਸ ਲੌਸਟ* 1.262. *ਪੈਰਾਡਾਇਸ ਲੌਸਟ* ਜੌਨ ਮਿਲਟਨ ਨਾਂ ਦੇ ਇੱਕ ਅੰਗ੍ਰੇਜ਼ੀ ਕਵੀ ਦੀ ਉੱਤਮ ਰਚਨਾ ਸੀ (1608-74)। [38]ਐਚ. ਐਲ. ਐਲੀਸਨ, *1 ਪੀਟਰ ਪਰਕਾਸ਼,* ਸਕਰਿਪਚਰ ਯੁਨੀਅਨ ਬਾਈਬਲ ਸਟੱਡੀ ਬੁਕਸ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1969), 84-85 (ਜ਼ੋਰ ਦਿੱਤਾ ਗਿਆ ਹੈ)। [39]"ਜੁੱਗੋ ਜੁੱਗ" ਵਾਕ ਅਤੇ ਨਰਕ ਦੇ ਸਦੀਪਕ ਸੁਭਾਅ ਦੀ ਮਹੱਤਤਾ ਤੇ ਚਰਚਾ ਦੇ ਲਈ ਹੇਲੀ ਦੀ ਪੁਸਤਕ ਦੇ ਸਫ਼ੇ 398-99 ਵੇਖੋ। [40]ਮੋਰਿਸ, 233.

[41]ਪੈਕ, 55. [42]ਕਲੈਰੈਂਸ ਈ. ਮੈਕਾਰਟਨੀ ਦੀ ਪੁਸਤਕ, *ਮੈਕਾਰਟਨੀਸ ਇਲੂਸਟਰੇਸ਼ਨਸ* (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1965) ਵਿੱਚ ਸਫ਼ੇ 198-99 ਤੇ ਹਵਾਲਾ ਦਿੱਤਾ ਗਿਆ ਹੈ। [43]ਕੇਅਰਡ, 259. [44]ਟੀ. ਐਫ. ਘਲਾਸੋਨ, *ਦ ਪਰਕਾਸ਼ ਆਫ਼ ਜੌਨ,* ਦ ਕੈਮਬਰਿਜ ਬਾਈਬਲ ਕਮੈਂਟਰੀ ਆਨ ਦ ਨਿਊ ਇੰਗਲਿਸ਼ ਬਾਈਬਲ, ਸੰਪਾ. ਪੀ. ਆਰ. ਐਕਰੌਅਡ, ਏ. ਆਰ. ਸੀ. ਲੀਨੀ ਅਤੇ ਜੇ. ਡਬਲਿਯੂ. ਪੈਕਰ (ਕੈਮਬਰਿਜ: ਕੈਮਬਰਿਜ ਯੂਨੀਵਰਸਿਟੀ ਪ੍ਰੈਸ, 1965), 113, n. [45]ਵੈਸਟ, 145. [46]ਕਈ ਨਿਆਵਾਂ ਨੂੰ "ਸਾਬਤ ਕਰਨ" ਦੇ ਲਈ ਵਰਤੇ ਗਏ ਹਵਾਲਿਆਂ ਤੇ ਚਰਚਾ ਦੇ ਲਈ, ਪੈਕ ਦੀ ਪੁਸਤਕ ਦੇ ਸਫ਼ੇ 56-57 ਵੇਖੋ। [47]ਹੇਲੀ, 400. [48]ਮੈਟਜ਼ਗਰ, 95. [49]ਉਸੇ ਸਥਾਨ ਤੇ। [50]ਬਾਰਕਲੇਅ, 95.

[51]ਮਾਊਂਸ, 366. [52]ਐਲਬਰਟੁਸ ਪੀਟਰਜ਼, *ਸਟੱਡੀਜ਼ ਇਨ ਦ ਪਰਕਾਸ਼ ਆਫ਼ ਸੇਂਟ ਜੌਨ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1954), 313. [53]ਮੋਰਿਸ, 235. [54]ਇਹ ਆਖ਼ਰੀ ਦੋ ਵਾਕ ਸਵੀਟ ਦੀ ਪੁਸਤਕ ਵਿੱਚੋਂ ਸਫ਼ਾ 273 ਤੋਂ ਲਏ ਗਏ ਸਨ। [55]ਕੌਫਮੈਨ, 478. [56]ਕਰੇਗ ਬਰਾਇਨ ਦੀ ਪੁਸਤਕ *ਇਲੱਸਟਰੇਸੰਜ਼ ਫ਼ਾਰ ਪਰੀਚਿੰਗ ਐਂਡ ਟੀਚਿੰਗ ਫ਼ਰਾਮ ਲੀਡਰਸ਼ਿਪ ਜਰਨਲ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1993) ਵਿੱਚੋਂ ਸਫ਼ਾ 215 ਤੋਂ ਲਿਆ ਗਿਆ। [57]ਐਲਡਰਡੈਡ ਦੀ ਪੁਸਤਕ *ਹੈਵਨਟ ਯੂ ਹਰਡ? ਦੇਅਰ ਇਜ ਏ ਵਾਰ ਗੋਇੰਗ ਓਨ!: ਅਨਲੌਕਿੰਗ ਦ ਕੋਡ ਟੂ ਪਰਕਾਸ਼* (ਫੋਰਟ ਵਰਥ, ਟੈਕਸਸ: ਸਵੀਟ ਪਬਲਿਸ਼ਿੰਗ, 1995) ਵਿੱਚੋਂ ਸਫ਼ਾ 44 ਤੋਂ ਲਿਆ ਗਿਆ। [58]ਜੇਅ ਲੌਕਹਾਰਟ, "ਦ ਫਾਈਨਲ ਜੱਜਮੈਂਟ," *ਟਰੁੱਥ ਫ਼ਾਰ ਟੁਡੇ* 9 (ਜਨਵਰੀ 1989): 23-25. [59]ਇਹ ਕਹਾਣੀ ਵਾਲਟਰ ਬੀ. ਨਾਈਟ ਦੀ ਪੁਸਤਕ *ਨਾਈਟਸ ਮਾਸਟਰ ਬੁਕ ਆਫ਼ 4,000 ਇਲੱਸਟਰੇਸੰਜ਼* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1956) ਵਿੱਚੋਂ ਸਫ਼ਾ 351 ਤੋਂ ਲਈ ਗਈ ਹੈ। [60]ਐਡਵਰਡ ਏ. ਮੈਕਡਾਵੈਲ, *ਦ ਮੀਨਿੰਗ ਐਂਡ ਮੈਸੇਜ ਆਫ਼ ਦ ਬੁਕ ਆਫ਼ ਪਰਕਾਸ਼* (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1951), 201.

[61]ਇਹ ਵਾਕ ਟੌਮੀ ਸਾਊਥ ਦੀ ਪੁਸਤਕ "ਦ ਗਰੇਟ ਵਾਈਟ ਥਰੋਨ," *ਟਰੁੱਥ ਫ਼ਾਰ ਟੁਡੇ* 9 (ਜਨਵਰੀ 1989) ਵਿੱਚੋਂ ਸਫ਼ਾ 20 ਤੋਂ ਲਿਆ ਗਿਆ ਸੀ। [62]ਲਾਰਸਨ, 123. [63]ਕੇਅਰਡ, 259. [64]ਹਾਰੋਲਡ ਹੇਜ਼ਲਿਪ, *ਦ ਲਾਰਡ ਰੇਅਨਸ: ਏ ਸਰਵੇ ਆਫ਼ ਦ ਬੁਕ ਆਫ਼ ਪਰਕਾਸ਼* (ਐਬੀਲੀਨ, ਟੈਕਸਸ: ਹਰਾਲਡ ਆਫ਼ ਟਰੁੱਥ, ਮਿਤੀ ਉਪਲਬਧ ਨਹੀਂ ਹੈ), 22. [65]ਲਾਰਸਨ, 123. [66]ਡੇਵਿਡ ਰੋਪਰ, "ਵੈਨ ਦ ਬੁਕਸ ਵਰ ਓਪਨਡ," ਟਰੈਕਟ (ਪਾਸਾਡੀਨਾ, ਟੈਕਸਸ: ਹਾਉਨ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 15. [67]ਜੇਅ ਲੌਕਹਾਰਟ, "ਦ ਮਿਲੇਨੀਅਲ, 2," *ਟਰੁੱਥ ਫ਼ਾਰ ਟੁਡੇ* 9 (ਜਨਵਰੀ 1989): 18. [68]ਰੋਪਰ, 9. [69]ਹੇਲੀ, 399.